Monthly

ਮਾਨਵੀ ਪਰਚਮ ਨੂੰ ਸਿਦਕ ਦਿਲੀ ਨਾਲ ਬੁਲੰਦ ਰੱਖਣ ਦਾ ਹਸਤਾਖਰ

Bilingual

# ਦਾ ਪੰਜਾਬ ਹੈਰਲਡ

The Punjab Herald

FOR ALL TYPES OF ADVERTISE-MENTS IN THE PUNJAB HERALD PLEASE CALL 0437641033

Chief Editor & Publisher - Dr.Avtar S.Sangha B.A.Hons., M.A., Ph.D.(English)-India | Graduate Dip. In Edu. - English & History (NSW) Certificate IV Course in Trg. & Assess. (TAFE)-Australia

Free Copy

Edition - (140) Feb. 2026, Sydney, Phone - 0437641033 , Email - thepunjabherald1@gmail.com

www.thepunjabherald.com



ਜਨਵਰੀ ਮਹੀਨੇ ਦਾ ਸਾਹਿਤਕ ਦਰਬਾਰ ਸ. ਕੁਲਦੀਪ ਸਿੰਘ ਜੌਹਲ ਦੇ ਘਰ ਪੈਨਰਿਥ ਨੇੜੇ Cranebrook ਵਿਖੇ ਆਯੋਜਿਤ ਕੀਤਾ ਗਿਆ ਸੀ। ਅਖਬਾਰ ਜੌਹਲ ਸਾਹਿਬ ਦੀ ਮੇਜ਼ਬਾਨੀ ਲਈ ਉਨ੍ਹਾਂ ਦਾ ਧੰਨਵਾਦ ਕਰਦੀ ਹੈ।

ਰਿਪੋਰਟ ਸਫਾ ਨੰ: 4

(ਸੰਪਾਦਕ)

SINGH TRUCK DRIVING SCHOOL



Get your truck licence for MR,HR, HC or MC classes.

One day courses Available

Friendly trainer speaks Punjabi, Hindi and English.

Established 2012



CALL JATINDER SINGH : 0433572723

ਦਾ ਪੰਜਾਬ ਹੈਰਲਡ

ਵਿਚ ਕਿਸੇ ਵੀ ਤਰ੍ਹਾਂ ਦੀਆਂ ਖਬਰਾਂ, ਸਾਹਿਤਕ ਕ੍ਰਿਤਾਂ, ਜਾਇਦਾਦ ਸੰਬੰਧੀ ਸੂਚਨਾਵਾਂ ਤੇ ਵਿਆਹ ਸ਼ਾਦੀਆਂ ਸੰਬੰਧੀ ਇਸ਼ਤਿਹਾਰ ਛਪਵਾਉਣ ਲਈ ਤੁਸੀਂ ਸਾਡੇ ਨਾਲ ਹੇਠ ਲਿਖੇ ਨੰਬਰ ਅਤੇ ਈ-ਮੇਲ ਤੇ ਸੰਪਰਕ ਕਰ ਸਕਦੇ ਹੋ। ਚੰਗਾ ਹੋਵੇਗਾ ਜੇ ਇਹ ਸਭ ਪ੍ਰਕਾਰ ਦੀ ਸਮਗਰੀ ਹਰ ਮਹੀਨੇ 20 ਤਰੀਖ ਤੋਂ ਪਹਿਲਾਂ ਪਹਿਲਾਂ ਸਾਡੇ ਪਾਸ ਪਹੁੰਚ ਜਾਵੇ। ਸੰਪਰਕ 0437641033

ਜੇਕਰ ਕਿਸੇ ਨੇ ਇਸ਼ਤਿਹਾਰ ਛਪਵਾਉਣਾ ਬੰਦ ਕਰਾਉਣਾ ਹੋਵੇ ਤਾਂ ਉਹ ਮਹੀਨੇ ਦੀ 20 ਤਾਰੀਖ ਤੋਂ ਪਹਿਲਾਂ ਪਹਿਲਾਂ ਸਾਨੂੰ ਸੂਚਿਤ ਕਰੇ।

If somebody wishes to discontinue the advertisement, then please intimate us by calling 0437641033 before 20th every month.

thepunjabherald1@gmail.com

ਮਾਨਵੀ ਪਰਚਮ ਨੂੰ ਸਿਦਕ ਦਿਲੀ ਨਾਲ ਬੁਲੰਦ ਰੱਖਣ ਦਾ ਹਸਤਾਖਰ
Bilingual
ਦਾ ਪੰਜਾਬ ਹੈਰਲਡ
The Punjab Herald

THE PUNJAB HERALD
IS LIVE NOW

For all types of advertisements in
'The Punjab Herald'
please contact with us.

Scan this code
connect with us

+61 437 641 033
thepunjabherald1@gmail.com
www.thepunjabherald.com/




**ਮੱਧ ਪ੍ਰਦੇਸ਼ ਦੇ ਸਿਕਲੀਗਰ ਸਿੱਖਾਂ ਬਾਰੇ ਡਾ: ਅਵਤਾਰ ਐਸ ਸੰਘਾ ਦੇ ਵਿਚਾਰ ਪੇਸ਼ ਕੀਤੇ ਗਏ।**

**ਅਵਤਾਰ ਐਸ. ਸੰਘਾ ਦਾ ਕਠਬੋਲੀ ਬਾਰੇ ਉਹ ਹਿੱਸਾ ਪੇਸ਼ ਕੀਤਾ ਗਿਆ ਸੀ ਜਿਹੜਾ ਉਨ੍ਹਾਂ ਸਾਹਿਤਿਕ ਦਰਬਾਰ ਵਿੱਚ ਬੋਲਿਆ ਸੀ। 8 ਮਾਰਚ ਨੂੰ ਉਰਦੂ ਸ਼ਾਇਰ ਤੇ ਫਿਲਮੀ ਗੀਤ ਲੇਖਕ ਸਾਹਿਰ ਲੁਧਿਆਣਵੀ ਦੀ ਜਨਮ ਵਰ੍ਹੇਗੰਢ ਆ ਰਹੀ ਏ। ਇਸ ਬਾਰੇ ਡਾ: ਅਵਤਾਰ ਐਸ. ਸੰਘਾ ਤੇ ਡਾ: ਦਵਿੰਦਰ ਸਿੰਘ ਜੀਤਲਾ ਦਾ ਪ੍ਰੋਗਰਾਮ ਯੂ-ਟਿਊਬ ਤੇ ਚਲ ਰਿਹਾ ਏ।**

# ਔਰਤਾਂ ਦਾ ਮਿਹਨਤਾਨਾ ਘੱਟ ਕਿਉਂ ?

ਬਰਾਬਰ ਕੰਮ ਬਦਲੇ ਬਰਾਬਰ ਤਨਖਾਹ ਹਰ ਕਰਮਚਾਰੀ/ਕਿਰਤੀ ਦਾ ਕਾਨੂੰਨੀ ਤੇ ਮਨੁੱਖੀ ਅਧਿਕਾਰ ਹੈ। ਨਿੱਜੀ ਅਦਾਰਿਆਂ, ਅਸੰਗਠਿਤ ਖੇਤਰ ਜਾਂ ਗੈਰ-ਸਰਕਾਰੀ ਖੇਤਰ ਵਿੱਚ ਰੰਗ, ਨਸਲ ਜਾਂ ਕਿਸੇ ਵੀ ਹੋਰ ਪੱਖ ਨੂੰ ਲੈ ਕੇ ਆਨੇ-ਬਹਾਨੇ ਮਿਹਨਤਾਨੇ ਸਬੰਧੀ ਪੱਖਪਾਤ ਕੀਤਾ ਜਾਂਦਾ ਹੈ। ਜਦੋਂ ਕਿਸੇ ਕਰਮਚਾਰੀ ਜਾਂ ਕਿਰਤੀ ਨਾਲ ਵਿਤਕਰਾ ਉਸ ਦੇ ਮਰਦ ਜਾਂ ਔਰਤ ਹੋਣ ਕਾਰਨ ਹੋਵੇ ਤਾਂ ਇਸ ਨੂੰ ਮਿਹਨਤਾਨੇ ਵਿੱਚ ਲਿੰਗ ਆਧਾਰਿਤ ਵਿਤਕਰਾ ਕਹਾਂਗੇ। ਅਮਰੀਕਾ, ਕੈਨੇਡਾ ਅਤੇ ਸਾਰੇ ਹੋਰ ਵਿਕਸਿਤ ਦੇਸਾਂ ਵਿੱਚ ਇਹ ਵਿਤਕਰਾ ਆਮ ਵਰਤਾਰਾ ਹੈ। ਔਰਤਾਂ ਦੀ ਸਾਖਰਤਾ ਦਰ ਵਧਣ ਕਾਰਨ ਰੁਜਗਾਰ ਵਿੱਚ ਉਨ੍ਹਾਂ ਦੀ ਸਮੂਲੀਅਤ ਵਧ ਰਹੀ ਹੈ। ਅਜੋਕੇ ਸਮੇਂ ਵਿੱਚ ਔਰਤਾਂ ਉਨ੍ਹਾਂ ਕਿੱਤਿਆਂ ਤੇ ਖਿੱਤਿਆਂ ਵਿੱਚ ਵੀ ਰੁਜਗਾਰਯਾਫਤਾ ਹਨ, ਜਿਹੜੇ ਕਿਸੇ ਸਮੇਂ ਸਿਰਫ ਮਰਦਾਂ ਲਈ ਹੀ ਰਾਖਵੇਂ ਸਨ। ਪਰ ਔਰਤਾਂ ਨੂੰ ਹੋਣ ਵਾਲੀ ਕੁੱਲ ਕਮਾਈ ਮਰਦਾਂ ਨਾਲੋਂ ਹਰ ਪੱਖੋਂ ਘੱਟ ਹੁੰਦੀ ਹੈ। ਕੌਮਾਂਤਰੀ ਮਜਦੂਰ ਸੰਗਠਨ (ਆਈ ਐੱਲ ਓ) ਮੁਤਾਬਿਕ 2022 ਵਿੱਚ ਵਿਸਵ ਪੱਧਰ 'ਤੇ 90.6 ਫੀਸਦੀ ਮਰਦ ਅਤੇ 61.4 ਫੀਸਦੀ ਔਰਤਾਂ ਕੰਮਕਾਜੀ ਸਨ। ਮਰਦਾਂ ਨੂੰ ਦਿੱਤੇ ਜਾਂਦੇ ਪ੍ਰਤੀ ਡਾਲਰ ਮਿਹਨਤਾਨੇ ਦੇ ਮੁਕਾਬਲੇ ਔਰਤਾਂ ਨੂੰ 78-79 ਸੈਂਟ ਤੋਂ ਲੈ ਕੇ 81-82 ਸੈਂਟ ਤੱਕ ਦਿੱਤੇ ਜਾਂਦੇ ਸਨ। ਪਿਛਲੇ ਦੋ ਦਹਾਕਿਆਂ ਦੌਰਾਨ ਅਤੇ ਖਾਸਕਰ ਕੋਵਿਡ-19 ਮਹਾਮਾਰੀ ਮਗਰੋਂ ਮਿਹਨਤਾਨੇ ਵਿੱਚ ਪਾੜਾ ਹੋਰ ਵੀ ਵਧਿਆ ਹੈ। ਕੀ ਕਾਰਨ ਹਨ ਕਿ ਹੁਨਰਮੰਦ ਅਤੇ ਸਿੱਖਿਅਤ ਹੋਣ ਦੇ ਬਾਵਜੂਦ ਨਿੱਜੀ ਕੰਪਨੀਆਂ ਜਾਂ ਗੈਰ-ਸਰਕਾਰੀ ਖੇਤਰਾਂ ਵਿੱਚ ਉੱਚੇ ਅਹੁਦਿਆਂ ਅਤੇ ਲੀਡਰਸਿਪ ਰੋਲ ਵਿੱਚ ਔਰਤਾਂ ਦੀ ਨੁਮਾਇੰਦਗੀ ਮਰਦਾਂ ਦੇ ਮੁਕਾਬਲੇ ਬਹੁਤ ਘੱਟ ਹੈ? ਮਰਦਾਂ ਦੇ ਮੁਕਾਬਲੇ ਔਰਤਾਂ ਦਾ ਮਿਹਨਤਾਨਾ ਘੱਟ ਕਿਉਂ ਹੈ? ਕੀ ਇਹ ਰੁਝਾਨ ਸਾਡੇ ਮਰਦ ਪ੍ਰਧਾਨ ਸਮਾਜ ਦੀ ਮਾਨਸਿਕਤਾ ਕਾਰਨ ਹੈ ਜਾਂ ਸਮਾਜਿਕ ਰੂੜ੍ਹੀਵਾਦੀ ਵਰਤਾਰਾ, ਜਿਸ ਤਹਿਤ ਔਰਤ ਕੋਲੋਂ ਖਾਸ ਤਰ੍ਹਾਂ ਦੀਆਂ ਸਮਾਜਿਕ ਅਤੇ ਪਰਿਵਾਰਕ ਜਿੰਮੇਵਾਰੀਆਂ ਦੀ ਆਸ ਕੀਤੀ ਜਾਂਦੀ ਹੈ?

ਇੰਡੀਅਨ ਇੰਸਟੀਚਿਊਟ ਆਫ ਮੈਨੇਜਮੈਂਟ (ਆਈ ਆਈ ਐੱਮ) ਅਹਿਮਦਾਬਾਦ ਨੇ 2022 ਵਿੱਚ 200 ਕੰਪਨੀਆਂ ਵਿੱਚ ਔਰਤਾਂ ਦੇ ਸਰਬਉੱਚ ਅਹੁਦਿਆਂ 'ਤੇ ਪਹੁੰਚਣ ਵਿੱਚ ਆਉਂਦੀਆਂ ਰੁਕਾਵਟਾਂ ਬਾਰੇ ਅਧਿਐਨ ਕਰਨ ਉਪਰੰਤ ਦੱਸਿਆ ਕਿ ਇਨ੍ਹਾਂ 200 ਕੰਪਨੀਆਂ ਵਿੱਚ ਸਿਰਫ 76 ਔਰਤਾਂ ਉੱਚ ਅਹੁਦਿਆਂ 'ਤੇ ਸਨ। ਉਨ੍ਹਾਂ ਵਿੱਚੋਂ 21 ਕੰਪਨੀਆਂ ਵਿੱਚ ਸਿਰਫ ਇੱਕ ਔਰਤ ਇਸ ਸੀਟ ਉੱਪਰ ਸੀ। ਸਿਰਫ 7 ਫੀਸਦੀ ਔਰਤਾਂ ਸੀਨੀਅਰ ਮੈਨੇਜਮੈਂਟ ਵਿੱਚ ਸਨ। ਅਦਿੱਖ ਰੋਕਾਂ ਤੋੜਨ ਦੇ ਬਾਵਜੂਦ ਉਹ ਬਰਾਬਰ ਕੰਮ ਬਦਲੇ ਬਰਾਬਰ ਤਨਖਾਹ ਹਾਸਲ ਨਹੀਂ ਕਰ ਸਕੀਆਂ। ਪਿਰਿਆਡਿਕ ਲੇਬਰ ਫੋਰਸ ਸਰਵੇ 2022-23 ਅਨੁਸਾਰ ਭਾਰਤ ਵਿੱਚ ਮਰਦਾਂ ਨੂੰ ਮਿਲਦੇ 100 ਰੁਪਏ ਦੇ ਮੁਕਾਬਲੇ ਔਰਤਾਂ ਨੂੰ 61 ਰੁਪਏ ਦੀ ਅਦਾਇਗੀ ਹੁੰਦੀ ਹੈ। ਅਮਰੀਕਾ ਦੀ ਵਿੱਤੀ ਮਾਹਿਰ ਅਲੈਕਸ ਗੈਲੀ ਨੇ ਬੈਂਕਰੇਟ ਅਨੈਲੇਸਿਸ ਲਈ 2022-24 ਵਿੱਚ ਕੀਤੇ ਅਧਿਐਨ ਵਿੱਚ ਖੁਲਾਸਾ ਕੀਤਾ ਹੈ ਕਿ ਇੱਥੇ ਮਰਦਾਂ



ਨੂੰ ਮਿਲਣ ਵਾਲੇ ਹਰ ਡਾਲਰ ਪਿੱਛੇ ਔਰਤਾਂ ਨੂੰ 81 ਸੈਂਟ ਮਿਲਦੇ ਹਨ। ਸਿਆਹਫਾਮ ਜਾਂ ਹੋਰ ਗੂੜ੍ਹੇ ਰੰਗਾਂ ਦੀਆਂ ਔਰਤਾਂ ਨੂੰ 67 ਸੈਂਟ ਅਤੇ ਹਿਸਪੈਨਿਕ () ਔਰਤਾਂ ਨੂੰ ਸਿਰਫ 58 ਸੈਂਟ ਮਿਲਦੇ ਹਨ। ਕੈਨੇਡਾ ਦੇ ਲੇਬਰ ਫੋਰਸ ਸਰਵੇ 2021-22 ਅਨੁਸਾਰ ਰੁਜਗਾਰ ਵਿੱਚ ਔਰਤਾਂ ਦੀ ਸਮੂਲੀਅਤ ਵਿੱਚ 2011 ਤੋਂ 2021 ਤੱਕ ਵਾਧਾ ਦਰਜ ਕੀਤਾ ਗਿਆ ਹੈ ਪਰ ਇੱਥੇ ਵੀ ਪ੍ਰਤੀ ਘੰਟਾ ਔਰਤ ਦੀ ਕਮਾਈ 30.57 ਡਾਲਰ ਹੈ ਜਦੋਂਕਿ ਮਰਦ 35 ਤੋਂ 36 ਡਾਲਰ ਕਮਾਉਂਦਾ ਹੈ।

ਕੌਮਾਂਤਰੀ ਪੱਧਰ 'ਤੇ ਤਨਖਾਹ ਅਤੇ ਮਜਦੂਰੀ ਵਿੱਚ ਅਦਾਇਗੀਆਂ ਵਿੱਚ ਲਿੰਗ ਆਧਾਰਿਤ ਵਖਰੇਵੇਂ ਦਾ ਮੁੱਖ ਕਾਰਨ ਔਰਤਾਂ ਦੁਆਰਾ ਜਿਆਦਾਤਰ ਚੁਣੇ ਜਾਂਦੇ ਖਾਸ ਪ੍ਰਕਾਰ ਦੇ ਖੇਤਰ ਹਨ, ਜਿੱਥੇ ਦੂਜੇ ਖੇਤਰਾਂ ਮੁਕਾਬਲੇ ਤਨਖਾਹਾਂ ਭਾਵੇਂ ਘੱਟ ਹੋਣ ਪਰ ਉਹ ਕਿੱਤੇ ਉਨ੍ਹਾਂ ਦੀ ਪਰਿਵਾਰਕ ਜਿੰਦਗੀ ਵਿੱਚ ਰੁਕਾਵਟ ਨਾ ਬਣਦੇ ਹੋਣ, ਜਿਵੇਂ ਅਧਿਆਪਨ ਕਾਰਜ, ਨਰਸਿੰਗ, ਦੇਖਭਾਲ ਦੀਆਂ ਸੇਵਾਵਾਂ ਆਦਿ। ਪਿਛਲੇ ਕੁਝ ਸਮੇਂ ਤੋਂ ਭਾਰਤ ਵਿੱਚ ਖੇਤੀਬਾੜੀ ਖੇਤਰ, ਘਰੇਲੂ-ਛੋਟੇ-ਦਰਮਿਆਨੇ ਤੇ ਮੁੱਢਲੇ ਉਦਯੋਗ ਅਤੇ ਨਿਰਮਾਣ ਦੇ ਖੇਤਰ ਵਿੱਚ ਔਰਤਾਂ ਦੀ ਗਿਣਤੀ ਮਰਦਾਂ ਨਾਲੋਂ ਵਧ ਰਹੀ ਹੈ। ਕੈਨੇਡਾ ਵਿੱਚ ਵੱਡੇ ਉਦਯੋਗ, ਭਵਨ ਨਿਰਮਾਣ ਤੇ ਮਾਹਿਰ ਡਾਕਟਰਾਂ ਵਿੱਚ 14 ਫੀਸਦੀ ਮਰਦ ਅਤੇ ਸਿਰਫ 3 ਫੀਸਦੀ ਔਰਤਾਂ ਹਨ, ਜਿੱਥੇ ਪ੍ਰਤੀ ਘੰਟਾ ਉਜਰਤ 35 ਤੋਂ 45 ਡਾਲਰ ਤੱਕ ਹੈ। ਦੂਜੇ ਪਾਸੇ ਸਿਹਤ ਸੇਵਾਵਾਂ, ਮੁੱਖ ਡੈਸਕ 'ਤੇ ਬੈਠਣਾ ਜਾਂ ਰਿਸੈਪਸਨਿਸਟ ਦਾ ਕੰਮ ਅਤੇ ਹੋਰ ਸਮਾਜਿਕ ਸੇਵਾਵਾਂ ਜਿਵੇਂ ਬਜੁਰਗਾਂ ਦੀ ਦੇਖਭਾਲ, ਸਾਫ ਸਫਾਈ ਦਾ ਕੰਮ ਆਦਿ ਕਿੱਤਿਆਂ ਵਿੱਚ 14 ਫੀਸਦੀ ਔਰਤਾਂ ਦੇ ਮੁਕਾਬਲੇ 2 ਫੀਸਦੀ ਮਰਦ ਹਨ। ਇੱਥੇ ਪ੍ਰਤੀ ਘੰਟਾ ਆਮਦਨ ਜਾਂ ਕਮਾਈ 24-25 ਡਾਲਰ ਹੈ। ਮਤਲਬ ਵਧੇਰੇ ਕਮਾਈ ਵਾਲੇ ਕਿੱਤਿਆਂ ਵਿੱਚ ਮਰਦਾਂ ਦਾ ਅਨੁਪਾਤ ਜਿਆਦਾ ਹੈ। ਦੂਜਾ, ਕੰਪਨੀਆਂ ਵਿੱਚ ਅਦਾਇਗੀ ਦਾ ਸਿਸਟਮ ਪਾਰਦਰਸੀ ਨਾ ਹੋਣ ਕਾਰਨ ਇੱਕੋ ਸਥਾਨ 'ਤੇ ਬਰਾਬਰ ਦਾ ਕੰਮ ਕਰਨ 'ਤੇ ਵੀ ਉਜਰਤ ਦਾ ਵਖਰੇਵਾਂ ਹੈ। ਤੀਜਾ ਵੱਡਾ ਕਾਰਨ ਹੈ ਕਿ ਔਰਤਾਂ ਨੂੰ ਆਪਣੀਆਂ ਕੰਮਕਾਜੀ ਥਾਵਾਂ 'ਤੇ ਕਾਰਜ ਕੁਸਲਤਾ ਅਤੇ ਪਰਿਵਾਰਕ ਜਿੰਮੇਵਾਰੀਆਂ ਵਿੱਚ ਤਾਲਮੇਲ ਰੱਖਣਾ ਪੈਂਦਾ ਹੈ। ਛੋਟੇ ਬੱਚਿਆਂ ਅਤੇ ਘਰ ਦੇ ਬਜੁਰਗਾਂ ਦੀ ਦੇਖਭਾਲ ਕਰਨਾ ਮੁੱਖ ਤੌਰ 'ਤੇ ਔਰਤ ਦੀ ਜਿੰਮੇਵਾਰੀ ਮੰਨੀ ਜਾਂਦੀ ਹੈ। ਇਸ ਲਈ ਬਹੁਤੀ ਵਾਰ ਔਰਤ ਨੂੰ ਆਪਣੀ ਪਦ-ਉੱਨਤੀ ਜਾਂ ਤਰੱਕੀ ਨੂੰ ਵੀ ਠੁਕਰਾਉਣਾ ਪੈਂਦਾ ਹੈ। ਇਹ ਆਮਦਨ ਵਖਰੇਵਾਂ ਔਰਤਾਂ ਦੇ ਰੁਜਗਾਰ ਮੰਡੀ ਵਿੱਚ ਸਾਮਿਲ ਹੋਣ ਦੇ ਪਹਿਲੇ ਪੜਾਅ 'ਤੇ ਹੀ ਸੁਰੂ ਹੋ ਜਾਂਦਾ ਹੈ ਜਦੋਂ ਇੰਟਰਵਿਊ ਦੌਰਾਨ ਹੀ ਉਸ ਦੇ ਵਿਆਹੁਤਾ ਜੀਵਨ ਬਾਰੇ ਅਣਸੁਖਾਵੇਂ ਸਵਾਲ ਪੁੱਛੇ ਜਾਂਦੇ ਹਨ। ਚੌਥਾ, ਔਰਤਾਂ ਆਮ ਤੌਰ 'ਤੇ ਤਨਖਾਹ ਬਾਰੇ ਘੱਟ ਹੀ ਗੱਲਬਾਤ ਕਰਦੀਆਂ ਹਨ। 25 ਤੋਂ 40 ਸਾਲ ਉਮਰ ਵਰਗ ਦੀਆਂ ਔਰਤਾਂ ਵਧੇਰੇ ਕਰਕੇ ਕੰਮ ਦੇ ਸੁਖਾਵੇਂ ਘੰਟਿਆਂ ਨੂੰ ਤਰਜੀਹ ਦਿੰਦੀਆਂ ਹਨ। ਪੰਜਵਾਂ, ਔਰਤ ਨੂੰ ਸਭ ਤੋਂ ਵਧੇਰੇ ਨੁਕਸਾਨ ਉਸ ਵੇਲੇ ਹੁੰਦਾ ਹੈ ਜਦੋਂ ਉਹ ਮਾਂ ਬਣਨ ਦੀ ਸਮਾਜਿਕ ਅਤੇ ਪਰਿਵਾਰਕ ਜਿੰਮੇਵਾਰੀ ਨਿਭਾਉਂਦੀ ਹੈ। ਜਿਉਂ ਜਿਉਂ ਉਮਰ ਵਧਦੀ ਹੈ ਅਤੇ ਉਹ ਵਿਆਹ ਉਪਰੰਤ ਪਰਿਵਾਰਕ ਜਿੰਮੇਵਾਰੀਆਂ ਵਿੱਚ ਪੈਂਦੀਆਂ ਹਨ ਤਾਂ ਇਹ ਵਿਤਕਰਾ ਵਧਣ ਲੱਗਦਾ ਹੈ। ਬੱਚੇ ਨੂੰ ਜਨਮ ਦੇਣਾ ਤੇ ਮੁੱਢਲੀ ਦੇਖਭਾਲ ਦੌਰਾਨ ਉਹ ਮਰਦਾਂ ਨਾਲੋਂ ਤਿੰਨ ਚਾਰ ਸਾਲ ਆਪਣੇ ਕਰੀਅਰ ਵਿੱਚ ਵੀ ਪਿੱਛੇ ਰਹਿ ਜਾਂਦੀਆਂ ਹਨ। ਔਰਤ ਦੇ ਸਿੱਖਿਅਤ ਹੋਣ ਦੇ ਨਾਲ ਨਾਲ ਉਸ ਦਾ ਕੰਮਕਾਜੀ ਹੋਣਾ ਆਰਥਿਕ, ਸਮਾਜਿਕ ਅਤੇ ਪਰਿਵਾਰਕ ਦ੍ਰਿਸਟੀਕੋਣ ਤੋਂ ਵਧੀਆ ਮੰਨਿਆ ਜਾਂਦਾ ਹੈ। ਕੋਵਿਡ-19 ਮਹਾਮਾਰੀ ਮਗਰੋਂ ਕੰਮ ਦੇ ਤਰੀਕੇ ਅਤੇ ਤਰਤੀਬ ਵਿੱਚ ਤਬਦੀਲੀ ਆਈ ਹੈ। ਇਸ ਨਾਲ ਘਰੋਂ ਕੰਮ ਕਰਨਾ, ਮਰਜੀ ਦੀ ਸਿਫਟ ਜਾਂ ਦਫਤਰ ਦੀ ਬਰਾਂਚ ਆਦਿ ਬਾਰੇ ਆਪਣੀ ਸਹੂਲਤ ਅਨੁਸਾਰ ਕੰਮ ਕਰਨ ਦੀ ਸੁਵਿਧਾ ਪ੍ਰਾਪਤ ਹੋ ਗਈ ਸੀ। ਇਹ ਪ੍ਰਣਾਲੀ ਮੈਨੇਜਮੈਂਟ ਅਤੇ ਕਾਮਿਆਂ ਦੋਹਾਂ ਨੂੰ ਰਾਸ ਆਈ ਹੈ। ਇਸ ਲਈ ਮਰਦਾਂ ਦੇ ਮੁਕਾਬਲੇ ਔਰਤਾਂ ਪਾਰਟ ਟਾਈਮ ਕੰਮ ਨੂੰ ਤਰਜੀਹ ਦੇਣ ਲੱਗੀਆਂ ਹਨ। ਔਰਤ ਦਾ ਰੁਜਗਾਰ ਵਿੱਚ ਹੋਣਾ ਨਾ ਸਿਰਫ ਆਪਣੇ ਨਿੱਜੀ ਪਰਿਵਾਰ ਲਈ ਸਗੋਂ ਸਮੁੱਚੇ ਸਮਾਜ ਤੇ ਦੇਸ ਲਈ ਵੀ ਲਾਹੇਵੰਦ ਹੈ। ਔਰਤਾਂ ਦੀ ਇਸ ਦੇਣ ਨੂੰ ਪਛਾਣਦਿਆਂ ਕੈਨੇਡਾ ਦੀ ਸਰਕਾਰ ਨੇ 2021 ਦੀਆਂ ਚੋਣਾਂ ਤੋਂ ਬਾਅਦ ਔਰਤਾਂ ਬਾਰੇ ਕੁਝ ਠੋਸ ਕਦਮ ਚੁੱਕੇ ਸਨ, ਜਿਨ੍ਹਾਂ ਨੂੰ ਫੈਮਿਲੀ ਫਰੈਂਡਲੀ ਪਾਲਸੀਆਂ ਕਿਹਾ ਜਾਂਦਾ ਹੈ। ਲੋੜਵੰਦ ਔਰਤਾਂ ਨੂੰ ਪ੍ਰਤੀ ਬੱਚਾ ਭੱਤਾ ਦੇਣ ਦੀ ਦਾ ਵੀ ਉਨ੍ਹਾਂ ਪ੍ਰਬੰਧ ਕੀਤਾ ਹੋਇਆ ਹੈ। ਕਈ ਮੁਲਕਾਂ ਵਿੱਚ ਕੰਮਕਾਜੀ ਥਾਵਾਂ ਉੱਤੇ ਹੀ ਨਵੀਆਂ ਬਣੀਆਂ ਮਾਵਾਂ ਦੇ ਬੱਚਿਆਂ ਦੀ ਸਾਂਭ-ਸੰਭਾਲ ਲਈ ਕਰੈੱਸ ਹੁੰਦੇ ਹਨ। ਉਸ ਮਗਰੋਂ ਦੋ ਤੋਂ ਚਾਰ ਸਾਲਾਂ ਤੱਕ ਦੇ ਬੱਚਿਆਂ ਲਈ ਸਕੂਲ ਤੋਂ ਪਹਿਲਾਂ ਤੇ ਸਕੂਲ ਤੋਂ ਬਾਅਦ ਦੇਖ-ਰੇਖ ਦੀ ਵਿਵਸਥਾ ਵੀ ਹੈ।

ਰੁਜਗਾਰ ਦੇ ਮੌਕਿਆਂ ਦੀ ਅਣਹੋਂਦ ਕਾਰਨ ਔਰਤਾਂ ਸਵੈ-ਰੁਜਗਾਰ ਵੱਲ ਪ੍ਰੇਰਿਤ ਹੋ ਰਹੀਆਂ ਹਨ। ਭਾਰਤ ਦੇ ਪਿਰਿਆਡਕ ਲੇਬਰ ਫੋਰਸ ਸਰਵੇ 2022-23 ਅਨੁਸਾਰ ਕੁੱਲ ਕੰਮਕਾਜੀ ਔਰਤਾਂ ਵਿੱਚੋਂ 65.3 ਫੀਸਦੀ ਔਰਤਾਂ ਸਵੈ-ਰੁਜਗਾਰ ਵਿੱਚ ਸਨ। ਇਹ ਅਨੁਪਾਤ 2023-24 ਵਿੱਚ ਵਧ ਕੇ 67.4 ਫੀਸਦੀ ਹੋ ਗਿਆ ਸੀ। ਰੈਗੂਲਰ ਰੁਜਗਾਰ ਵਿੱਚ ਸਿਰਫ 16 ਫੀਸਦੀ ਅਤੇ ਕੈਜੂਅਲ ਰੁਜਗਾਰ ਵਿੱਚ 16.6 ਫੀਸਦੀ ਔਰਤਾਂ ਸਨ। ਕੁੱਲ ਕੰਮਕਾਜੀ ਔਰਤਾਂ ਵਿੱਚੋਂ 61.2 ਫੀਸਦੀ ਔਰਤਾਂ ਗੈਰ-ਰਸਮੀ ਖੇਤਰ ਵਿੱਚ ਸਨ।

ਯੂ ਐਨ ਓ ਦੇ ਮਨੁੱਖੀ ਅਧਿਕਾਰ ਐਲਾਨਨਾਮੇ 1948 ਅਨੁਸਾਰ, ਬਰਾਬਰ ਕੰਮ ਬਦਲੇ ਬਰਾਬਰ ਤਨਖਾਹ/ਮਿਹਨਤਾਨਾ ਹਰ ਵਿਅਕਤੀ ਦਾ ਮੁੱਢਲਾ ਅਧਿਕਾਰ ਹੈ। ਇਸ ਐਲਾਨਨਾਮੇ 'ਤੇ ਭਾਰਤ ਸਰਕਾਰ ਵੱਲੋਂ ਦਸਤਖਤ ਕੀਤੇ ਹੋਏ ਹਨ। ਇਸੇ ਕਰਕੇ ਦੇਸ ਵਿੱਚ ਬਰਾਬਰ ਮਿਹਨਤਾਨਾ ਐਕਟ 1976 ਬਣਾਇਆ ਗਿਆ ਸੀ। ਬਾਅਦ ਵਿੱਚ 2019 ਵਿੱਚ ਇਸ ਨੂੰ ਕੋਡ ਆਨ ਵੇਜਿਜ ( ) ਦੇ ਰੂਪ ਵਿੱਚ ਲਿਆਂਦਾ ਗਿਆ। ਇਸ ਦੇ ਆਰਟੀਕਲ 39 ਡੀ ਅਨੁਸਾਰ ਮਿਹਨਤਾਨੇ ਵਿੱਚ ਕਿਸੇ ਨਾਲ ਵੀ ਲਿੰਗ ਆਧਾਰਿਤ ਵਿਤਕਰਾ ਨਹੀਂ ਕੀਤਾ ਜਾ ਸਕਦਾ। ਇਉਂ ਹੀ 'ਮਗਨਰੇਗਾ' ਸਕੀਮ ਤਹਿਤ ਪੇਂਡੂ ਖੇਤਰ ਵਿੱਚ ਕੰਮਕਾਜ ਲਈ ਮਰਦ ਔਰਤ ਨੂੰ ਬਰਾਬਰ ਦਿਹਾੜੀ ਮਿਲਦੀ ਰਹੀ ਹੈ। 'ਸਕਿਲ ਇੰਡੀਆ ਮਿਸਨ' ਦਾ ਮਕਸਦ ਵੀ ਇਹੀ ਹੈ ਕਿ ਔਰਤਾਂ ਨੂੰ ਵੱਖ-ਵੱਖ ਪ੍ਰਕਾਰ ਦੀ ਕਿੱਤਾਮੁਖੀ ਸਿਖਲਾਈ ਦਿੱਤੀ ਜਾਵੇ ਤਾਂ ਕਿ ਔਰਤ ਮਰਦ ਦੀ ਕੁੱਲ ਕਮਾਈ ਵਿੱਚ ਪਾੜਾ ਘਟਾਇਆ ਜਾ ਸਕੇ। ਜਦੋਂ ਤੱਕ ਅਸੀਂ ਔਰਤਾਂ ਵਿਰੋਧੀ ਮਾਨਸਿਕਤਾ ਅਤੇ ਸਮਾਜਿਕ ਰੁਕਾਵਟਾਂ/ਬੰਦਿਸਾਂ ਵਿੱਚ ਸੁਧਾਰ ਨਹੀਂ ਕਰਦੇ ਅਤੇ ਔਰਤਾਂ ਨੂੰ ਸਤਿਕਾਰ ਸਹਿਤ ਬਰਾਬਰੀ ਦੇ ਆਧਾਰ 'ਤੇ ਰੁਜਗਾਰ ਵਿੱਚ ਸਾਮਿਲ ਨਹੀਂ ਕਰਦੇ, ਸਹੀ ਅਰਥਾਂ ਵਿੱਚ ਮਰਦ-ਔਰਤ ਬਰਾਬਰੀ ਦੇ ਟੀਚੇ ਨੂੰ ਪ੍ਰਾਪਤ ਨਹੀਂ ਕਰ ਸਕਦੇ। ਇਸ ਲਈ ਨੀਤੀਘਾੜਿਆਂ ਅਤੇ ਕਾਰੋਬਾਰੀਆਂ ਨੂੰ ਚਾਹੀਦਾ ਹੈ ਕਿ ਉਹ ਔਰਤਾਂ ਨੂੰ ਘੱਟ ਕਮਾਈ ਵਾਲੇ ਕਿੱਤਿਆਂ ਵਿੱਚੋਂ ਕੱਢ ਕੇ ਮਰਦਾਂ ਵਾਂਗ ਵਧੇਰੇ ਕਮਾਈ ਵਾਲੇ ਕਿੱਤਿਆਂ ਵਿੱਚ ਵੀ ਰੁਜਗਾਰ ਮੁਹੱਈਆ ਕਰਵਾਉਣ; ਸਾਰੇ ਕਰਮਚਾਰੀਆਂ ਨੂੰ ਹੋਣ ਵਾਲੀਆਂ ਅਦਾਇਗੀਆਂ ਦੀ ਕਾਰਜਪ੍ਰਣਾਲੀ ਪਾਰਦਰਸੀ ਹੋਵੇ; ਕੰਮਕਾਜੀ ਔਰਤਾਂ ਦੇ ਛੋਟੇ ਬੱਚਿਆਂ ਦੀ ਦੇਖਭਾਲ ਅਤੇ ਬਜੁਰਗਾਂ ਦੀ ਸਾਂਭ ਸੰਭਾਲ ਦੀ ਸਹੂਲਤ ਕੈਨੇਡਾ ਵਾਂਗ ਭਾਰਤੀ ਔਰਤਾਂ ਨੂੰ ਵੀ ਉਪਲਬਧ ਹੋਵੇ; ਉਨ੍ਹਾਂ ਰੁਕਾਵਟਾਂ/ ਬੰਦਿਸਾਂ ਨੂੰ ਦੂਰ ਕੀਤਾ ਜਾਵੇ ਜਿਹੜੀਆਂ ਔਰਤਾਂ ਨੂੰ ਕੰਮਕਾਜ ਦੌਰਾਨ ਪਦ-ਉੱਨਤੀ ਜਾਂ ਤਰੱਕੀ ਦੇ ਰਸਤੇ ਵਿੱਚ ਰੁਕਾਵਟ ਬਣਦੀਆਂ ਹਨ। ਇਸ ਦੇ ਨਾਲ ਹੀ ਔਰਤਾਂ ਨੂੰ ਤਨਖਾਹ ਸਮੇਤ ਪ੍ਰਸੂਤੀ ਛੁੱਟੀ ਦੀ ਵਿਵਸਥਾ ਸਰਕਾਰੀ ਅਦਾਰਿਆਂ ਦੀ ਤਰਜ 'ਤੇ ਨਿੱਜੀ ਅਦਾਰਿਆਂ ਵਿੱਚ ਵੀ ਲੈਣ ਦੀ ਸਹੂਲਤ ਦਿੱਤੀ ਜਾਵੇ। ਸਰਕਾਰੀ ਅਦਾਰਿਆਂ ਵਿੱਚ ਰੁਜਗਾਰਯਾਫਤਾ ਵਿਅਕਤੀਆਂ ਲਈ ਮਿਹਨਤਾਨੇ ਜਾਂ ਤਨਖਾਹਾਂ ਵਿੱਚ ਕਿਸੇ ਪ੍ਰਕਾਰ ਦਾ ਲਿੰਗ ਆਧਾਰਿਤ ਵਿਤਕਰਾ ਨਹੀਂ ਹੁੰਦਾ, ਪਰ ਨਿੱਜੀ ਅਦਾਰਿਆਂ ਅਤੇ ਕੰਪਨੀਆਂ ਵਿੱਚ ਕੰਟਰੈਕਟ ਅਨੁਸਾਰ ਕੰਮ ਕਰਵਾਇਆ ਜਾਂਦਾ ਹੈ। 'ਬਰਾਬਰ ਕੰਮ ਬਦਲੇ ਬਰਾਬਰ ਅਦਾਇਗੀ' ਦੇ ਸੰਕਲਪ ਦੀ ਪ੍ਰਾਪਤੀ ਵਾਸਤੇ ਜਰੂਰੀ ਹੈ ਕਿ ਔਰਤਾਂ ਨੂੰ ਆਪਣੇ ਹੱਕਾਂ ਦੀ ਪੂਰਨ ਜਾਣਕਾਰੀ, ਕਾਨੂੰਨੀ ਵਿਵਸਥਾ ਦਾ ਗਿਆਨ ਹੋਵੇ ਅਤੇ ਉਨ੍ਹਾਂ 'ਚ ਆਪਣੇ ਹੱਕਾਂ ਦੀ ਪ੍ਰਾਪਤੀ ਵਾਸਤੇ ਆਵਾਜ ਬੁਲੰਦ ਕਰਨ ਦੀ ਸਮਰੱਥਾ ਹੋਵੇ। ਇਸ ਲਈ ਮਾਨਸਿਕ ਅਤੇ ਇਖਲਾਕੀ ਤੌਰ 'ਤੇ ਯੂਨਿਟ ਵਿੱਚ ਕੰਮ ਕਰਦੇ ਸਾਰੇ ਕਰਮਚਾਰੀਆਂ ਅਤੇ ਮਜਦੂਰਾਂ ਨੂੰ ਸੰਗਠਿਤ ਹੋ ਕੇ ਇਕੱਠੇ ਕੰਮ ਕਰਨਾ ਪਵੇਗਾ ਕਿਉਂਕਿ ਰੁਜਗਾਰ ਪ੍ਰਾਪਤੀ ਅਤੇ ਮਾਣ ਮਰਿਆਦਾ ਵਾਲੀ ਜਿੰਦਗੀ ਜਿਊਣ ਦਾ ਹਰੇਕ ਵਿਅਕਤੀ ਦਾ ਮੁੱਢਲਾ ਮਨੁੱਖੀ ਅਧਿਕਾਰ ਹੈ।

ਡਾ ਕੰਵਲਜੀਤ ਕੌਰ ਗਿੱਲ

# ਪੰਜਾਬੀ ਸਾਹਿਤਕ ਦਰਬਾਰ ਗਲੈਨਵੁੱਡ ਸਿਡਨੀ ਆਸਟ੍ਰੇਲੀਆ

## "ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ"



ਮਿਤੀ 6 ਜਨਵਰੀ 2026 ਨੂੰ ਆਸਟ੍ਰੇਲੀਆ ਦੇ ਨਾਮਵਰ ਸਾਹਿਤਕਾਰਾਂ, ਕਲਾਕਾਰਾਂ, ਕਵੀ, ਲੇਖਕ, ਗੀਤਕਾਰ, ਸਿੰਗਰਜ, ਪੱਤਰਕਾਰ, ਮੈਗਜੀਨਜ ਦੇ ਆਡੀਟਰਜ ਆਦਿ ਦੀ ਸਾਹਿਤਕ ਇਕੱਤਰਤਾ ਬਾਨੀਆ ਪੈਲੇਸ ਕਰੇਨਬਰੁਕ ਸਿਡਨੀ ਵਿਖੇ ਹੋਈ। ਮਨੁੱਖ ਇਕ ਸਮਾਜਿਕ ਪ੍ਰਾਣੀ ਹੈ ਜੋ ਸਮਾਜ ਵਿਚ ਵਿਚਰਦਿਆਂ ਆਪਣੀਆਂ ਜੜਾਂ ਨਾਲ ਜੁੜਿਆ ਰਹਿਣਾ ਚਾਹੁੰਦਾ ਹੈ। ਇਹ ਸਾਹਿਤਕ ਦਰਬਾਰ ਵੀ ਆਪਣੀ ਮਾਂ ਬੋਲੀ ਪੰਜਾਬੀ ਨੂੰ ਜਿੰਦਾ ਰੱਖਣ ਲਈ ਇਕ ਸਾਰਥਿਕ ਉਪਰਾਲਾ ਹੈ। ਇਸ ਸਾਹਿਤਕ ਦਰਬਾਰ ਨੇ ਕਈ ਸੂਝਵਾਨ ਸਾਹਿਤ ਪ੍ਰੇਮੀ ਪੈਦਾ ਕੀਤੇ ਹਨ ਅਤੇ ਅਗੋਂ ਤੋਂ ਵੀ ਪੰਜਾਬੀ ਬੋਲੀ ਨੂੰ ਬਣਦਾ ਮਾਣ ਸਤਿਕਾਰ ਦੇਣ ਦੇ ਉਪਰਾਲੇ ਜਾਰੀ ਹਨ।

ਜੁਗਿੰਦਰ ਸਿੰਘ ਸੋਹੀ ਨੇ ਸਟੇਜ ਸਕੱਤਰ ਦੀ ਭੂਮਿਕਾ ਬਾਖੂਬੀ ਨਿਭਾਉਂਦਿਆਂ ਸਭ ਸਾਹਿਤਕਾਰਾਂ ਦਾ ਸਭਾ ਵਿਚ ਹਾਜਰੀ ਲਗਵਾਉਣ ਤੇ ਧੰਨਵਾਦ ਕੀਤਾ।

ਪਰਮਾਤਮਾ ਦਾ ਓਟ ਆਸਰਾ ਲੈਂਦਿਆਂ ਬੀਬੀ ਪ੍ਰਿਤਪਾਲ ਕੌਰ ਦਿਲੀ ਨੇ ਇਕ ਸਬਦ ਸੁਣਾਕੇ ਸਾਹਿਤ ਸਭਾ ਦੀ ਸੁਰੂਆਤ ਕੀਤੀ।

ਸੁਰਜੀਤ ਸਿੰਘ ਨੇ ਸਫਲਤਾ ਦਾ ਰਾਜ ਸਮਝਾਉਂਦਿਆਂ ਕਿਹਾ :

ਸਫਲ ਹੋਣ ਦੀ ਤਾਂਘ ਜਿਨਾਂ ਵਿਚ, ਬਿਨ ਪੌੜੀ ਮੰਜਲਾਂ ਚੜਦੇ ਵੇਖੇ।

ਸਬਦਾਂ ਦੀ ਬੋਲੀ ਸਮਝਣ ਵਾਲੇ ਦਿਨ ਰਾਤ ਕਿਤਾਬਾਂ ਪੜ੍ਹਦੇ ਦੇਖੇ। ਕਹਿੰਦੇ ਸੱਚ ਨੂੰ ਆਂਚ ਨੀ ਹੁੰਦੀ, ਪਰ ਸਚੇ ਫਾਂਸੀ ਚੜਦੇ ਵੇਖੇ।।

ਪ੍ਰਸਿੱਧ ਲੇਖਕ ਅਤੇ ਕਥਾਵਾਚਕ ਗਿਆਨੀ ਸੰਤੋਖ ਸਿੰਘ ਨੇਂ ਗੁਰੂ ਗੋਬਿੰਦ ਸਿੰਘ ਜੀ ਦੇ ਆਨੰਦਪੁਰ ਸਾਹਿਬ ਛੱਡਣ ਤੋਂ ਲੈਕੇ ਚਮਕੌਰ ਸਾਹਿਬ ਦੀ ਜੰਗ, ਚਾਰੇ ਸਾਹਿਬਜਾਦਿਆਂ ਦੀ ਸਹੀਦੀ ਅਤੇ ਉਸ ਮਗਰੋਂ ਸਹੇ ਜੁਲਮ ਦੀ ਦਾਸਤਾਨ ਇਕ ਕਵਿਤਾ ਰਾਹੀਂ ਬਿਆਨ ਕੀਤੀ :

ਸਤਿਗੁਰ ਕਿਲਾ ਆਨੰਦਗੜ ਛਡਿਆ ਸਾਰਾ ਨਾਲ ਪਰਿਵਾਰ, ਕੰਢੇ ਸਰਸਾ ਨਦੀ ਪਹੁੰਚ ਕੇ ਲਾਇਆ ਸੀ ਦਰਬਾਰ। ਪਿਛੋਂ ਦੁਸਮਣ ਚੜਕੇ ਆ ਗਿਆ ਸਾਰੇ ਭੁਲਕੇ ਕੌਲ ਕਰਾਰ। ਸਰਸਾ ਨਦੀ ਸੀ ਸੂਕਦੀ ਪਾਣੀ ਵਗਦਾ ਤੇਜ ਰਫਤਾਰ।

ਬਹਾਦਰ ਸਿੰਘ ਨੇ ਇਕ ਸਾਧੂ ਦੀ ਕਹਾਣੀ ਸੁਣਾਈ ਜਿਸ ਵਿਚ ਲੋਕਾਂ ਨੂੰ ਆਉਣ ਵਾਲੇ ਮਾੜੇ ਸਮੇਂ ਦੀ ਜਾਣਕਾਰੀ ਪਹਿਲਾਂ ਮਿਲ ਜਾਂਦੀ ਸੀ ਜੋ ਸੱਚ ਸਾਬਤ ਹੁੰਦੀ ਗਈ। ਕਿਸੇ ਨੂੰ ਪਤਾ ਸੀ ਕਿ ਮੇਰੀ ਦੁਕਾਨ ਨੂੰ ਅੱਗ ਲੱਗਣ ਵਾਲੀ ਹੈ, ਕਿਸੇ ਨੂੰ ਪਤਾ ਸੀ ਕਿ ਮੇਰੇ ਮੁੰਡੇ ਦੀ ਐਕਸੀਡੈਂਟ ਵਿਚ ਲੱਤ ਟੁਟ ਜਾਣੀ ਹੈ ਤੇ ਉਹ ਅਗਾਊਂ ਹੀ ਲੱਤ ਜੋੜਨ ਲਈ ਫੱਟੀਆਂ ਬਣਾ ਰਿਹਾ ਸੀ ਕਿਸੇ ਨੂੰ ਪਤਾ ਸੀ ਕਿ ਬੋਹੜ ਦੇ ਦਰੱਖਤ ਤੇ ਫਾਂਸੀ ਲਗ ਜਾਣੀ ਹੈ ਆਦਿ ਆਦਿ।

ਸੀਨੀਅਰ ਐਡਵੋਕੇਟ ਅਵਤਾਰ ਸਿੰਘ ਖਹਿਰਾ ਜਗਰਾਉਂ ਨੇ ਸਮੁੰਦਰ ਦੀ ਤਾਕਤ ਅਤੇ ਸੁਭਾਉ 'ਸਮੁੰਦਰ' ਕਵਿਤਾ ਰਾਂਹੀ ਵਰਣਨ ਕੀਤਾ :

ਸਮੁੰਦਰ ਵੀ ਮਨੁਖਾਂ ਵਾਂਗ ਡੂੰਘੇ ਤੇ ਸਾਂਤ ਹੁੰਦੇ ਨੇ, ਇਹ ਦਰਿਆ ਝਰਨਿਆਂ ਵਾਂਗ ਸੋਰ ਨਹੀਂ ਕਰਦੇ। ਇਹ ਬਿਨਾਂ ਮਤਲਬ ਆਪਣੀਆਂ ਹੱਦਾਂ ਬੰਨੇ ਹੀਂ ਟਪਦੇ । ਸਮੁੰਦਰਾਂ ਦੇ ਹਿਰਦੇ ਵੀ ਵਿਸਾਲ ਹੁੰਦੇ ਨੇ।

ਕਮਾਂਡਰ ਭੁਪਿੰਦਰ ਸਿੰਘ ਚੌਕੀਮਾਨ ਜੋ ਅੰਗਰੇਜੀ ਅਤੇ ਪੰਜਾਬੀ ਦੇ ਲੇਖਕ ਹਨ ਉਹਨਾ ਜਿੰਦਗੀ ਦੇ ਬੀਤੇ ਸਾਲ ਵਿਚ ਵਾਪਰੇ ਕੌੜੇ ਮਿੱਠੇ ਤਜਰੱਬੇ ਸਾਂਝੇ ਕਰਦਿਆਂ ਸੰਨ 2025 ਦਾ ਧੰਨਵਾਦ ਕਰਦਿਆਂ ਕਿਹਾ :

ਸਾਲ 2025 ਲਈ ਧੰਨਵਾਦ ਜੋ ਕੁਝ ਤੈਂ ਮੈਨੂੰ ਨਵਾਂ ਸਿਖਾਇਆ, ਖਾਸ ਕਰ ਉਸ ਸਬਕ ਲਈ ਜਿਸ ਰਾਹੀਂ ਹਕੀਕੀ ਗਿਆਨ ਹਾਸਲ ਕਰਕੇ ਸੰਸਾਰ ਦਾ ਅਸਲੀ ਰੂਪ ਦਿਖਾਇਆ। ਅਨੇਕਾਂ ਆਈਆਂ ਮੁਸਕਲਾਂ ਔਕੜਾਂ ਨੂੰ ਝੱਲਣ ਦਾ ਗੁਣ ਪੈਦਾ ਕਰਕੇ, ਸਵੈਮਾਣ ਨਾਲ ਜੀਵਨ ਨੂੰ ਅਗੇ ਵਧਣ ਦਾ ਵੱਲ ਸਿਖਾਇਆ।

ਜਸਵਿੰਦਰ ਸਿੰਘ ਖੁਰਮੀ ਨੇ ਸਭ ਹਾਜਰੀਨਾ ਦਾ ਧੰਨਵਾਦ ਕਰਦਿਆਂ ਆਪਣੀ ਜਾਣ ਪਛਾਣ ਕਰਵਾਈ। ਜਸਵਿੰਦਰ ਸਿੰਘ ਸਿਡਨੀ ਵਿਚ ਆਪਣੇ ਬਚਿਆਂ ਨਾਲ ਇਕ ਸਫਲ ਬਿਜਨਸ ਚਲਾ ਰਹੇ ਹਨ।

ਬੀਬੀ ਪ੍ਰੀਤ ਕੌਰ ਨੇ ਵਿਛੋੜੇ ਦਾ ਦਰਦ ਮਹਿਸੂਸ ਕਰਨ ਵਾਲੀ ਇਕ ਭਾਵੁਕ ਕਵਿਤਾ ਸੁਣਾਈ:

ਦਿਲੀਂ ਪਈਆ ਡੂੰਘੀਆਂ ਦੂਰੀਆਂ ਤਾਂ ਮੇਟ ਸਕਦੇ ਨਹੀਂ, ਪਾਣੀ ਲੰਘੇ ਜੋ ਪੁਲਾਂ ਹੇਠੋਂ ਮੋੜ ਸਕਦੇ ਨਹੀਂ। ਤਾਣੀਆਂ ਉਲਝੀਆਂ ਕੁਝ ਐਸੀਆਂ ਜਾਣੇ ਅਣਜਾਣੇ, ਗੰਢਾਂ ਪਈਆ ਪੱਕੀਆਂ ਛੇਤੀ ਖੋਹਲ ਸਕਦੇ ਨਹੀਂ।

ਭਜਨ ਸਿੰਘ ਸਿੱਧੂ ਨੇ ਧਰਮਾਂ ਮਜਬਾਂ ਵਿਚ ਆ ਰਹੀਆਂ ਕੁਰੀਤੀਆਂ ਤੇ ਕਟਾਖਸ ਕਰਦਿਆਂ ਕਿਹਾ:

ਐਸਾ ਰੱਬ ਦਾ ਰਾਹ ਦਿਖਲਾਇਆ ਮਜ੍ਹਬਾਂ ਨੇ, ਜੱਗ ਨੂੰ ਭੰਬਲਭੂਸੇ ਪਾਇਆ ਮਜਬਾਂ ਨੇ। ਅੱਵਲ ਅੱਲਾ ਇਕੋ ਨੂਰ ਉਪਾਇਆ ਸੀ, ਇਸ ਪਿਛੋਂ ਸੌ ਚੰਦ ਚੜ੍ਹਾਇਆ ਮਜਬਾਂ ਨੇ।

ਮੈਲਬੋਰਨ ਤੋਂ ਵਿਸੇਸ ਤੌਰ ਤੇ ਪਹੁੰਚੇ ਸੁਖਵਿੰਦਰ ਸਿੰਘ ਨਰੂਲਾ ਨੇ ਦੱਸਿਆ ਕਿ ਕਲਮ ਵਿਚ ਬਹੁਤ ਤਾਕਤ ਹੁੰਦੀ ਹੈ ਬਸਰਤੇ ਇਹ ਸਹੀ ਦਿਸਾ ਵੱਲ ਚਲਾਈ ਜਾਵੇ। ਪਤਰਕਾਰਾਂ ਵਾਰੇ ਉਹਨਾਂ ਕਿਹਾ ਕਿ ਇਹਨਾਂ ਨੂੰ ਨਿਰਪੱਖ ਰਹਿਕੇ ਲੋਕਾਂ ਨੂੰ ਜਿੰਮੇਵਾਰੀ ਨਾਲ ਜਾਗਰਤ ਕਰਨਾ ਚਾਹੀਦਾ ਹੈ ਜਿਵੇਂ:

ਕਲਮਾਂ ਦੀ ਤਾਕਤ ਅਗੇ ਤੋਪਾਂ ਵੀ ਝੁਕਦੀਆਂ ਨੇ। ਜੇ ਡਰ ਜਾਵੇ ਕਲਮ ਤਾਂ ਸਚਾਈਆਂ ਵੀ ਲੁਕਦੀਆ ਨੇ। ਕਲਮ ਐਸੀ ਤਾਕਤ ਹੈ ਜੀਹਦਾ ਕੋਈ ਤੋੜ ਨਹੀਂ। ਇਕ ਬੂਟੇ ਦਾ ਨਾਮ ਹੈ ਪੱਤਕਾਰੀ, ਲਿਖਕੇ ਬੋਲਕੇ ਇਸਨੇ ਸਭ ਨੂੰ ਦੇਣੀ ਹੁੰਦੀ ਹੈ ਜਾਣਕਾਰੀ। ਕਲਮਾਂ ਚਲਾਉਣ ਵਾਲਿਓ ਤੁਹਾਡੇ ਤੇ ਹੈ ਜੁੰਮੇਵਾਰੀ ਭਾਰੀ।

ਦਾ ਪੰਜਾਬ ਹੈਰਾਲਡ ਦੇ ਸੰਪਾਦਕ ਡਾਕਟਰ ਅਵਤਾਰ ਐਸ ਸੰਘਾ ਨੇ ਇੱਕ ਨਵੇਂ ਨਕੋਰ ਇਤਿਹਾਸਿਕ ਵਿਸੇ ਕਠਬੋਲੀ (slangs) ਉਤੇ ਸਹਿਤਕ ਦਰਬਾਰ ਵਿੱਚ ਸਿਰਕਤ ਕੀਤੀ। ਕਠਬੋਲੀ ਇੱਕ ਨੀਵੇ ਦਰਜੇ ਦੀ ਬੋਲੀ ਜਾਂ ਪੁਲਿਸ ਆਦਿ ਤੋਂ ਬਚਣ ਲਈ ਇਕ ਗੁਪਤ ਬੋਲੀ ਹੁੰਦੀ ਹੈ ਜਿਵੇਂ ਗੋਰੇ ਭੰਗ ਨੂੰ ਗਰਾਸ ਆਈ ਲਵ ਯੂ ਨੂੰ "43" ਇਵੇਂ ਪੰਜਾਬੀ ਵਿੱਚ ਘੈਂਟ, ਪਟੋਲਾ ਫੁਕਰਾ ਆਦਿ । ਗੋਰੇ (FOB) ਫਰੈਸ ਆਨ ਬੋਰਡ ਨਵੇਂ ਆਏ ਪਰਵਾਸੀ ਲਈ ਅਤੇ LOC ਟਾਇਲਟ ਲਈ, ABO ਉਹ ਆਦੀਵਾਸੀ ਲਈ ਬੋਲਦੇ ਹਨ। ਉਹਨਾਂ ਇੱਕ ਖਾਸ ਸਲੈਂਗ "ਬਕਲੇਜ ਚਾਂਸ" ਦਾ ਇਤਿਹਾਸ ਵੀ ਸੁਣਾਇਆ ਵਿਲੀਅਮ ਬਕਲੇ ਦੀ ਜਿੰਦਗੀ ਰਸਮਈ ਸੀ ਉਸ ਨੂੰ ਸਜਾ ਹੋ ਗਈ ਸੀ ਤੇ ਲੋਕ ਉਸਨੂੰ ਮਰ ਚੁੱਕਿਆ ਸਮਝਦੇ ਸਨ ਪਰ ਹੈਰਾਨੀਜਨਕ ਉਹ ਅੰਤ ਨੂੰ ਜਿੰਦਾ ਪਾਇਆ ਗਿਆ। ਇਹ ਵੀ ਬਕਲੇ ਦਾ ਇਕ ਨਿਵੇਕਲਾ ਚਾਂਸ ਸੀ।

ਕੁਲਦੀਪ ਸਿੰਘ ਜੌਹਲ



ਦਰਸਨ ਸਿੰਘ ਪੰਧੇਰ ਨੇ ਇਕ ਪੁਰਾਣਾ ਗੀਤ ਸੁਣਾਇਆ ਜਿਸ ਵਿਚ ਮਨੁਖ ਨੂੰ ਵਰਤਮਾਨ ਵਿਚ ਜਿਉਣ ਦੀ ਨਸੀਹਤ ਦਿੱਤੀ ਗਈ ਹੈ ਅਤੇ ਦਸਿਆ ਗਿਆ ਹੈ ਕਿ ਸਮਾਂ ਰੁਕਦਾ ਨਹੀਂ ਹੈ :

ਆਨੇ ਵਾਲਾ ਪਲ ਜਾਨੇ ਵਾਲਾ ਹੈ। ਹੋ ਸਕੇ ਤੋ ਇਸ ਮੇਂ ਜਿੰਦਗੀ ਬਿਤਾ ਲੋ, ਇਹ ਪਲ ਜੋ ਜਾਨੇ ਵਾਲਾ ਹੈ।

ਬੀਬੀ ਸਲਿੰਦਰ ਕੌਰ ਬੈਂਸ ਨੇ ਕਵਿਤਾ "ਮਾਂ" ਸੁਣਾਈ :

ਜਦੋਂ ਹੁੰਦੇ ਸੀ ਛੋਟੇ ਤਾਂ ਕਹਿੰਦੇ ਸੀ ਮਾਂ ਮੇਰੀ, ਹੁਣ ਕਹਿੰਦੇ ਨੇ ਮਾਂ ਤੇਰੀ।

ਮੈਂ ਪੰਜ ਪੁੱਤਰਾਂ ਦੀ ਮਾਂ, ਮੇਰੇ ਮੰਜੇ ਲਈ ਨਹੀਂ ਕੋਈ ਥਾਂ।

ਪਹਿਲਾਂ ਵੱਡੇ ਨੇ ਬਾਹਰ ਕੱਢਿਆ ਹੁਣ ਛੋਟੇ ਨੇਂ ਵੀ ਕਸਰ ਨਹੀਂ ਛੱਡੀ।

ਸੀਨੀਅਰ ਸਿਟੀਜਨ ਕੋਆਰਡੀਨੇਟਰ ਜੀਵਨ ਦੁਸਾਂਝ ਨੇ "ਛੱਲਾ" ਤਰੰਨਮ ਵਿਚ ਇੰਝ ਸੁਣਾਇਆ:

ਛੱਲਾ ਮੁੜਕੇ ਨੀ ਆਇਆ, ਰੋਣਾਂ ਉਮਰਾਂ ਦਾ ਪਾਇਆ, ਮੱਲਿਆ ਹੈ ਦੇਸ ਪਰਾਇਆ। ਓ ਗੱਲ ਸੁਣ ਛੱਲਿਆ ਕਾਵਾਂ ਓ ਮਾਵਾਂ ਠੰਡੀਆਂ ਛਾਵਾਂ। ਛੱਲਾ ਗਲ ਦੇ ਗਹਿਣੇ ਸਦਾ ਮਾਪੇ ਨੀਂ ਰਹਿਣੇ, ਦੁਖ ਜਿੰਦੜੀ ਦੇ ਸਹਿਣੇ।

ਅਰਥ ਭਰਪੂਰ ਗੀਤ ਸੁਨਾਉਣ ਵਾਲੇ ਹਰਬੰਸ ਸਿੰਘ ਮਾਲਵਾ ਨੇ "ਖਤ" ਕਵਿਤਾ ਵਿਚ ਖਤ ਲਿਖਣ ਵਾਲੇ ਦੀਆਂ ਮਨ ਦੀਆਂ ਭਾਵਨਾਵਾਂ ਇੰਝ ਪੇਸ ਕੀਤੀਆਂ:

ਤੈਨੂੰ ਖਤ ਲਿਖਦਿਆਂ ਉਂਝ ਹੀ ਖਤ ਹੋ ਜਾਈਦਾ।

ਤੂੰ ਖਤ ਤੋਂ ਪੁਛ ਲਈਂ ਭਾਵੇਂ, ਦਿਲ ਤੋਂ ਖਤ ਲਿਖਵਾਈਦਾ।

ਇਹ ਖਤ ਤੇਰੇ ਨਾਮ ਵਰਗਾ ਹੈ ਮੋਹ ਦੇ ਰੁੱਖ ਦੀ ਛਾਂ ਵਰਗਾ ਹੈ।

ਜਸਵੰਤ ਸਿੰਘ ਪੰਨੂ ਨੇ ਕਿਹਾ ਕਿ ਮੇਰੀ ਕਲਮ ਗੁਰੂ ਬਾਜਾਂ ਵਾਲੇ ਦੀ ਸਿਫਤ ਲਿਖਣ ਵਿਚ ਛੋਟੀ ਪੈ ਜਾਂਦੀ ਹੈ :

ਮੈਂ ਤਾਂ ਸੋਚਦਾ ਸਾਂ ਬਾਜਾਂ ਵਾਲੇ ਨੂੰ ਛੋਟੀ ਜਿਹੀ ਇਸ ਕਲਮ ਤੋਂ ਕੀ ਲਿਖਾਂ। ਉਹਦੇ ਕੰਮ ਵੱਡੇ ਮੇਰੀ ਕਲਮ ਛੋਟੀ। ਪੀਰਾਂ ਦਾ ਪੀਰ ਲਿਖਾਂ ਜਾਂ ਗੁਰੂਆਂ ਦਾ ਗੁਰੂ ਲਿਖਾਂ, ਬਲੀਆਂ ਦਾ ਬਲੀ ਲਿਖਾਂ ਜਾਂ ਦੱਸੋ ਕੀ ਲਿਖਾਂ।

ਬੈਂਕ ਮੈਨੇਜਰ ਨਰਿੰਦਰਪਾਲ ਸਿੰਘ ਨੇ ਸਿਵ ਕੁਮਾਰ ਦਾ ਕਲਾਮ ਇੰਝ ਪੇਸ ਕੀਤਾ:

ਸਿਖਰ ਦੁਪਹਿਰੇ ਸਿਰ ਤੇ ਮੇਰਾ ਢਲ ਚੱਲਿਆ ਪਰਛਾਵਾਂ। ਕਬਰਾਂ ਉਡੀਕਦੀਆਂ ਜਿਉਂ ਪੁੱਤਰਾਂ ਨੂੰ ਮਾਵਾਂ। ਜਿੰਦਗੀ ਦਾ ਥਲ ਤਪਦਾ ਕੱਲੇ ਰੁੱਖ ਦੀ ਹੋਂਦ ਵਿਚ ਮੇਰੀ। ਦੁਖਾਂ ਵਾਲੀ ਗਹਿਰ ਚੜ੍ਹੀ ਵਗੇ ਗਮਾਂ ਵਾਲੀ ਤੇਜ ਹਨੇਰੀ।

ਕੁਲਦੀਪ ਸਿੰਘ ਜੌਹਲ ਨੇ ਅਮਰਿੰਦਰ ਗਿੱਲ ਦਾ ਇਕ ਮੁਟਿਆਰ ਦੇ ਭਾਵੁਕ ਵਲਵਲੇ ਉਭਾਰਦਾ ਗੀਤ ਪੇਸ ਕੀਤਾ:

ਤੇਰੇ ਨਾਮ ਤੋਂ ਰੋਜ ਕਬੂਤਰਾਂ ਨੂੰ, ਪਾਵਾਂ ਭੋਰ ਕੇ ਅੰਨ ਦੀਆਂ ਬੁਰਕੀਆਂ ਮੈਂ। ਖਬਰਾਂ ਦੱਸੇ ਜੇ ਤੇਰੀਆਂ ਡਾਕ ਵਾਲਾ, ਦੇਵਾਂ ਕੰਨਾਂ ਚੋਂ ਲਾਹਕੇ ਮੁਰਕੀਆਂ ਮੈਂ। ਤੇਰੇ ਜਾਣ ਮਗਰੋਂ ਨਾ ਗੁਤਾਂ ਗੁੰਦੀਆਂ ਮੈਂ, ਨਾਂ ਹੀ ਵਰਤੀਆਂ ਬਿੰਦੀਆਂ ਸੁਰਖੀਆਂ ਮੈਂ।

ਜੁਗਿੰਦਰ ਸਿੰਘ ਸੋਹੀ ਨੇ ਕਵਿਤਾ ਰਾਹੀਂ ਬੁਢਾਪੇ ਦੀਆਂ ਸਿਫਤਾਂ ਇੰਝ ਕੀਤੀਆਂ:

ਜੀਨੇ ਕੀ ਅਸਲੀ ਉਮਰ ਤੋਂ ਸਾਠ ਹੈ, ਬੁਢਾਪੇ ਮੇਂ ਹੀ ਅਸਲੀ ਠਾਠ ਹੈ। ਨਾਂ ਬੁਢਾਪੇ ਕਾ ਹੋਮ ਵਰਕ ਨਾ ਜਵਾਨੀ ਕਾ ਸੰਘਰਸ ਨਾ ਚਾਲੀਸ ਕੀ ਪ੍ਰੇਸਾਨੀਆਂ, ਮੇਰੇ ਸੀਨੀਅਰ ਸਿਟੀਜਨ ਦੋਸਤੋ ਸਦਾ ਖੁਸ ਰਹੋ ਇਹੀ ਸੋਹੀ ਦੀ ਅਰਦਾਸ ਹੈ।

ਭਵਨਦੀਪ ਸਿੰਘ ਜਗਰਾਓਂ ਨੇ ਦੋ ਰੂਹਾਂ ਦੇ ਅੰਦਰੂਨੀ ਭੇਤ ਦੀ ਗੱਲ ਕਰਦਿਆਂ ਬੋਲਿਆ:

ਜੀਹਨੂੰ ਹਰ ਸੈ ਰੱਬ ਦਿਸਦਾ ਏ, ਉਹ ਤੇਰਾ ਅਤੇ ਮੇਰਾ ਕੀ ਜਾਣੇ। ਜੀਹਨੂੰ ਰੋਗ ਇਸਕ ਦਾ ਲੱਗਿਆ ਏ, ਉਹ ਸਾਧਾਂ ਦਾ ਡੇਰਾ ਕੀ ਜਾਣੇ।

ਅਖੀਰ ਵਿਚ ਕੁਲਦੀਪ ਸਿੰਘ ਜੌਹਲ, ਭਵਨਜੀਤ ਸਿੰਘ ਅਤੇ ਜੁਗਿੰਦਰ ਸਿੰਘ ਸੋਹੀ ਨੇ ਕਵੀਸਰੀ "ਖੋਹੀਂ ਨਾ ਦੇਣ ਵਾਲਿਆ" ਸੁਣਾਕੇ ਦਰਸਕਾਂ ਵਿਚ ਹਲਚਲ ਪੈਦਾ ਕਰ ਦਿਤੀ :

ਯਾਰਾਂ ਤੋਂ ਯਾਰ ਨਾ ਖੋਹਵੀਂ

ਗਭਰੂ ਤੋਂ ਨਾਰ ਨਾ ਖੋਹਵੀਂ

ਬੱਚਿਆਂ ਦੇ ਸਿਰਾਂ ਤੋਂ ਨਾ ਖੋਹਵੀਂ, ਮਾਪਿਆਂ ਦੀਆਂ ਛਾਵਾਂ ਨੂੰ।

ਖੋਹੀਂ ਨਾ ਦੇਣ ਵਾਲਿਆ, ਦੇਕੇ ਪੁਤ ਮਾਵਾਂ ਨੂੰ।

ਖੋਹੀਂ ਨਾ ਦੇਣ ਵਾਲਿਆ।

ਇਸ ਸਾਹਿਤਕ ਦਰਬਾਰ ਨੂੰ ਕਾਮਯਾਬ ਕਰਨ ਲਈ ਅਤੇ ਲੰਗਰ ਆਦਿ ਤਿਆਰ ਕਰਨ ਲਈ ਬੀਬੀ ਭਗਵੰਤ ਕੌਰ ਜੌਹਲ, ਰਾਜਪ੍ਰੀਤ ਜੌਹਲ, ਹਰਪ੍ਰੀਤ ਔਲਖ ਜੌਹਲ ਅਤੇ ਇਸਰਾਜ, ਗੁਲਰਾਜ ਜੌਹਲ ਨੇ ਆਪਣਾ ਬਣਦਾ ਯੋਗਦਾਨ ਪਾਇਆ। ਲੰਗਰ ਨੂੰ ਸਜਾਉਣ ਅਤੇ ਵਰਤਾਉਣ ਲਈ ਭਵਨਦੀਪ ਸਿੰਘ ਜਗਰਾਓਂ ਅਤੇ ਜੁਗਿੰਦਰ ਸਿੰਘ ਸੋਹੀ ਨੇ ਵਧੀਆ ਵਿਉਂਤਬੰਦੀ ਕੀਤੀ ਹੋਈ ਸੀ। ਅਖੀਰ ਵਿਚ ਇਕ ਫੋਟੋ ਸੈਸਨ ਵੀ ਆਯੋਜਤ ਕੀਤਾ ਗਿਆ। ਸਭ ਹਾਜਰੀਨਾਂ ਨੇ ਅਗਲੀ ਵਾਰ ਫਿਰ ਪਿਆਰ ਨਾਲ ਮਿਲ ਬੈਠਣ ਦਾ ਵਾਅਦਾ ਕਰਦਿਆਂ ਅਤੇ ਫਤਹਿ ਦੀ ਸਾਂਝ ਪਾਉਂਦਿਆਂ ਆਪਣੇ ਘਰਾਂ ਨੂੰ ਵਿਦਾਇਗੀ ਲਈ। ਕੁਲ ਮਿਲਾਕੇ ਇਹ ਸਾਹਿਤਕ ਦਰਬਾਰ ਨਿਵੇਕਲੀਆਂ ਪੈੜਾਂ ਛੱਡਦਾ ਕਾਮਯਾਬ ਹੋ ਨਿਬੜਿਆ।

# ਸਵੈ-ਵਿਸਵਾਸ ਵੱਲ ਕਦਮ ਪੁੱਟਣ ਦਾ ਵੇਲਾ

ਉੱਘੇ ਲੇਖਕ ਅਮਿਤਵ ਘੋਸ ਇਸ ਸਮੇਂ ਆਪਣੀ ਕਿਤਾਬ 'ਘੋਸਟ ਆਈ' ਲਈ ਆਪਣੀ ਮਾਤਭੂਮੀ ਦੀ ਯਾਤਰਾ 'ਤੇ ਹਨ। ਉਹ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ, ਜੰਮੂ ਕਸਮੀਰ ਜਾਂ ਇਨ੍ਹਾਂ ਦੇ ਨੇੜੇ-ਤੇੜੇ ਵੀ ਕਿਧਰੇ ਨਹੀਂ ਆ ਰਹੇ ਕਿਉਂਕਿ ਅਜਿਹਾ ਜਾਪਦਾ ਹੈ ਕਿ ਇਸ ਖੇਤਰ ਵਿੱਚ ਜਿਆਦਾਤਰ ਸਾਹਿਤਕ ਮੇਲਿਆਂ, ਜਿਸ ਵਿੱਚ ਚੰਡੀਗੜ੍ਹ 'ਚ ਹੁੰਦੇ ਦੋ ਸਾਹਿਤਕ ਮੇਲੇ ਵੀ ਸਾਮਿਲ ਹਨ, ਵਿੱਚ ਬਹੁਤੇ ਗੰਭੀਰ ਪਾਠਕ ਨਹੀਂ ਹਨ। ਕਿਤਾਬ ਪ੍ਰੇਮੀ ਵੀ ਇਹ ਜਾਣਦੇ ਹਨ ਕਿ ਇਸ ਖੇਤਰ ਵਾਲੇ ਸਾਹਿਤਕ ਮੇਲੇ ਇਸ ਗੱਲ 'ਤੇ ਕੇਂਦਰਿਤ ਹੁੰਦੇ ਹਨ ਕਿ ਤੁਸੀਂ ਉੱਥੇ ਕਿਸ ਨੂੰ ਮਿਲੇ, ਨਾ ਕਿ ਇਸ ਗੱਲ 'ਤੇ ਕਿ ਤੁਸੀਂ ਫਲਾਣੀ ਕਿਤਾਬ ਪੜ੍ਹੀ ਹੈ ਜਾਂ ਨਹੀਂ।

ਅਮਿਤਵ ਬਾਰੇ ਇਹ ਗੱਲ ਮਸ਼ਹੂਰ ਹੈ ਕਿ ਉਹ ਸਾਇਦ ਮਿਲਣ-ਗਿਲਣ ਵਿੱਚ ਬਹੁਤ ਘੱਟ ਰੁਚੀ ਰੱਖਣ ਵਾਲੇ ਵਿਅਕਤੀਆਂ ਵਿੱਚੋਂ ਇੱਕ ਹੈ। ਉਹ ਰੁੱਖੇ ਸੁਭਾਅ ਵਾਲਾ ਜਾਂ ਕਹਿ ਲਉ ਚਿੜਚਿੜਾ ਵੀ ਹੈ। ਆਪਣੀ ਪਿਛਲੀ ਕਿਤਾਬ ਲਈ ਇੱਕ ਇੰਟਰਵਿਊ ਦੌਰਾਨ ਉਸ ਨੇ ਕਿਤਾਬ ਬਾਰੇ ਗੱਲ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਕਈ ਦਹਾਕੇ ਪਹਿਲਾਂ ਉਸ ਦੇ ਪੁਰਾਣੇ ਪ੍ਰਕਾਸਕ ਰਵੀ ਦਿਆਲ ਨੇ ਨਵੀਂ ਦਿੱਲੀ ਤੋਂ ਨਿਊਯਾਰਕ ਇੱਕ ਕਿਤਾਬ ਦੀਆਂ ਕੁਝ ਕਾਪੀਆਂ ਭੇਜਣੀਆਂ ਸਨ। ਮੈਂ ਉਹ ਕਿਤਾਬਾਂ ਇੱਕ ਡੱਬੇ 'ਚ ਪੁਆ ਲਈਆਂ ਅਤੇ ਨਿਊਯਾਰਕ ਲੈ ਗਈ। ਬਹੁਤ ਸਾਰੀਆਂ ਈ-ਮੇਲਾਂ ਤੋਂ ਬਾਅਦ ਅਸੀਂ ਇੱਕ ਕੌਫੀ ਸਾਪ 'ਤੇ ਮਿਲੇ। ਮੈਂ ਸੋਚਿਆ, 'ਵਾਹ, ਮੇਰੇ ਲਈ ਇਹ ਇਸ ਪ੍ਰਤਿਭਾਸ਼ੀਲ ਸ਼ਖਸ ਨੂੰ ਜਾਣਨ ਦਾ ਮੌਕਾ ਹੈ।' ਉਹ ਆਦਮੀ ਅੰਦਰ ਆਇਆ। ਉਸ ਨੇ ਮੇਰੇ ਤੋਂ ਕਿਤਾਬਾਂ ਲਈਆਂ ਤੇ ਅਣਮੰਨੀ ਜਿਹੀ ਮੁਸਕਰਾਹਟ ਨਾਲ ਮੇਰਾ ਧੰਨਵਾਦ ਕਰਕੇ ਮੂੰਹ ਘੁਮਾਇਆ ਅਤੇ ਚਲਾ ਗਿਆ। ਮੈਨੂੰ ਲੱਗਿਆ ਜਿਵੇਂ ਮੈਂ ਉਸ ਕੋਸੀ ਜਿਹੀ ਬੇਸੁਆਦ ਕੌਫੀ ਦੇ ਇੱਕ ਕੱਪ ਲਈ ਇੰਨੇ ਡਾਲਰ ਐਵੇਂ ਹੀ ਦਿੱਤੇ।

ਫਿਰ ਤੁਸੀਂ ਕਿਤਾਬ ਪੜ੍ਹਨ ਲੱਗਦੇ ਹੋ। ਤੁਹਾਨੂੰ 'ਦਿ ਗਲਾਸ ਪੈਲੇਸ' ਨਾਲ ਸੁਰੂਆਤ ਕਰਨੀ ਚਾਹੀਦੀ ਹੈ। ਭਾਰਤ ਅਤੇ ਬਰਮਾ ਬਾਰੇ ਲਿਖਿਆ ਇਹ ਨਾਵਲ ਤੁਹਾਡੇ ਅੱਖਾਂ ਮੀਟਣ ਤੱਕ ਤੁਹਾਡੇ ਨਾਲ ਰਹੇਗਾ। ਇਹ ਬਲਦੇ ਖਿੱਤੇ ਅਤੇ ਮਹਾਨ ਸ਼ਾਸਕ ਥੀਬਾ ਨੂੰ ਦਿੱਤੇ ਗਏ ਤਸੀਹਿਆਂ ਬਾਰੇ ਦੱਸਦੀ ਹੈ। ਥੀਬਾ ਨੂੰ ਅੰਗਰੇਜ ਮਾਂਡਲੇ ਤੋਂ ਮਹਾਰਾਸਟਰ ਦੇ ਤੱਟ 'ਤੇ ਰਤਨਾਗਿਰੀ ਲੈ ਗਏ ਸਨ, ਜਿੱਥੇ ਉਸ ਦੀ 1916 ਵਿੱਚ ਇਕਲਾਪੇ ਵਿੱਚ ਮੌਤ ਹੋ ਗਈ ਸੀ। ਚੇਤੇ ਰਹੇ, ਅੰਗਰੇਜਾਂ ਨੇ 1857 ਦੀ ਬਗਾਵਤ ਨਾਕਾਮ ਹੋਣ ਮਗਰੋਂ ਮੁਗਲ ਬਾਦਸ਼ਾਹ ਬਹਾਦਰ ਸਾਹ ਜਫਰ ਨੂੰ ਵੀ ਜਲਾਵਤਨ ਕਰਕੇ ਰੰਗੂਨ ਭੇਜ ਦਿੱਤਾ ਸੀ, ਜਿੱਥੇ ਉਹ 1862 ਵਿੱਚ ਆਪਣੀ ਮੌਤ ਤੱਕ ਰਿਹਾ। ਅਸੀਂ ਅੱਜ ਭਾਰਤ ਅਤੇ ਇਸ ਦੇ ਪੂਰਬੀ ਗੁਆਂਢੀ ਮਿਆਂਮਾਰ ਦਰਮਿਆਨ ਰਹੇ ਡੂੰਘੇ ਰਿਸ਼ਤੇ ਨੂੰ ਭੁੱਲ ਗਏ ਜਾਪਦੇ ਹਾਂ। ਅਮਿਤਵ ਘੋਸ਼ ਨੇ 2000 ਵਿੱਚ 'ਦਿ ਗਲਾਸ ਪੈਲੇਸ' ਲਿਖ ਕੇ ਇਤਿਹਾਸ ਦੀਆਂ ਪੁਸਤਕਾਂ ਵਿੱਚੋਂ ਇੱਕ ਇਤਿਹਾਸਕ ਕਹਾਣੀ ਸਾਡੇ ਸਾਹਮਣੇ ਲਿਆਂਦੀ ਸੀ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਕਿਵੇਂ ਅੰਗਰੇਜਾਂ ਨੇ ਦੋ ਰਾਜਵੰਸ਼ਾਂ ਨੂੰ ਬੇਰਹਿਮੀ ਨਾਲ ਮਿਟਾ ਦਿੱਤਾ। ਭਾਰਤ ਅਤੇ ਬਰਮਾ ਦੋਵੇਂ ਬਰਤਾਨਵੀ ਰਾਜ ਦਾ ਹਿੱਸਾ ਰਹੇ। ਬਰਮਾ 1935 'ਚ ਇੱਕ ਸੁਤੰਤਰ ਦੇਸ ਵਜੋਂ ਹੋਂਦ




'ਚ ਆਇਆ ਸੀ। ਭਾਰਤੀ ਰੇਲਵੇ ਨੇ ਕਲਕੱਤਾ (ਕੋਲਕਾਤਾ) ਨੂੰ ਰੰਗੂਨ (ਯੈਂਗੌਨ) ਨਾਲ ਜੋੜਿਆ ਅਤੇ ਲੋਕ ਬਿਨਾਂ ਕਿਸੇ ਡਰ ਜਾਂ ਭੇਦ-ਭਾਵ ਤੋਂ ਸਰਹੱਦਾਂ, ਪਾਸਪੋਰਟਾਂ ਜਾਂ ਵੀਜਿਆਂ ਦੀ ਪਰਵਾਹ ਕੀਤੇ ਬਿਨਾਂ ਯਾਤਰਾ, ਕੰਮ ਤੇ ਵਿਆਹ ਕਰਦੇ ਅਤੇ ਪਰਿਵਾਰ ਅੱਗੇ ਵਧਾ ਲੈਂਦੇ ਸਨ। ਦਰਅਸਲ, ਵਿਸਾਲ ਭਾਰਤੀ ਉਪ-ਮਹਾਂਦੀਪ ਜੋ ਹਿਮਾਲਿਆ ਤੋਂ ਹਿੰਦ ਮਹਾਂਸਾਗਰ ਤੱਕ ਫੈਲਿਆ ਹੋਇਆ ਸੀ, ਵਿੱਚ ਲੋਕ ਬਿਨਾਂ ਵੀਜਾ, ਪਾਸਪੋਰਟ ਤੋਂ ਕਿਧਰੇ ਵੀ ਆ ਜਾ ਸਕਦੇ ਸਨ। ਦੂਜੀ ਆਲਮੀ ਜੰਗ ਦਾ ਇੱਕ ਵੱਡਾ ਹਿੱਸਾ ਯੂਰੋਪ ਅਤੇ ਅਫਰੀਕਾ ਦੇ ਯੁੱਧ ਦੇ ਮੈਦਾਨਾਂ ਵਿੱਚ ਨਹੀਂ ਸਗੋਂ ਬਰਮਾ ਅਤੇ ਮਲਾਇਆ ਵਿੱਚ ਲੜਿਆ ਗਿਆ ਸੀ, ਜਿਸ ਨੂੰ ਹੁਣ ਦੱਖਣ-ਪੂਰਬੀ ਏਸੀਆ ਕਿਹਾ ਜਾਂਦਾ ਹੈ। ਭਾਰਤੀ ਫੌਜੀ ਪੂਰਬ ਅਤੇ ਪੱਛਮ ਵਿੱਚ ਹਰ ਮੁਹਾਜ 'ਤੇ ਲੜੇ। ਮਿੱਤਰ ਦੇਸ਼ਾਂ ਲਈ ਲੜ ਰਹੇ ਲਗਭਗ 2.5 ਮਿਲੀਅਨ ਫੌਜੀਆਂ ਵਿੱਚੋਂ ਸਰਕਾਰੀ ਅੰਕੜਿਆਂ ਮੁਤਾਬਿਕ 87,000 ਫੌਜੀ ਮਾਰੇ ਗਏ ਸਨ। ਜਿਆਦਾਤਰ ਗੁਲਾਮ ਦੇਸ਼ਾਂ ਦੇ ਬਾਸ਼ਿੰਦੇ ਇਹ ਫੌਜੀ ਇੱਕ ਅਜਿਹੇ ਦੇਸ ਜਾਂ ਦੇਸਾਂ ਦੇ ਗੱਠਜੋੜ ਲਈ ਲੜ ਰਹੇ ਹਨ, ਜੋ ਉਨ੍ਹਾਂ ਦਾ ਆਪਣਾ ਵੀ ਨਹੀਂ ਸੀ।

ਅਮਿਤਵ ਘੋਸ ਦੀ ਇਹੋ ਖਾਸੀਅਤ ਹੈ ਕਿ ਉਸ ਦੀ ਰਚਨਾ ਤੱਥਾਂ ਅਤੇ ਕਲਪਨਾ ਦਾ ਸੁਮੇਲ ਹੁੰਦੀ ਹੈ। ਇਸ ਲਈ ਜਦੋਂ ਬਰਤਾਨਵੀ ਪ੍ਰਧਾਨ ਮੰਤਰੀ ਕੀਰ ਸਟਾਰਮਰ ਇਸ ਹਫਤੇ ਦੇ ਸੁਰੂ ਵਿੱਚ ਚੀਨ ਗਏ ਸਨ ਅਤੇ ਤੁਸੀਂ ਉਨ੍ਹਾਂ ਦੀਆਂ ਸੀ ਜਿਨਪਿੰਗ ਨਾਲ ਹੱਥ ਮਿਲਾਉਂਦਿਆਂ ਦੀਆਂ ਫੋਟੋਆਂ ਦੇਖੀਆਂ ਹੋਣਗੀਆਂ ਤਾਂ ਤੁਹਾਡਾ ਧਿਆਨ ਅਮਿਤਵ ਘੋਸ਼ ਦੀ ਤ੍ਰੈ-ਲੜੀ 'ਆਈਬਿਸ' ਵੱਲ ਜਰੂਰ ਗਿਆ ਹੋਵੇਗਾ। ਬੇਸ਼ੱਕ, ਅਜਿਹੀਆਂ ਥਾਵਾਂ 'ਤੇ ਵੀ ਪਿਆਰ ਹੁੰਦਾ ਹੈ, ਜਿੱਥੇ ਇਸ ਦੀ ਉੱਕਾ ਉਮੀਦ ਨਹੀਂ ਹੁੰਦੀ। ਲੋਕਾਂ ਦੀਆਂ ਜਿੰਦਗੀਆਂ ਦੀ ਇਹ ਸ਼ਾਨਦਾਰ ਕਹਾਣੀ ਕਈ ਮਹਾਂਦੀਪਾਂ ਵਿੱਚ ਫੈਲੀ ਹੈ, ਜਿਸ ਵਿੱਚ ਯੁੱਧ, ਵਪਾਰ ਅਤੇ ਸਭ ਸਿਆਸੀ ਖਾਹਿਸ਼ਾਂ ਦੇ ਆਖਰੀ ਹੱਲ ਅਫੀਮ ਦਾ ਵੀ ਜਿਕਰ ਹੈ। ਨਾਵਲ 'ਰਿਵਰ ਔਫ ਸਮੋਕ' ਦੱਸਦਾ ਹੈ ਕਿ ਬਹੁਤ ਸਾਰੇ ਚੀਨੀ ਇਤਿਹਾਸਕਾਰ ਕਿਉਂ ਇਹ ਮੰਨਦੇ ਹਨ ਕਿ 1839 'ਅਪਮਾਨ ਦੀ ਸਦੀ' ਦੀ ਸੁਰੂਆਤ ਸੀ, ਜੋ ਕਿ ਅਫੀਮ ਯੁੱਧਾਂ ਨਾਲ ਸੁਰੂ ਹੋ ਕੇ 1949 ਵਿੱਚ ਉਦੋਂ ਖਤਮ ਹੋਈ, ਜਦੋਂ ਮਾਓ ਜੇ ਤੁੰਗ ਆਪਣੀ ਲਾਲ ਫੌਜ ਨੂੰ ਪੇਈਚਿੰਗ ਦੇ ਐਨ ਵਿਚਕਾਰ ਲੈ ਗਿਆ। ਇਸ ਲਈ 'ਸੀਅ ਔਫ ਪੌਪੀਜ' ਪੜ੍ਹ ਕੇ ਪੂਰਵਾਂਚਲ ਵਿੱਚ ਗੰਗਾ ਕੰਢੇ ਗਾਜੀਪੁਰ ਵਿਚਲੀਆਂ ਅਫੀਮ ਫੈਕਟਰੀਆਂ ਅਤੇ ਦੁਨੀਆ ਭਰ ਵਿੱਚ ਬੰਧੂਆ ਮਜਦੂਰਾਂ ਵਜੋਂ ਲਿਜਾਏ ਗਏ ਭਾਰਤੀਆਂ ਦੇ ਜਬਰੀ ਪਰਵਾਸ ਵਿਚਲੇ ਸਬੰਧਾਂ ਦੀ ਸਮਝ ਆਉਂਦੀ ਹੈ। ਅਫੀਮ, ਇਸ ਦਾ ਮੁਨਾਫੇ ਵਾਲਾ ਵਪਾਰ ਅਤੇ ਸਾਮਰਾਜ ਬਣਾਉਣ ਤੇ ਰਾਸਟਰਵਾਦ ਨੂੰ ਦਬਾਉਣ ਵਿੱਚ ਇਸ ਦੀ ਭੂਮਿਕਾ 'ਰਿਵਰ ਔਫ ਸਮੋਕ' ਅਤੇ 'ਫਲੱਡ ਔਫ ਫਾਇਰ' ਦੋਵਾਂ ਦਾ ਵਿਸ਼ਾ ਹੈ।

'ਦਿ ਸੈਡੋ ਲਾਈਨਜ' ਦੀ ਕਾਪੀ ਸਾਇਦ ਇਨ੍ਹੀਂ ਦਿਨੀਂ ਮਿਲਦੀ ਨਹੀਂ। ਹਾਲਾਂਕਿ, ਬੰਗਲਾਦੇਸ ਦੀ ਸਿਆਸਤ ਜਿਸ ਤੇਜੀ ਨਾਲ ਬਦਲ ਰਹੀ ਹੈ, ਉਸ ਦੇ ਮੱਦੇਨਜਰ ਤੁਸੀਂ ਆਪਣੀ ਸਥਾਨਕ ਲਾਇਬ੍ਰੇਰੀ ਵਿੱਚ ਜਾ ਕੇ ਇਹ ਨਾਵਲ ਪੜ੍ਹਨਾ ਚਾਹੋਗੇ। ਆਓ ਹੁਣ 'ਗੰਨ ਆਈਲੈਂਡ' ਵੱਲ ਮੁੜੀਏ, ਜੋ ਵੈਨਿਸ, ਕੋਲਕਾਤਾ ਅਤੇ ਸੁੰਦਰਬਨ ਦਰਮਿਆਨ ਵਾਪਰਦੀ ਮੱਕੜੀਆਂ, ਪਰਵਾਸ ਅਤੇ ਕੁਦਰਤੀ ਆਫਤਾਂ ਬਾਰੇ ਇੱਕ ਕਾਲਪਨਿਕ ਕਹਾਣੀ ਹੈ। ਨਾਗਾਂ ਦੀ ਦੇਵੀ ਵਜੋਂ ਜਾਣੀ ਜਾਂਦੀ ਮਨਸਾ ਦੇਵੀ ਦੀ ਕਹਾਣੀ ਪਹਿਲਾਂ ਇੱਥੋਂ ਸੁਰੂ ਹੁੰਦੀ ਹੈ। ਨਾਵਲ 'ਦਿ ਹੰਗਰੀ ਟਾਈਡ' ਦੀ ਕਹਾਣੀ ਇੱਕ ਭਾਸ਼ਣ ਵਾਂਗ ਮਹਿਸੂਸ ਹੁੰਦੀ ਹੈ, ਜੋ ਸਾਨੂੰ ਜਲਵਾਯੂ ਪਰਿਵਰਤਨ ਦੇ ਸੰਕਟ ਬਾਰੇ ਕੁਝ ਨਾ ਕਰਨ ਲਈ ਲਾਹਨਤਾਂ ਪਾਉਂਦੀ ਹੈ। 'ਘੋਸਟ ਆਈ' ਦੀ ਕਹਾਣੀ ਉੱਥੋਂ ਹੀ ਸੁਰੂ ਹੁੰਦੀ ਹੈ ਜਿੱਥੇ 'ਗੰਨ ਆਈਲੈਂਡ' 'ਚ ਛੱਡੀ ਗਈ ਸੀ। ਬਹੁਤ ਸਾਰੇ ਪਾਤਰਾਂ ਦੇ ਨਾਂ ਵੀ ਇੱਕੋ ਜਿਹੇ ਹਨ। ਮਨਸਾ ਦੇਵੀ ਕਹਾਣੀ ਦਾ ਧੁਰਾ ਹੈ। ਜਦੋਂ ਹਕੀਕਤ ਕਲਪਨਾ ਨਾਲ ਟਕਰਾਉਂਦੀ ਜਾਪਦੀ ਹੈ ਤਾਂ ਅਮਿਤਵ ਬ੍ਰਹਿਮੰਡ ਨੂੰ ਇਕਜੁੱਟ ਕਰਨ ਦੀ ਕੋਸਿਸ ਕਰਦਿਆਂ ਪਿਛਲੇ ਜਨਮ, ਮਨੁੱਖੀ ਤੇ ਪਰਾ-ਮਨੁੱਖੀ ਅਤੇ ਹਰ ਚੀਜ ਨੂੰ ਵਿਗਿਆਨ ਤੇ ਮਿਥਿਹਾਸ ਦੇ ਇੱਕੋ ਕੜਾਹੇ ਵਿੱਚ ਇਕੱਠਾ ਕਰਕੇ ਮਿਲਗੋਭਾ ਬਣਾਉਂਦਾ ਹੈ। ਕਹਾਣੀਆਂ ਦੇ ਸਮੁੰਦਰ ਭਾਵ ਕਥਾਸਰਿਤਸਾਗਰ ਦੇ ਮੰਥਨ ਤੋਂ 'ਘੋਸਟ ਆਈ' ਉਪਜਦੀ ਹੈ।

ਚੰਡੀਗੜ੍ਹ ਦੇ ਬਾਹਰਵਾਰ ਪੰਚਕੂਲਾ ਵਿੱਚ ਮਨਸਾ ਦੇਵੀ ਦਾ ਮੰਦਰ ਹੈ, ਜਿਸ ਨੂੰ ਸਕਤੀ ਦੇਵੀ ਦਾ ਇੱਕ ਰੂਪ ਮੰਨਿਆ ਜਾਂਦਾ ਹੈ। ਇਹ ਸਪੱਸਟ ਨਹੀਂ ਹੈ ਕਿ ਕੀ ਇਹ ਮਨਸਾ ਦੇਵੀ 'ਘੋਸਟ ਆਈ' ਦਾ ਧੁਰਾ ਬਣਾਈ ਗਈ ਨਾਗਾਂ ਦੀ ਦੇਵੀ ਹੀ ਹੈ। ਪਰ ਜੇ ਇਹ ਉਹੀ ਦੇਵੀ ਹੈ ਤਾਂ ਸਾਇਦ ਇਹ ਘੋਸ ਦੇ ਜੀਵਨ ਪ੍ਰਤੀ ਦ੍ਰਿਸਟੀਕੋਣ 'ਤੇ ਮੁੜ ਵਿਚਾਰ ਕਰਨ ਦਾ ਸਮਾਂ ਹੈ, ਜਿੱਥੇ ਉਹ ਕਾਰਲ ਜੰਗ ਦੇ ਹਵਾਲੇ ਨਾਲ ਕਹਿੰਦਾ ਹੈ, "ਸੰਯੋਗ ਕੋਈ ਨਹੀਂ ਹੁੰਦੇ, ਬਸ ਇੱਕੋ ਕਾਲ ਦੀਆਂ ਗੱਲਾਂ ਤੇ ਵਰਤਾਰੇ ਹੁੰਦੇ ਹਨ।" ਇਸ ਦਾ ਮਤਲਬ ਹੈ ਕਿ ਜਦੋਂ ਤੁਸੀਂ ਇਸ ਹਫਤੇ ਉਸਤਾਦ ਦੀਆਂ ਲਿਖਤਾਂ ਪੜ੍ਹੋਗੇ ਤਾਂ ਇਹ ਸਿਰਫ ਘਟਨਾਕ੍ਰਮ ਬਾਰੇ ਨਹੀਂ ਹੈ ਸਗੋਂ ਕਿਤਾਬਾਂ, ਪੜ੍ਹਨ, ਸਿੱਖਿਆ ਅਤੇ ਸਿੱਖਣ ਦੇ ਨਾਲ ਦੁਬਾਰਾ ਜੁੜਨਾ ਵੀ ਹੋਵੇਗਾ।

ਜਯੋਤੀ ਮਲਹੋਤਰਾ

# ਭਾਰਤ ਦਾ ਪਹਿਲਾ ਜੰਗੀ ਡਰੋਨ - ਕਾਲ ਭੈਰਵ

ਭਾਰਤ ਨੇ ਰੱਖਿਆ ਤਕਨੀਕ ਦੇ ਖੇਤਰ ਵਿੱਚ ਇੱਕ ਨਵਾਂ ਅਤੇ ਇਤਿਹਾਸਕ ਮੀਲ ਪੱਥਰ ਸਥਾਪਤ ਕੀਤਾ ਹੈ। ਬੰਗਲੌਰ ਸਥਿਤ ਇੱਕ ਸਟਾਰਟਅਪ, ਫਲਾਇੰਗ ਵੈੱਜ ਡਿਫੈਂਸ ਐਂਡ ਏਰੋਸਪੇਸ (ਐਫਡਬਲਯੂਡੀਏ), ਨੇ ਭਾਰਤ ਦਾ ਪਹਿਲਾ ਸਵਦੇਸੀ ਮੀਡੀਅਮ ਐਲਟੀਚਿਊਡ ਲੌਂਗ ਇੰਡਿਊਰੈਂਸ ਜੰਗੀ ਡਰੋਨ "ਕਾਲ ਭੈਰਵ" ਵਿਕਸਤ ਕਰਕੇ ਦੁਨੀਆ ਭਰ ਵਿੱਚ ਭਾਰਤ ਦੀ ਤਕਨੀਕੀ ਸਮਰੱਥਾ ਦਾ ਡੰਕਾ ਵਜਾਇਆ ਹੈ। ਸਿਰਫ 1 ਕਰੋੜ ਡਾਲਰ ਦੀ ਲਾਗਤ ਨਾਲ ਤਿਆਰ ਕੀਤਾ ਗਿਆ ਇਹ ਡਰੋਨ ਅਮਰੀਕਾ ਦੇ ਮਸਹੂਰ ਐਮ.ਕਿਊ -9 ਪ੍ਰੀਡੇਟਰ ਡਰੋਨ ਨਾਲੋਂ 10 ਗੁਣਾ ਸਸਤਾ ਹੈ, ਜੋ ਇਸ ਦੀ ਵਿਲੱਖਣਤਾ ਅਤੇ ਭਾਰਤ ਦੀ ਨਵੀਨਤਮ ਸਮਰੱਥਾ ਨੂੰ ਦਰਸਾਉਂਦਾ ਹੈ। ਇਸ ਦੇ ਨਾਲ ਹੀ, 30 ਮਿਲੀਅਨ ਡਾਲਰ ਦਾ ਇੱਕ ਨਿਰਯਾਤ ਸੌਦਾ ਸਾਈਨ ਹੋਣ ਨਾਲ ਭਾਰਤ ਨੇ ਵਿਸਵ ਪੱਧਰ 'ਤੇ ਜੰਗੀ ਡਰੋਨ ਨਿਰਮਾਤਾਵਾਂ ਦੀ ਸੂਚੀ ਵਿੱਚ ਆਪਣਾ ਨਾਮ ਸਾਮਲ ਕਰ ਲਿਆ ਹੈ। ਇਹ ਪ੍ਰਾਪਤੀ ਨਾ ਸਿਰਫ ਭਾਰਤ ਦੀ ਰੱਖਿਆ ਉਦਯੋਗ ਵਿੱਚ ਸਵੈ-ਨਿਰਭਰਤਾ ਦੀ ਮਿਸਾਲ ਹੈ, ਸਗੋਂ ਅੰਤਰਰਾਸਟਰੀ ਬਾਜਾਰ ਵਿੱਚ ਭਾਰਤ ਦੀ ਮੌਜੂਦਗੀ ਨੂੰ ਵੀ ਮਜਬੂਤ ਕਰਦੀ ਹੈ।




ਭਾਰਤ ਦੀ ਰੱਖਿਆ ਤਕਨੀਕ ਦੇ ਖੇਤਰ ਵਿੱਚ ਇਹ ਪ੍ਰਾਪਤੀ "ਆਤਮਨਿਰਭਰ ਭਾਰਤ" ਮੁਹਿੰਮ ਦਾ ਇੱਕ ਜੀਵੰਤ ਪ੍ਰਤੀਕ ਹੈ। ਸਰਕਾਰ ਦੀ ਇਸ ਪਹਿਲਕਦਮੀ ਦਾ ਮੁੱਖ ਉਦੇਸ ਸਵਦੇਸੀ ਤਕਨੀਕ ਨੂੰ ਉਤਸਾਹਿਤ ਕਰਨਾ ਅਤੇ ਵਿਦੇਸੀ ਰੱਖਿਆ ਪ੍ਰਣਾਲੀਆਂ 'ਤੇ ਨਿਰਭਰਤਾ ਨੂੰ ਘਟਾਉਣਾ ਹੈ। ਪਿਛਲੇ ਕੁਝ ਸਾਲਾਂ ਵਿੱਚ, ਭਾਰਤ ਨੇ ਰੱਖਿਆ ਨਿਰਮਾਣ ਦੇ ਖੇਤਰ ਵਿੱਚ ਕਈ ਮਹੱਤਵਪੂਰਨ ਕਦਮ ਚੁੱਕੇ ਹਨ, ਜਿਨ੍ਹਾਂ ਵਿੱਚ ਸਵਦੇਸੀ ਜੰਗੀ ਜਹਾਜ, ਮਿਸਾਈਲ ਸਿਸਟਮ ਅਤੇ ਹੁਣ ਜੰਗੀ ਡਰੋਨ ਸਾਮਲ ਹਨ। ਕਾਲ ਭੈਰਵ ਦਾ ਵਿਕਾਸ ਇਸੇ ਦਿਸਾ ਵਿੱਚ ਇੱਕ ਵੱਡਾ ਕਦਮ ਹੈ, ਜੋ ਨਾ ਸਿਰਫ ਭਾਰਤ ਦੀ ਸੁਰੱਖਿਆ ਜਰੂਰਤਾਂ ਨੂੰ ਪੂਰਾ ਕਰਦਾ ਹੈ, ਸਗੋਂ ਅੰਤਰਰਾਸਟਰੀ ਪੱਧਰ 'ਤੇ ਵੀ ਇਸ ਦੀ ਮੰਗ ਨੂੰ ਦਰਸਾਉਂਦਾ ਹੈ।

ਕਾਲ ਭੈਰਵ ਡਰੋਨ ਦੀ ਸਭ ਤੋਂ ਵੱਡੀ ਵਿਸੇਸਤਾ ਇਸ ਦੀ ਲਾਗਤ-ਪ੍ਰਭਾਵਸੀਲਤਾ ਹੈ। ਜਿੱਥੇ ਅਮਰੀਕਾ ਦਾ ਐਮ.ਕਿਊ-9 ਪ੍ਰੀਡੇਟਰ ਡਰੋਨ ਅਤੇ ਇਜਰਾਈਲ ਦੇ ਸਰਚਰ ਜਿਹੇ ਡਰੋਨਾਂ ਦੀ ਲਾਗਤ ਕਈ ਗੁਣਾ ਵੱਧ ਹੈ, ਉੱਥੇ ਕਾਲ ਭੈਰਵ ਨੂੰ ਸਿਰਫ 10 ਮਿਲੀਅਨ ਡਾਲਰ ਦੀ ਲਾਗਤ ਨਾਲ ਵਿਕਸਤ ਕੀਤਾ ਗਿਆ ਹੈ। ਇਹ ਨਾ ਸਿਰਫ ਭਾਰਤ ਦੀ ਤਕਨੀਕੀ ਸਮਰੱਥਾ ਨੂੰ ਦਰਸਾਉਂਦਾ ਹੈ, ਸਗੋਂ ਇਹ ਵੀ ਸਾਬਤ ਕਰਦਾ ਹੈ ਕਿ ਭਾਰਤ ਘੱਟ ਲਾਗਤ ਵਿੱਚ ਉੱਚ ਗੁਣਵੱਤਾ ਵਾਲੀ ਰੱਖਿਆ ਤਕਨੀਕ ਵਿਕਸਤ ਕਰ ਸਕਦਾ ਹੈ। ਇਸ ਦੀ ਸਫਲਤਾ ਦਾ ਸਬੂਤ 30 ਮਿਲੀਅਨ ਡਾਲਰ ਦਾ ਨਿਰਯਾਤ ਸੌਦਾ ਹੈ, ਜੋ ਇੱਕ ਅਣਪਛਾਤੇ ਦੱਖਣੀ ਏਸੀਆਈ ਦੇਸ ਨਾਲ ਸਾਈਨ ਕੀਤਾ ਗਿਆ ਹੈ। ਇਸ ਸੌਦੇ ਵਿੱਚ ਡਰੋਨ ਦੇ ਨਾਲ-ਨਾਲ ਮੇਨਟੇਨੈਂਸ, ਰਿਪੇਅਰ ਅਤੇ ਓਵਰਹਾਲ ਸੇਵਾਵਾਂ ਵੀ ਸਾਮਲ ਹਨ, ਜੋ ਇਸ ਦੀ ਵਪਾਰਕ ਸੰਭਾਵਨਾ ਨੂੰ ਹੋਰ ਮਜਬੂਤ ਕਰਦੀਆਂ ਹਨ।

ਕਾਲ ਭੈਰਵ ਨੂੰ ਬੰਗਲੌਰ ਦੇ ਇੱਕ ਸਮਾਗਮ ਵਿੱਚ ਅਧਿਕਾਰਤ ਤੌਰ 'ਤੇ ਲਾਂਚ ਕੀਤਾ ਗਿਆ, ਜੋ ਦਾ ਲਲਿਤ ਅਸੋਕ ਹੋਟਲ ਵਿਖੇ ਆਯੋਜਿਤ ਕੀਤਾ ਗਿਆ ਸੀ। ਇਸ ਮੌਕੇ 'ਤੇ ਰੱਖਿਆ ਖੇਤਰ ਦੇ ਮਾਹਿਰਾਂ, ਸਰਕਾਰੀ ਅਧਿਕਾਰੀਆਂ ਅਤੇ ਉਦਯੋਗਿਕ ਨੇਤਾਵਾਂ ਨੇ ਸਿਰਕਤ ਕੀਤੀ, ਜਿਨ੍ਹਾਂ ਨੇ ਇਸ ਪ੍ਰਾਪਤੀ ਨੂੰ ਭਾਰਤ ਦੀ ਰੱਖਿਆ ਨਿਰਮਾਣ ਸਮਰੱਥਾ ਦਾ ਇੱਕ ਮਹੱਤਵਪੂਰਨ ਪ੍ਰਦਰਸਨ ਮੰਨਿਆ। ਇਹ ਡਰੋਨ ਨਾ ਸਿਰਫ ਭਾਰਤ ਦੀ ਸੁਰੱਖਿਆ ਜਰੂਰਤਾਂ ਨੂੰ ਪੂਰਾ ਕਰਨ ਲਈ ਤਿਆਰ ਕੀਤਾ ਗਿਆ ਹੈ, ਸਗੋਂ ਇਸ ਦੀ ਡਿਜਾਈਨ ਅਤੇ ਤਕਨੀਕੀ ਵਿਸੇਸਤਾਵਾਂ ਅੰਤਰਰਾਸਟਰੀ ਮਾਪਦੰਡਾਂ ਨੂੰ ਵੀ ਪੂਰਾ ਕਰਦੀਆਂ ਹਨ। ਇਸ ਦੇ ਨਾਲ ਹੀ 3,000 ਕਿਲੋਮੀਟਰ ਦੀ ਰੇਂਜ ਵਾਲਾ ਇਹ ਆਰਟੀਫਿਸ਼ਲ ਇੰਨਟੈਲੀਜੈਂਸ ਸੰਚਾਲਿਤ ਡਰੋਨ ਆਧੁਨਿਕ ਜੰਗੀ ਤਕਨੀਕ ਦੀਆਂ ਸਾਰੀਆਂ ਜਰੂਰਤਾਂ ਨੂੰ ਪੂਰਾ ਕਰਨ ਦੀ ਸਮਰੱਥਾ ਰੱਖਦਾ ਹੈ।

ਇਸ ਪ੍ਰੋਜੈਕਟ ਦੀ ਸਫਲਤਾ ਦਾ ਸਿਹਰਾ ਫਲਾਇੰਗ ਵੈੱਜ ਡਿਫੈਂਸ ਐਂਡ ਏਰੋਸਪੇਸ ਦੀ ਨੌਜਵਾਨ ਅਤੇ ਨਵੀਨਤਮ ਟੀਮ ਨੂੰ ਜਾਂਦਾ ਹੈ, ਜਿਸ ਨੇ ਸੀਮਤ ਸਰੋਤਾਂ ਦੇ ਬਾਵਜੂਦ ਇੱਕ ਅਜਿਹੀ ਤਕਨੀਕ ਵਿਕਸਤ ਕੀਤੀ, ਜੋ ਵਿਸਵ ਪੱਧਰ 'ਤੇ ਮੁਕਾਬਲਾ ਕਰ ਸਕਦੀ ਹੈ। ਇਸ ਸਟਾਰਟਅਪ ਨੇ ਨਾ ਸਿਰਫ ਤਕਨੀਕੀ ਖੇਤਰ ਵਿੱਚ ਨਵੀਨਤਾ ਦੀ ਮਿਸਾਲ ਕਾਇਮ ਕੀਤੀ, ਸਗੋਂ ਭਾਰਤ ਦੀ ਸਟਾਰਟਅਪ ਈਕੋਸਿਸਟਮ ਦੀ ਸਮਰੱਥਾ ਨੂੰ ਵੀ ਸਾਬਤ ਕੀਤਾ। ਭਾਰਤ ਸਰਕਾਰ ਦੀਆਂ ਨੀਤੀਆਂ, ਜਿਵੇਂ ਕਿ ਮੇਕ ਇਨ ਇੰਡੀਆ ਅਤੇ ਸਟਾਰਟਅਪ ਇੰਡੀਆ, ਨੇ ਵੀ ਇਸ ਪ੍ਰੋਜੈਕਟ ਨੂੰ ਸਫਲ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਸਰਕਾਰ ਦੁਆਰਾ ਸਟਾਰਟਅਪਸ ਨੂੰ ਦਿੱਤੀ ਜਾ ਰਹੀ ਵਿੱਤੀ ਅਤੇ ਨੀਤੀਗਤ ਸਹਾਇਤਾ ਨੇ ਨੌਜਵਾਨ ਉੱਦਮੀਆਂ ਨੂੰ ਵੱਡੇ ਸੁਪਨੇ ਦੇਖਣ ਅਤੇ ਉਨ੍ਹਾਂ ਨੂੰ ਪੂਰਾ ਕਰਨ ਦਾ ਹੌਸਲਾ ਦਿੱਤਾ ਹੈ। ਕਾਲ ਭੈਰਵ ਦੀ ਸਫਲਤਾ ਦਾ ਇੱਕ ਹੋਰ ਮਹੱਤਵਪੂਰਨ ਪਹਿਲੂ ਇਸ ਦੀ ਨਿਰਯਾਤ ਸੰਭਾਵਨਾ ਹੈ ਅਤੇ 30 ਮਿਲੀਅਨ ਡਾਲਰ ਦਾ ਸੌਦਾ ਇਸ ਗੱਲ ਦਾ ਸੰਕੇਤ ਹੈ ਕਿ ਭਾਰਤ ਦੀ ਸਵਦੇਸੀ ਰੱਖਿਆ ਤਕਨੀਕ ਨੂੰ ਅੰਤਰਰਾਸਟਰੀ ਬਾਜਾਰ ਵਿੱਚ ਵੀ ਮਾਨਤਾ ਮਿਲ ਰਹੀ ਹੈ। ਇਹ ਸੌਦਾ ਸਿਰਫ ਇੱਕ ਸੁਰੂਆਤ ਹੈ ਅਤੇ ਭਵਿੱਖ ਵਿੱਚ ਹੋਰ ਦੇਸਾਂ ਨਾਲ ਅਜਿਹੇ ਸੌਦੇ ਸੰਭਵ ਹਨ। ਇਹ ਨਾ ਸਿਰਫ ਭਾਰਤ ਦੀ ਆਰਥਿਕਤਾ ਨੂੰ ਮਜਬੂਤ ਕਰੇਗਾ, ਸਗੋਂ ਭਾਰਤ ਨੂੰ ਰੱਖਿਆ ਉਪਕਰਣਾਂ ਦੇ ਨਿਰਯਾਤ ਵਿੱਚ ਇੱਕ ਮਹੱਤਵਪੂਰਨ ਖਿਡਾਰੀ ਵਜੋਂ ਸਥਾਪਤ ਕਰੇਗਾ।

ਇਸ ਡਰੋਨ ਦੀਆਂ ਤਕਨੀਕੀ ਵਿਸੇਸਤਾਵਾਂ ਵੀ ਧਿਆਨ ਦੇਣ ਯੋਗ ਹਨ। ਆਰਟੀਫਿਸ਼ਲ ਇੰਨਟੈਲੀਜੈਂਸ ਸੰਚਾਲਿਤ ਇਹ ਡਰੋਨ ਨਾ ਸਿਰਫ ਨਿਗਰਾਨੀ ਅਤੇ ਖੁਫੀਆ ਜਾਣਕਾਰੀ ਇਕੱਠੀ ਕਰਨ ਵਿੱਚ ਸਮਰੱਥ ਹੈ, ਸਗੋਂ ਜੰਗੀ ਮਿਸਨਾਂ ਵਿੱਚ ਵੀ ਪ੍ਰਭਾਵਸਾਲੀ ਭੂਮਿਕਾ ਨਿਭਾ ਸਕਦਾ ਹੈ। ਇਸ ਦੀ 3,000 ਕਿਲੋਮੀਟਰ ਦੀ ਰੇਂਜ ਇਸ ਨੂੰ ਲੰਬੇ ਸਮੇਂ ਤੱਕ ਅਤੇ ਦੂਰ-ਦੁਰਾਡੇ ਦੇ ਮਿਸਨਾਂ ਲਈ ਢੁਕਵਾਂ ਬਣਾਉਂਦੀ ਹੈ। ਨਾਲ ਹੀ, ਇਸ ਦੀ ਆਟੋਨੋਮਸ ਸਮਰੱਥਾ ਇਸ ਨੂੰ ਆਧੁਨਿਕ ਜੰਗ ਦੀਆਂ ਜਰੂਰਤਾਂ ਦੇ ਅਨੁਕੂਲ ਬਣਾਉਂਦੀ ਹੈ, ਜਿੱਥੇ ਤੇਜੀ ਅਤੇ ਸਟੀਕਤਾ ਦੀ ਮੰਗ ਵਧ ਰਹੀ ਹੈ। ਇਸ ਪ੍ਰਾਪਤੀ ਦਾ ਭਾਰਤ ਦੀ ਰੱਖਿਆ ਰਣਨੀਤੀ 'ਤੇ ਵੀ ਡੂੰਘਾ ਪ੍ਰਭਾਵ ਪਵੇਗਾ। ਪਿਛਲੇ ਕੁਝ ਸਾਲਾਂ ਵਿੱਚ, ਭਾਰਤ ਨੇ ਵਿਦੇਸੀ ਰੱਖਿਆ ਉਪਕਰਣਾਂ 'ਤੇ ਬਹੁਤ ਜਿਆਦਾ ਨਿਰਭਰਤਾ ਦਿਖਾਈ ਹੈ। ਅਮਰੀਕਾ, ਰੂਸ ਅਤੇ ਇਜਰਾਈਲ ਵਰਗੇ ਦੇਸਾਂ ਤੋਂ ਮਹਿੰਗੇ ਡਰੋਨ ਅਤੇ ਹੋਰ ਸੁਰੱਖਿਆ ਪ੍ਰਣਾਲੀਆਂ ਦੀ ਖਰੀਦ ਨੇ ਭਾਰਤ ਦੇ ਰੱਖਿਆ ਬਜਟ 'ਤੇ ਕਾਫੀ ਦਬਾਅ ਪਾਇਆ ਹੈ। ਕਾਲ ਭੈਰਵ ਵਰਗੇ ਸਵਦੇਸੀ ਡਰੋਨ ਦਾ ਵਿਕਾਸ ਇਸ ਨਿਰਭਰਤਾ ਨੂੰ ਘਟਾਉਣ ਅਤੇ ਭਾਰਤ ਨੂੰ ਰਣਨੀਤਕ ਤੌਰ 'ਤੇ ਸੁਤੰਤਰ ਬਣਾਉਣ ਵਿੱਚ ਮਦਦ ਕਰੇਗਾ।

ਇਸ ਦੇ ਨਾਲ ਹੀ, ਇਹ ਪ੍ਰੋਜੈਕਟ ਭਾਰਤ ਦੀ ਨੌਜਵਾਨ ਪੀੜ੍ਹੀ ਲਈ ਵੀ ਇੱਕ ਪ੍ਰੇਰਣਾ ਸਰੋਤ ਹੈ। ਫਲਾਇੰਗ ਵੈੱਜ ਵਰਗੇ ਸਟਾਰਟਅਪਸ ਦੀ ਸਫਲਤਾ ਇਹ ਸਾਬਤ ਕਰਦੀ ਹੈ ਕਿ ਸੀਮਤ ਸਰੋਤਾਂ ਦੇ ਬਾਵਜੂਦ, ਸਖਤ ਮਿਹਨਤ ਅਤੇ ਨਵੀਨਤਮ ਸੋਚ ਨਾਲ ਵੱਡੀਆਂ ਪ੍ਰਾਪਤੀਆਂ ਸੰਭਵ ਹਨ। ਇਹ ਨੌਜਵਾਨ ਉੱਦਮੀਆਂ ਨੂੰ ਰੱਖਿਆ, ਏਰੋਸਪੇਸ ਅਤੇ ਤਕਨੀਕ ਦੇ ਖੇਤਰ ਵਿੱਚ ਨਵੇਂ ਸੁਪਨੇ ਦੇਖਣ ਲਈ ਪ੍ਰੇਰਿਤ ਕਰੇਗਾ। ਕੁੱਲ ਮਿਲਾ ਕੇ, ਕਾਲ ਭੈਰਵ ਡਰੋਨ ਦਾ ਵਿਕਾਸ ਭਾਰਤ ਦੀ ਰੱਖਿਆ ਉਦਯੋਗ ਵਿੱਚ ਇੱਕ ਨਵੇਂ ਯੁੱਗ ਦੀ ਸੁਰੂਆਤ ਹੈ। ਇਹ ਨਾ ਸਿਰਫ ਭਾਰਤ ਦੀ ਸੁਰੱਖਿਆ ਸਮਰੱਥਾ ਨੂੰ ਮਜਬੂਤ ਕਰਦਾ ਹੈ, ਸਗੋਂ ਵਿਸਵ ਪੱਧਰ 'ਤੇ ਭਾਰਤ ਨੂੰ ਇੱਕ ਸੁਪਰਪਾਵਰ ਦੇ ਰੂਪ ਵਿੱਚ ਸਥਾਪਤ ਕਰਨ ਦੀ ਸੰਭਾਵਨਾ ਵੀ ਰੱਖਦਾ ਹੈ। ਇਸ ਦੀ ਸਫਲਤਾ ਨੇ ਸਾਬਤ ਕਰ ਦਿੱਤਾ ਹੈ ਕਿ ਭਾਰਤ ਸਿਰਫ ਤਕਨੀਕੀ ਨਵੀਨਤਾ ਵਿੱਚ ਹੀ ਨਹੀਂ, ਸਗੋਂ ਵਿਸਵ ਬਾਜਾਰ ਵਿੱਚ ਮੁਕਾਬਲੇ ਦੀ ਸਮਰੱਥਾ ਵੀ ਰੱਖਦਾ ਹੈ। ਆਉਣ ਵਾਲੇ ਸਮੇਂ ਵਿੱਚ, ਕਾਲ ਭੈਰਵ ਵਰਗੇ ਪ੍ਰੋਜੈਕਟਸ ਭਾਰਤ ਨੂੰ ਰੱਖਿਆ ਨਿਰਮਾਣ ਦੇ ਖੇਤਰ ਵਿੱਚ ਇੱਕ ਮੋਹਰੀ ਦੇਸ ਵਜੋਂ ਸਥਾਪਤ ਕਰਨਗੇ।

ਸੰਦੀਪ ਕੁਮਾਰ

# ਚਾਈਨਾ ਡੋਰ ਦੇ ਖ਼ਾਤਮੇ ਲਈ ਸਾਡਾ ਸੰਕਲਪ ਸਭ ਤੋਂ ਅਹਿਮ

ਸਰਦੀਆਂ ਦੀ ਸ਼ੁਰੂਆਤ 'ਚ ਤਿਉਹਾਰਾਂ ਦੀ ਆਮਦ ਸ਼ੁਰੂ ਹੋ ਜਾਂਦੀ ਹੈ। ਇਨ੍ਹਾਂ ਸਾਰੇ ਤਿਉਹਾਰਾਂ ਵਿੱਚੋਂ ਪਤੰਗਬਾਜ਼ੀ ਦਾ ਤਿਉਹਾਰ ਸਭ ਤੋਂ ਵੱਧ ਲੰਮਾ ਹੋ ਨਿਬੜਦਾ ਹੈ, ਅਖੀਰ ਲੋਹੜੀ ਅਤੇ ਬਸੰਤ ਪੰਚਮੀ ਵਾਲੇ ਦਿਨ ਇਸ ਤਿਉਹਾਰ ਨੂੰ ਪੂਰੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਪਿਛਲੇ ਦਹਾਕਿਆਂ ਦੀ ਗੱਲ ਕਰੀਏ ਤਾਂ ਇਸ ਤਿਉਹਾਰ ਨੂੰ ਹਰ ਵਿਅਕਤੀ ਆਪਣੀਆਂ ਭਾਈਚਾਰਕ ਖ਼ੁਸ਼ੀਆਂ ਲਈ ਮਨਾਉਂਦਾ ਸੀ, ਪਰ ਅੱਜਕੱਲ੍ਹ ਇਹ ਖ਼ੂਨੀ ਤਿਉਹਾਰ ਬਣ ਚੁੱਕਾ ਹੈ। ਆਖ਼ਰ ਕਿਸ ਕਾਰਨ ਅਸੀਂ ਖ਼ੁਦ ਇਸ ਤਿਉਹਾਰ ਨੂੰ ਗ੍ਰਹਿਣ ਲਗਾ ਦਿੱਤਾ ਹੈ? ਇਸ ਸਵਾਲ ਦਾ ਜਵਾਬ ਪਤੰਗਬਾਜ਼ੀ ਵਿੱਚ ਵਰਤੀ ਜਾਣ ਵਾਲੀ ਡੋਰ ਹੈ, ਜਿਸ ਨੂੰ ਚਾਈਨਾ ਡੋਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਚਾਈਨਾ ਡੋਰ ਹਰੇਕ ਸਾਲ ਅਨੇਕਾਂ ਮਨੁੱਖੀ ਜਾਨਾਂ ਜਾਣ ਦਾ ਕਾਰਨ ਬਣਦੀ ਹੈ ਅਤੇ ਆਸਮਾਨ ਵਿੱਚ ਉੱਡਦੇ ਪੰਛੀ ਵੀ ਇਸ ਵਿੱਚ ਫਸ ਕੇ ਤੜਫ਼-ਤੜਫ਼ ਕੇ ਆਪਣੀ ਜਾਨ ਗੁਆ ਬੈਠਦੇ ਹਨ। ਇਸ ਡੋਰ ਨੂੰ ਬੰਦ ਕਰਾਉਣ ਲਈ ਹਰ ਸਾਲ ਸਮਾਜ ਹਿਤੈਸ਼ੀ ਆਪੋ ਆਪਣੇ ਢੰਗ ਨਾਲ ਯੋਗਦਾਨ ਪਾਉਂਦੇ ਹਨ। ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਪ੍ਰਸ਼ਾਸਨਿਕ ਅਧਿਕਾਰੀ ਵੀ ਪੂਰਾ ਤਾਣ ਲਾਉਂਦੇ ਜਾਪਦੇ ਹਨ, ਪਰ ਇਸ ਡੋਰ ਨੂੰ ਬੰਦ ਕਰਾਉਣ ਵਿੱਚ ਕਾਮਯਾਬੀ ਅੱਜ ਤੱਕ ਨਹੀਂ ਮਿਲੀ।

ਪ੍ਰਸ਼ਾਸਨ ਦੇ ਇਸ ਵਿੱਚ ਨਾਕਾਮ ਰਹਿਣ ਦਾ ਜ਼ਿੰਮੇਵਾਰ ਕੌਣ ਹੈ? ਇਸ ਸਵਾਲ ਦਾ ਜਵਾਬ ਕਾਫ਼ੀ ਪੇਚੀਦਾ ਹੈ। ਚਾਈਨਾ ਡੋਰ ਹਰ ਸਾਲ ਪੂਰੇ ਧੜੱਲੇ ਨਾਲ ਵੇਚੀ ਜਾਂਦੀ ਹੈ, ਲੋਕ ਇਸ ਨੂੰ ਖਰੀਦਦੇ ਵੀ ਹਨ ਅਤੇ ਪਤੰਗ ਵੀ ਚੜ੍ਹਾਉਂਦੇ ਹਨ। ਆਖ਼ਰ ਘਾਟ ਕਿੱਥੇ ਹੈ? ਪੰਜਾਬੀ ਦੀ ਕਹਾਵਤ ਹੈ, 'ਚੋਰ ਨੂੰ ਨਾ ਮਾਰੋ, ਉਸ ਦੀ ਮਾਂ ਨੂੰ ਮਾਰੋ।' ਦਰਅਸਲ, ਸਾਡਾ ਪ੍ਰਸ਼ਾਸਨ ਹਰ ਸਾਲ ਚੋਰ ਨੂੰ ਤਾਂ ਮਾਰਦਾ ਹੈ, ਪਰ ਉਸ ਦੀ ਮਾਂ ਨੂੰ ਕੁਝ ਨਹੀਂ ਕਹਿੰਦਾ, ਭਾਵ ਡੋਰ ਵੇਚਣ ਅਤੇ ਖਰੀਦਣ ਵਾਲਿਆਂ ਵਿਰੁੱਧ ਤਾਂ ਕਾਰਵਾਈ ਕਰਦਾ ਹੈ, ਪਰ ਜਿੱਥੇ ਡੋਰ ਬਣਦੀ ਹੈ ਜਾਂ ਜਿੱਥੋਂ ਆਉਂਦੀ ਹੈ ਉਨ੍ਹਾਂ ਨੂੰ ਕੋਈ ਹੱਥ ਨਹੀਂ ਪਾਉਂਦਾ। ਸ਼ਾਇਦ ਅਜਿਹੇ ਲੋਕਾਂ ਦਾ ਰੱਖਿਆ ਕਵਚ ਹੀ ਇੰਨਾ ਮਜ਼ਬੂਤ ਹੈ ਕਿ ਕੋਈ ਹੱਥ ਪਾਉਣ ਦੀ ਹਿੰਮਤ ਨਹੀਂ ਕਰਦਾ। ਸਾਡੇ ਭਾਰਤ ਵਿੱਚ ਅਜਿਹੇ ਲੋਕਾਂ ਦਾ ਰੱਖਿਆ ਕਵਚ ਬਹੁਤੀ ਵਾਰ ਸਿਆਸੀ ਆਗੂ ਹੀ ਬਣਦੇ ਹਨ,



ਜਿਨ੍ਹਾਂ ਨੂੰ ਆਮ ਲੋਕੀਂ ਵੋਟਾਂ ਪਾ ਕੇ ਜਿਤਾਉਂਦੇ ਹਨ। ਅਜਿਹੇ ਸਿਆਸੀ ਆਗੂ ਆਪਣੇ ਨਿੱਜੀ ਸੁਆਰਥਾਂ ਜਾਂ ਧਨ ਦੇ ਲਾਲਚ 'ਚ ਆ ਕੇ ਗੁਨਾਹਗਾਰਾਂ ਦਾ ਸਾਥ ਦਿੰਦੇ ਹਨ। ਅਜਿਹੀ ਹਾਲਤ ਵਿੱਚ ਬੁੱਧੀਜੀਵੀ ਅਖਵਾਉਣ ਵਾਲੇ ਵੀ ਸਰਕਾਰਾਂ ਸਿਰ ਭਾਂਡਾ ਭੰਨ ਕੇ ਪੱਲਾ ਛੁਡਾ ਲੈਂਦੇ ਹਨ। ਆਮ ਲੋਕੀਂ ਮੁੜ ਇਸ ਦਾ ਸ਼ਿਕਾਰ ਹੋ ਆਪਣੀਆਂ ਜਾਨਾਂ ਗੁਆ ਬੈਠਦੇ ਹਨ ਅਤੇ ਪਿੱਛੇ ਰਹਿ ਗਏ ਹਟਕੋਰਿਆਂ ਵਿੱਚ ਡੁੱਬੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀ ਮੁੜ ਕੋਈ ਸਾਰ ਨਹੀਂ ਲੈਂਦਾ।

ਪਿਛਲੇ ਸਾਲ ਪੰਜਾਬ ਸਰਕਾਰ ਨੇ ਚਾਈਨਾ ਡੋਰ ਵੇਚਣ/ਖਰੀਦਣ ਵਾਲਿਆਂ ਖ਼ਿਲਾਫ਼ ਸ਼ਿਕੰਜਾ ਕਸਣ ਦੀ ਕਾਰਵਾਈ ਲਈ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਕਾਰਜ ਸੌਂਪਿਆ ਸੀ, ਜਿਨ੍ਹਾਂ ਨੇ ਸੂਚਨਾ ਦੇਣ ਵਾਲੇ ਦਾ ਨਾਂ ਗੁਪਤ ਰੱਖਣ ਅਤੇ ਉਸ ਲਈ 25,000 ਰੁਪਏ ਇਨਾਮ ਦਾ ਐਲਾਨ ਕਰਦਿਆਂ ਹੈਲਪਲਾਈਨ ਨੰਬਰ ਵੀ ਜਾਰੀ ਕੀਤੇ ਸਨ। ਇਸ ਸਾਰੀ ਕਵਾਇਦ ਦਾ ਕੀ ਨਤੀਜਾ ਨਿਕਲਿਆ, ਕਿਸੇ ਨੂੰ ਕੁਝ ਪਤਾ ਨਹੀਂ ਲੱਗਾ। ਅੱਜ ਵੀ ਚਾਈਨਾ ਡੋਰ ਦੀ ਸਮੱਸਿਆ ਸਾਨੂੰ ਮੁੜ ਦਰਪੇਸ਼ ਹੈ।

ਦਰਅਸਲ, ਕੁਝ ਸਰਮਾਏਦਾਰ ਆਪਣੇ ਨਿੱਜੀ ਮੁਨਾਫ਼ੇ ਦੀ ਹੋੜ ਵਿੱਚ ਨਿਯਮਾਂ ਕਾਨੂੰਨਾਂ ਨੂੰ ਛਿੱਕੇ ਟੰਗ ਦਿੰਦੇ ਹਨ ਅਤੇ ਆਮ ਲੋਕਾਂ ਲਈ ਘਾਤਕ ਤੇ ਜਾਨਲੇਵਾ ਚੀਜ਼ਾਂ ਦਾ ਨਿਰਮਾਣ ਕਰਕੇ ਵੀ ਸਰਮਾਏ ਦੇ ਜ਼ੋਰ 'ਤੇ ਸਾਫ਼ ਬਚ ਨਿਕਲਦੇ ਹਨ। ਚਾਈਨਾ ਡੋਰ ਦਾ ਸ਼ਿਕਾਰ ਜ਼ਿਆਦਾਤਰ ਦੋਪਹੀਆ ਵਾਹਨ ਚਾਲਕ, ਪੈਦਲ ਤੁਰਨ ਵਾਲੇ ਜਾਂ ਪੰਛੀ ਬਣਦੇ ਹਨ।

ਸਾਡੇ ਇਸ ਸਮਾਜਿਕ ਵਰਤਾਰੇ ਵਿੱਚ ਅਸੀਂ ਸਾਰੇ ਦੋਸ਼ੀ ਹਾਂ। ਸਭ ਤੋਂ ਵੱਡੇ ਦੋਸ਼ੀ ਬੱਚਿਆਂ ਦੇ ਮਾਪੇ ਹਨ, ਜੋ ਆਪਣੇ ਬੱਚਿਆਂ ਨੂੰ ਅਜਿਹੀ ਡੋਰ ਖਰੀਦਣ ਦੀ ਛੋਟ ਦਿੰਦੇ ਹਨ ਜਾਂ ਖ਼ੁਦ ਖਰੀਦਦੇ ਹਨ। ਉਨ੍ਹਾਂ ਨੂੰ ਇਹ ਪਤਾ ਨਹੀਂ ਲੱਗਦਾ ਕਿ ਉਹ ਆਪਣੇ ਬੱਚਿਆਂ ਦੀ ਥੋੜ੍ਹ-ਚਿਰੀ ਖ਼ੁਸ਼ੀ ਲਈ ਦੂਜਿਆਂ ਲਈ ਫਾਂਸੀ ਦਾ ਫੰਦਾ ਖਰੀਦ ਰਹੇ ਹਨ। ਅਜਿਹੇ ਮਾਪਿਆਂ ਦੀ ਕਿਹੜੀ ਮਜਬੂਰੀ ਹੈ, ਜੋ ਉਹ ਚਾਈਨਾ ਡੋਰ ਖਰੀਦ ਕੇ ਅਣਜਾਣਪੁਣੇ 'ਚ ਹੀ ਦੂਜਿਆਂ ਦੇ ਕਾਤਲ ਬਣ ਰਹੇ ਹਨ। ਜੇਕਰ ਇਸ ਡੋਰ ਦਾ ਮਾਪੇ ਜਾਂ ਬੱਚੇ ਹੀ ਬਾਈਕਾਟ ਕਰ ਦੇਣ ਤਾਂ ਇਸ ਡੋਰ ਦਾ ਚਲਨ ਬੰਦ ਹੋ ਸਕਦਾ ਹੈ। ਦੂਜੇ ਨੰਬਰ 'ਤੇ ਆਉਂਦੇ ਹਨ ਡੋਰ ਵੇਚਣ ਵਾਲੇ ਦੁਕਾਨਦਾਰ। ਉਨ੍ਹਾਂ ਨੂੰ ਵੀ ਕਿਉਂ ਸਮਝ ਨਹੀਂ ਪੈਂਦੀ ਕਿ ਉਨ੍ਹਾਂ ਦਾ ਲਾਲਚ ਕਈ ਵਾਰ ਲੋਕਾਂ ਦੀ ਮੌਤ ਦਾ ਕਾਰਨ ਬਣਦਾ ਹੈ। ਕੁਝ ਦੁਕਾਨਦਾਰ ਇਸ ਡੋਰ ਦੀ ਘਾਤਕਤਾ ਬਾਰੇ ਜਾਣਦਿਆਂ-ਬੁੱਝਦਿਆਂ ਵੀ ਵਿਕਰੀ ਕਰਦੇ ਹਨ। ਉਨ੍ਹਾਂ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਉਹ ਡੋਰ ਨਹੀਂ ਸਗੋਂ ਉਹ ਕਿਸੇ ਬੇਦੋਸ਼ੇ ਦਾ ਕਫ਼ਨ ਵੇਚ ਰਹੇ ਹਨ, ਚਾਹੇ ਉਹ ਕਿਸੇ ਮਨੁੱਖ ਦਾ ਹੋਵੇ ਜਾਂ ਪਸ਼ੂ-ਪੰਛੀ ਦਾ ਹੋਵੇ। ਇਸ ਤੋਂ ਬਾਅਦ ਪੁਲੀਸ ਜਾਂ ਪ੍ਰਸ਼ਾਸਨ ਦੇ ਅਜਿਹੇ ਅਧਿਕਾਰੀ ਜ਼ਿੰਮੇਵਾਰ ਹਨ, ਜਿਹੜੇ ਤਨਖ਼ਾਹਾਂ ਲੈ ਵੀ ਆਪਣੇ ਕਿੱਤੇ ਨਾਲ ਇਨਸਾਫ਼ ਨਹੀਂ ਕਰਦੇ। ਸਾਡੇ ਸਮਾਜ ਲਈ ਬਹੁਤ ਹੀ ਘਾਤਕ ਚੀਜ਼ ਦੇ ਮਾਮਲੇ ਵਿੱਚ ਤਾਂ ਇਮਾਨਦਾਰੀ ਨਾਲ ਡਿਊਟੀ ਨਿਭਾਉਣ। ਜੇਕਰ ਪ੍ਰਸ਼ਾਸਨਿਕ ਅਧਿਕਾਰੀ ਚਾਹੁਣ ਤਾਂ ਅਜਿਹਾ ਕੋਈ ਕਾਰਨ ਨਹੀਂ ਕਿ ਚਾਈਨਾ ਡੋਰ ਦੀ ਵਿਕਰੀ ਤੇ ਵਰਤੋਂ ਬੰਦ ਨਾ ਹੋਵੇ। ਅਜਿਹੇ ਅਧਿਕਾਰੀਆਂ ਜਾਂ ਕਰਮਚਾਰੀਆਂ ਨੂੰ ਵੀ ਪਤਾ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਆਪਣੇ ਬੱਚੇ, ਰਿਸ਼ਤੇਦਾਰ ਜਾਂ ਸਾਕ ਸਬੰਧੀ ਵੀ ਇਸ ਡੋਰ ਦਾ ਨਿਸ਼ਾਨਾ ਬਣ ਸਕਦੇ ਹਨ। ਇੱਥੇ ਇਹ ਗੱਲ ਵੀ ਸਾਫ਼ ਨਜ਼ਰ ਆਉਂਦੀ ਹੈ ਕਿ ਪ੍ਰਸਾਸ਼ਨਿਕ ਅਧਿਕਾਰੀਆਂ ਉੱਤੇ ਸਿਆਸੀ ਦਬਾਅ ਵੀ ਬਹੁਤ ਹੁੰਦਾ ਹੈ। ਇਸ ਮਸਲੇ ਸਬੰਧੀ ਸਿਆਸਤਦਾਨਾਂ ਤੋਂ ਵੀ ਪੁੱਛਣਾ ਬਣਦਾ ਹੈ ਕਿ ਕੀ ਉਹ ਇਸ ਸਮਾਜ ਦਾ ਹਿੱਸਾ ਨਹੀਂ ਹਨ? ਆਮ ਲੋਕ ਉਨ੍ਹਾਂ ਨੂੰ ਸ਼ਾਇਦ ਕੀੜੇ-ਮਕੌੜੇ ਦਿਖਾਈ ਦਿੰਦੇ ਹਨ। ਇਨ੍ਹਾਂ ਸਾਹਮਣੇ ਤਾਂ ਹੋਰ ਵੀ ਵੱਡੀਆਂ-ਵੱਡੀਆਂ ਚੁਣੌਤੀਆਂ ਅਤੇ ਫਰਜ਼ ਹੁੰਦੇ ਹਨ, ਕਿਉਂ ਇਹ ਆਪਣੇ ਫਰਜ਼ਾਂ ਨੂੰ ਦਰਕਿਨਾਰ ਕਰਕੇ ਆਪਣੇ ਹੀ ਸਮਾਜ ਦੀ ਭਲਾਈ ਲਈ ਨਹੀਂ ਸੋਚਦੇ? ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਵੀ ਆਪਣੇ ਫਰਜ਼ਾਂ ਪ੍ਰਤੀ ਸੁਚੇਤ ਰਹਿ ਕੇ ਡਿਊਟੀ ਕਰਨੀ ਚਾਹੀਦੀ ਹੈ ਕਿਉਂਕਿ ਉਨ੍ਹਾਂ ਨੇ ਸਰਕਾਰੀ ਨਿਯਮਾਂ ਅਨੁਸਾਰ ਮਿੱਥੀ ਉਮਰ ਤੱਕ ਨੌਕਰੀ ਕਰਨੀ ਹੁੰਦੀ ਹੈ ਜਦੋਂਕਿ ਸਿਆਸਤਦਾਨਾਂ ਦਾ ਕਾਰਜ ਕਾਲ ਇੱਕ ਵੇਲੇ ਮਹਿਜ਼ ਪੰਜ ਸਾਲ ਲਈ ਹੁੰਦਾ ਹੈ। ਜੇਕਰ ਪ੍ਰਸ਼ਾਸਨਿਕ ਅਧਿਕਾਰੀ ਆਪਣੇ ਫਰਜ਼ਾਂ ਪ੍ਰਤੀ ਮੁਸਤੈਦ ਹੋ ਕੇ ਕੰਮ ਕਰਨ ਤਾਂ ਸਿਆਸਤਦਾਨਾਂ ਦੀ ਜੁਰਅੱਤ ਨਹੀਂ ਪੈਂਦੀ ਕਿ ਉਨ੍ਹਾਂ ਨੂੰ ਹੱਥ ਪਾ ਸਕਣ।

ਆਓ, ਅਸੀਂ ਸਾਰੇ ਇਸ ਖ਼ੂਨੀ ਡੋਰ ਵਿਰੁੱਧ ਲਾਮਬੰਦ ਹੋ ਕੇ ਇੱਕ ਲਕੀਰ ਖਿੱਚੀਏ ਕਿ ਇਸ ਵਾਰ ਬਸੰਤ ਪੰਚਮੀ ਦਾ ਤਿਉਹਾਰ ਬਿਨਾਂ ਚਾਈਨਾ ਡੋਰ ਤੋਂ ਮਨਾਉਣਾ ਹੈ। ਸਾਡਾ ਇਹ ਦ੍ਰਿੜ੍ਹ ਸੰਕਲਪ ਹੀ ਚਾਈਨਾ ਡੋਰ ਦੀ ਵਰਤੋਂ ਬੰਦ ਹੋਣ ਦਾ ਕਾਰਨ ਬਣ ਸਕਦਾ ਹੈ ਕਿਉਂਕਿ ਤਿਉਹਾਰ ਜਾਂ ਸ਼ੌਕ ਉਹੀ ਵਧੀਆ ਲੱਗਦੇ ਹਨ, ਜੋ ਸਾਡੇ ਵਿਹੜੇ ਵਿੱਚ ਖ਼ੁਸ਼ੀਆਂ ਖੇੜੇ ਲੈ ਕੇ ਆਉਣ।

ਇੰਦਰਜੀਤ ਸਿੰਘ ਕੰਗ

# ਢਾਡੀ ਜਥਾ ਗਿਆਨੀ ਮਲਕੀਤ ਸਿੰਘ ਪਪਰਾਲ਼ੀ






ਗਿਆਨੀ ਮਲਕੀਤ ਸਿੰਘ ਪਪਰਾਲ਼ੀ ਦਾ ਢਾਡੀ ਜਥਾ ਪੰਜਾਬ ਦੇ ਮਸ਼ਹੂਰ ਢਾਡੀ ਜਥਿਆਂ ਚੋਂ ਇੱਕ ਹੈ। ਅੱਜ ਕੱਲ ਇਹ ਜਥਾ ਆਸਟਰੇਲੀਆ ਦੇ ਦੌਰੇ ਤੇ ਹੈ। ਸਿਡਨੀ ਦੇ ਗੁਰੂਘਰ ਗਲੈਂਨਵੁੱਡ ਵਿਖੇ ਇਨ੍ਹਾਂ ਦੇ ਢਾਡੀ ਦਰਬਾਰ ਚੱਲ ਰਹੇ ਹਨ। ਜੋਸ਼ੀਲੀਆਂ ਵਾਰਾਂ ਦਾ ਜ਼ਰੂਰ ਆਨੰਦ ਮਾਣੋ।

# ਸ਼੍ਰੀ ਗੁਰੁ ਤੇਗ ਬਹਾਦੁਰ ਜੀ ਦੇ ਸ਼ਹੀਦੀ ਦਿਵਸ




ਸ਼੍ਰੀ ਗੁਰੁ ਤੇਗ ਬਹਾਦੁਰ ਜੀ ਦੇ ਸ਼ਹੀਦੀ ਦਿਵਸ ਪਰ ਪ੍ਰਫੈਸਰ ਡਾਕਟਰ ਜੇ ਏਸ ਨਾਗਪਾਲ ਜੀ ਕੀ ਲਿਖੀ ਕਿਤਾਬ ਸ਼੍ਰੀ ਗੁਰੁ ਤੇਗ ਬਹਾਦੁਰ ਜੀ The unparalleled sacrifice of faith ਕਾ ਵਿਮੋਚਨ ਕੀਤਾ ਗਿਆ।

ਇਸ ਮੌਕੇ ਪਦਮਸ਼੍ਰੀ ਡਾ ਹਰਮੋਹਿੰਦਰ ਸਿੰਘ ਬੇਦੀ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦੇ ਹੋਏ ਗੁਰੂ ਜੀ ਦੇ ਜੀਵਨ ਤੇ ਪਰਕਾਸ਼ ਪਾਇਆ।ਕੁੰਵਰ ਵਿਜੇ ਪ੍ਰਤਾਪ ਮੈਬਰ ਪੰਜਾਬ ਅਸੈਂਬਲੀ ਨੇ ਸਮਾਰੋਹ ਦੀ ਪ੍ਰਧਾਨਗੀ ਕਰਦੇ ਹਏ ਗੁਰੂ ਜੀ ਨੂੰ ਤਯਾਗ ਦੀ ਮੂਰਤੀ ਦਸਿਆ ।ਡਾਕਟਰ ਪ੍ਰਿੰਸਿਪਲ ਜੈ ਪੀ ਸ਼ੂਰ ਜੋ ਕਿ ਸਟੇਟ ਅਤੈ ਰਾਸ਼ਟਰੀ ਐਵਾਰਡ ਪ੍ਰਾਪਤ ਕਰਨ ਵਾਲੇ ਵਿਅਕਤੀ ਹਨ ਨੇ ਵਿਸ਼ੇਸ਼ ਮਹਿਮਾਨ ਦੇ ਤੋਰ ਤੇ ਸ਼ਮੂਲੀਅਤ ਕੀਤੀ।ਇਸ ਮੌਕੇ ਡਾਕਟਰ ਸੁਨੀਲ ਚੋਪੜਾ ਅਤੇ ਹੋਰ ਪ੍ਰਮੁੱਖ ਸਖ਼ਸ਼ੀਅਤਾਂ ਨੂ ਸਨਮਾਨਿਤ ਕੀਤਾ ਗਿਆ ਜਿਨ੍ਹਾਂ ਵਿਚ ਗੁਰਮੁਖ ਸਿੰਘ ਸਤਿੰਦਰ ਬਿਰ ਸਿੰਘ ਪ੍ਰੋਫੈਸਰ ਜੈ ਪੀ ਸਿੰਘ ਡਾਕਟਰ ਜਸਵੰਤ ਸਿੰਘ ਜੀ ਡਾਕਟਰ ਸੂਰਜ ਸ਼ੁਰ ਗਾਯਤ੍ਰੀ ਸ਼ੁਰ ਵਿਭਾ ਸ਼ੁਰ ਅਤੇ ਦੀਪਕ ਸ਼ੁਰ ਜੀ ਸ਼ਾਮਿਲ ਹਨ ਸਮਾਰੋਹ ਮੇ ਗੁਰੂ ਜੀ ਕੇ ਬਲਦਾਣ ਕੋ ਪੂਰੀ ਸ਼ਰਧਾ ਨਾਲ ਸਿਰ ਨਵਾ ਕੇ ਯਾਦ ਕੀਤਾ ਗਿਆ।ਸਮਾਰੋਹ ਕੋ ਰਾਸ਼ਟਰੀਆ ਗੀਤ ਗਾ ਕਰ ਖਤਮ ਕੀਤਾ ਗਿਆ

# ਵੱਡੀ ਸਿਆਸੀ ਖੇਡ

ਵਿੱਤ ਮਾਮਲਿਆਂ ਬਾਰੇ ਉੱਘੇ ਪੱਤਰਕਾਰ ਟੀ.ਐੱਨ. ਨੈਨਾਨ ਨੇ ਇਸ ਹਫਤੇ ਦੇ ਸ਼ੁਰੂ ਵਿੱਚ ਦੱਸਿਆ ਸੀ ਕਿ ਅਰਥਚਾਰੇ ਬਾਰੇ ਪਰ੍ਹੇ 'ਚ ਗੱਲ ਨਾ ਹੀ ਕਰੀਏ ਤਾਂ ਬਿਹਤਰ ਹੋਵੇਗਾ, ਪਰ ਸਰਕਾਰ ਦੀ ਸੱਭਿਆਚਾਰਕ ਉਚਾਈਆਂ ਤੱਕ ਪਹੁੰਚਣ ਦੀ ਅਟੱਲ ਇੱਛਾ ਅਜੇ ਵੀ ਕਾਇਮ ਹੈ। ਅਜਿਹੇ ਸਮੇਂ 'ਤੇ ਭਾਰਤ ਆਪਣੇ ਸਭ ਤੋਂ ਅਹਿਮ ਵਿਦੇਸੀ ਭਾਈਵਾਲ ਸੰਯੁਕਤ ਰਾਜ ਅਮਰੀਕਾ ਨਾਲ ਸਿਆਸੀ ਖਿੱਚੋਤਾਣ ਵਿੱਚ ਉਲਝਿਆ ਹੋਇਆ ਹੈ। ਆਸ ਹੈ ਕਿ ਦੁਨੀਆ ਦੇ ਸਭ ਤੋਂ ਵੱਡੇ ਅਜਾਇਬਘਰ ਦੀ ਪਹਿਲੀ ਗੈਲਰੀ 'ਯੁਗੇ ਯੁਗੀਨ ਭਾਰਤ' ਸਾਲ ਦੇ ਅੰਤ ਤੱਕ ਖੁੱਲ੍ਹ ਜਾਵੇਗੀ।

ਇਸ ਦਾ ਪੈਮਾਨਾ ਨਿਸਚਿਤ ਤੌਰ 'ਤੇ ਬਹੁਤ ਵੱਡਾ ਹੈ। ਲੁਟੀਅਨ'ਜ ਦਿੱਲੀ ਦੇ ਕੇਂਦਰ ਵਿੱਚ ਸਥਿਤ ਬਰਤਾਨਵੀ ਰਾਜ ਦੀਆਂ ਜਿਹੜੀਆਂ ਇਮਾਰਤਾਂ ਵਿੱਚ ਪਿਛਲੇ ਸੌ ਸਾਲਾਂ ਤੋਂ ਦੇਸ਼ ਦੇ ਸਿਖਰਲੇ ਅਫਸਰਸਾਹ ਰਹਿੰਦੇ ਰਹੇ ਹਨ, ਨੌਰਥ ਬਲਾਕ ਤੇ ਸਾਊਥ ਬਲਾਕ ਦੀਆਂ ਉਨ੍ਹਾਂ ਇਮਾਰਤਾਂ 'ਚ 30 ਗੈਲਰੀਆਂ ਵਿੱਚ ਸਿੰਧੂ ਘਾਟੀ ਦੀ ਸੱਭਿਅਤਾ ਤੋਂ ਲੈ ਕੇ ਅਜੋਕੇ ਭਾਰਤ ਦੀ ਕਹਾਣੀ ਦੱਸਣ ਵਾਲੀਆਂ 1,00,000 ਕਲਾਕ੍ਰਿਤਾਂ ਨੂੰ ਪ੍ਰਦਰਸਿਤ ਕੀਤਾ ਜਾਵੇਗਾ।

ਅਜਾਇਬਘਰ 'ਚ ਕੁਝ ਤਾਂ ਅਜਿਹਾ ਹੈ, ਜੋ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਸਰਕਾਰ ਦੇ ਦਿਲ ਨੂੰ ਛੂਹ ਗਿਆ ਹੈ। ਸਾਇਦ, ਬਹੁਜਨ ਸਮਾਜ ਪਾਰਟੀ ਦੀ ਦਲਿਤ ਆਗੂ ਮਾਇਆਵਤੀ, ਜਿਨ੍ਹਾਂ ਦੀਆਂ ਆਪਣੀਆਂ ਅਤੇ ਉਨ੍ਹਾਂ ਦੇ ਸਿਆਸੀ ਉਸਤਾਦਾਂ ਬਾਬੂ ਕਾਂਸੀ ਰਾਮ ਤੇ ਬਾਬਾ ਸਾਹਿਬ ਅੰਬੇਡਕਰ ਦੀਆਂ ਲਖਨਊ ਤੇ ਦਿੱਲੀ ਦੇ ਬਾਹਰਵਾਰ ਬਣੀਆਂ ਮੂਰਤੀਆਂ ਸਾਫ ਸਫਾਈ ਨਾ ਹੋਣ ਕਾਰਨ ਗੰਦੀਆਂ-ਮੰਦੀਆਂ ਹਨ, ਵਾਂਗੂ ਸ੍ਰੀ ਮੋਦੀ ਵੀ ਇਹੋ ਮੰਨਦੇ ਹਨ ਕਿ ਕਿਸੇ ਨੂੰ ਇਹ ਚੰਗੀਆਂ ਲੱਗਣ ਜਾਂ ਨਾ, ਪਰ ਯਾਦਗਾਰਾਂ ਸਦਾ ਕਾਇਮ ਰਹਿੰਦੀਆਂ ਹਨ। (ਜਦੋਂ 1991 ਦੇ ਅਖੀਰ ਵਿੱਚ ਸੋਵੀਅਤ ਯੂਨੀਅਨ ਦਾ ਪਤਨ ਤੈਅ ਸੀ ਤਾਂ ਸ਼ਾਇਦ ਇਸੇ ਲਈ ਇਨਕਲਾਬ ਵਿਰੋਧੀਆਂ ਨੇ ਸਭ ਤੋਂ ਪਹਿਲਾਂ ਲੈਨਿਨ ਅਤੇ ਮਾਰਕਸ ਦੇ ਬੁੱਤਾਂ ਨੂੰ ਨਿਸ਼ਾਨਾ ਬਣਾਇਆ।) ਇਸੇ ਲਈ ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਮਗਰੋਂ ਪਿਛਲੇ 11 ਸਾਲਾਂ ਵਿੱਚ ਨਵੀਂ ਦਿੱਲੀ ਨੂੰ ਹੌਲੀ-ਹੌਲੀ ਨਵਾਂ ਰੂਪ ਦਿੱਤਾ ਜਾਂਦਾ ਰਿਹਾ ਹੈ। ਪ੍ਰਧਾਨ ਮੰਤਰੀ ਸੰਗ੍ਰਹਿਆਲਯ ਵਿੱਚ ਸ੍ਰੀ ਮੋਦੀ ਸਮੇਤ ਭਾਰਤ ਦੇ ਹਰ ਪ੍ਰਧਾਨ ਮੰਤਰੀ ਬਾਰੇ ਗੈਲਰੀਆਂ ਹਨ। ਇਸ ਬਾਰੇ ਸੂਚਨਾ ਦਿੱਲੀ ਪਹੁੰਚਣ ਵਾਲੀਆਂ ਸਤਾਬਦੀ ਰੇਲਗੱਡੀਆਂ ਦੀ ਜਨਤਕ ਸੰਬੋਧਨ ਪ੍ਰਣਾਲੀ ਰਾਹੀਂ ਦਿੱਤੀ ਜਾਂਦੀ ਹੈ। ਇਉਂ, ਆਰ ਐੱਸ ਐੱਸ ਅਤੇ ਭਾਜਪਾ ਦੀ ਇੱਛਾ ਇਨ੍ਹਾਂ ਸਾਰੀਆਂ ਗੈਲਰੀਆਂ ਅਤੇ 'ਯੁਗੇ ਯੁਗੀਨ ਭਾਰਤ' ਰਾਹੀਂ ਇੱਕ ਵਿਸੇਸ ਯਾਦਗਾਰ ਬਣਾਉਣ ਦੀ ਹੈ। ਦਰਅਸਲ, ਗੱਲ ਇਹ ਹੈ ਕਿ ਭਾਜਪਾ ਲਈ ਕੁਝ ਵੀ ਛੋਟਾ ਨਹੀਂ ਹੈ। ਇਸੇ ਲਈ ਦਸੰਬਰ ਦੇ



ਆਖਰੀ ਹਫਤੇ ਜਲੰਧਰ ਵਿੱਚ ਹਰਵੱਲਭ ਸੰਗੀਤ ਸੰਮੇਲਨ ਦੀ 150ਵੀਂ ਵਰ੍ਹੇਗੰਢ ਮੌਕੇ ਸੱਭਿਆਚਾਰ ਮੰਤਰੀ ਗਜੇਂਦਰ ਸੇਖਾਵਤ ਨਿੱਜੀ ਤੌਰ 'ਤੇ ਸਾਮਲ ਨਾ ਹੋ ਸਕੇ ਤਾਂ ਉਨ੍ਹਾਂ ਨੇ ਇੱਕ ਵੀਡੀਓ ਸੁਨੇਹਾ ਭੇਜਿਆ ਕਿ ਸਰਕਾਰ ਭਾਰਤ ਦੇ ਸਭ ਤੋਂ ਪੁਰਾਣੇ ਸੰਗੀਤ ਸੰਮੇਲਨ ਲਈ ਆਡੀਟੋਰੀਅਮ ਬਣਾਉਣ ਦੀ ਖੁਸ਼ੀ ਲੈਣਾ ਚਾਹੁੰਦੀ ਹੈ। ਇਸ ਵੀਡੀਓ ਸੁਨੇਹੇ 'ਤੇ ਖੂਬ ਤਾੜੀਆਂ ਵੱਜੀਆਂ। ਇਸ ਦਾ ਲੁਕਵਾਂ ਸੁਨੇਹਾ ਸ਼ਾਇਦ ਇਹ ਸੀ ਕਿ ਭਾਜਪਾ ਪੰਜਾਬ ਦੀ ਲੋਪ ਹੋ ਰਹੀ ਵਿਰਾਸਤ ਨੂੰ ਸੁਰਜੀਤ ਕਰਨ ਵਿੱਚ ਮਦਦ ਕਰਨ ਲਈ ਹਰ ਸੰਭਵ ਕੋਸਿਸ ਕਰੇਗੀ ਅਤੇ ਜੇਕਰ ਪੰਜਾਬ ਦੇ ਲੋਕ ਉਨ੍ਹਾਂ ਨੂੰ ਵੋਟ ਪਾ ਕੇ ਹੁੰਗਾਰਾ ਦਿੰਦੇ ਹਨ ਤਾਂ ਭਾਜਪਾ ਜਰੂਰ ਮਦਦ ਕਰੇਗੀ।

ਹਾਲ ਹੀ ਵਿੱਚ ਦਿੱਲੀ ਵਿੱਚ ਪ੍ਰਧਾਨ ਮੰਤਰੀ ਵੱਲੋਂ ਪਿਪਰਾਹਵਾ ਬੁੱਧ ਦੀਆਂ ਨਿਸ਼ਾਨੀਆਂ ਸਬੰਧੀ ਪ੍ਰਦਰਸਨੀ ਦਾ ਉਦਘਾਟਨ ਕੀਤੇ ਜਾਣ ਮੌਕੇ ਵੇਰਵਿਆਂ ਵੱਲ ਘੱਟ ਧਿਆਨ ਦਿੱਤੇ ਜਾਣਾ ਇਸੇ ਲਈ ਹੈਰਾਨੀਜਨਕ ਸੀ। ਸੰਨ 1898 ਵਿੱਚ ਇੱਕ ਬਰਤਾਨਵੀ ਬਸਤੀਵਾਦੀ ਇੰਜੀਨੀਅਰ ਵਿਲੀਅਮ ਕਲੈਕਸਟਨ ਪੇਪੇ ਨੇ ਪੰਜ ਛੋਟੇ ਤਾਬੂਤ ਖੋਜੇ, ਜਿਨ੍ਹਾਂ ਵਿੱਚ ਰਤਨ, ਹੱਡੀਆਂ ਦੇ ਟੁਕੜੇ ਅਤੇ ਗੌਤਮ ਬੁੱਧ ਦੀਆਂ ਅਸਥੀਆਂ ਸਨ। ਵਿਲੀਅਮ ਕਲੈਕਸਟਨ ਪੇਪੇ ਨੇਪਾਲ ਦੀ ਦੱਖਣੀ ਹੱਦ ਵਿੱਚ ਕਈ ਜਾਇਦਾਦਾਂ ਦਾ ਪ੍ਰਬੰਧ ਦੇਖਦਾ ਸੀ, ਜਿਸ ਵਿੱਚ ਪਿਪਰਾਹਵਾ ਨਾਂ ਦੇ ਪਿੰਡ ਵਿੱਚ ਬਰਡਪੁਰ ਅਸਟੇਟ ਵੀ ਸਾਮਿਲ ਸੀ। 2025 ਵਿੱਚ ਪੇਪੇ ਦੇ ਵੰਸਜਾਂ ਨੇ ਹਾਂਗਕਾਂਗ ਵਿੱਚ ਰੱਖੀਆਂ ਬੁੱਧ ਦੀਆਂ ਨਿਸ਼ਾਨੀਆਂ ਨੂੰ ਨਿਲਾਮ ਕਰਨ ਦਾ ਫੈਸਲਾ ਕੀਤਾ, ਜਿਸ ਨਾਲ ਪੂਰੇ ਦੇਸ਼ ਵਿੱਚ ਹੰਗਾਮਾ ਹੋਇਆ। ਇਸ ਤੋਂ ਬਾਅਦ ਭਾਰਤ ਸਰਕਾਰ ਨੇ ਗੋਦਰੇਜ ਇੰਡਸਟਰੀਜ ਗਰੁੱਪ ਦੇ ਸਹਿਯੋਗ ਨਾਲ ਇਹ ਨਿਸ਼ਾਨੀਆਂ ਖਰੀਦ ਕੇ ਦੇਸ਼ ਵਾਪਸ ਲਿਆਂਦੀਆਂ।

ਪ੍ਰਧਾਨ ਮੰਤਰੀ ਨੇ ਉਸ ਸਮੇਂ ਕਿਹਾ, "ਹਰ ਭਾਰਤੀ ਇਸ ਗੱਲ 'ਤੇ ਮਾਣ ਮਹਿਸੂਸ ਕਰੇਗਾ ਕਿ ਭਗਵਾਨ ਬੁੱਧ ਦੀਆਂ ਪਵਿੱਤਰ ਪਿਪਰਾਹਵਾ ਨਿਸ਼ਾਨੀਆਂ 127 ਸਾਲਾਂ ਬਾਅਦ ਘਰ (ਭਾਰਤ) ਵਾਪਸ ਆਈਆਂ ਹਨ...।" ਯਕੀਨਨ, ਇਹ ਭਾਰਤ ਨੂੰ ਸਿੰਧੂ ਘਾਟੀ ਦੀ ਪ੍ਰਾਚੀਨ ਸੱਭਿਅਤਾ ਅਤੇ ਪ੍ਰਾਚੀਨ 'ਬੁੱਧ ਧਰਮ' ਦਾ ਅਸਲ ਵਾਰਸ ਦਰਸਾਉਣ ਦੀ ਕੋਸ਼ਿਸ਼ ਹੈ। ਇਸ ਪ੍ਰਦਰਸ਼ਨੀ 'ਚ ਸਾਨਦਾਰ ਹੀਰੇ ਇੱਕ ਬੁਲੇਟਪਰੂਫ ਬਕਸੇ ਵਿੱਚ ਤੁਹਾਡੇ ਦੇਖਣ ਲਈ ਰੱਖੇ ਗਏ ਹਨ। ਇਸ ਵਿੱਚ "ਚਾਂਦੀ ਤੇ ਸੋਨੇ ਦੇ ਤਾਰੇ, ਬੋਧੀ ਚਿੰਨ੍ਹਾਂ ਵਾਲੇ ਸੋਨ-ਪੱਤਰੇ ਅਤੇ ਵੱਖ-ਵੱਖ ਆਕਾਰਾਂ ਦੇ ਅਣਗਿਣਤ ਮੋਤੀ ਮਣਕੇ... ਲਾਲ ਜਾਂ ਚਿੱਟੇ ਰੰਗ ਦੇ ਤਰਾਸ਼ੇ ਹੋਏ ਹੀਰੇ ਜਵਾਹਰਾਤ ਦੇ ਤਾਰੇ ਅਤੇ ਫੁੱਲ" ਹਨ। ਇਹ ਸਾਰੀ ਜਾਣਕਾਰੀ .. ਤੋਂ ਲਈ ਗਈ ਹੈ ਕਿਉਂਕਿ ਇਹ ਜਾਣਾਕਾਰੀ ਪ੍ਰਦਰਸਨੀ ਵਿੱਚ ਉਪਲਬਧ ਨਹੀਂ ਹੈ। ਉੱਥੇ ਮੌਜੂਦ ਨੌਜਵਾਨ ਤੇ ਅਣਜਾਣ ਵਾਲੰਟੀਅਰ ਅਤੇ ਇੱਥੋਂ ਤੱਕ ਕਿ ਇਸ ਸ਼ੋਅ ਦਾ ਆਯੋਜਨ ਕਰਨ ਵਾਲੀ 'ਡਿਜਾਈਨ ਫੈਕਟਰੀ ਇੰਡੀਆ' (ਡੀ ਐੱਫ ਆਈ) ਵੀ ਇਹ ਜਾਣਕਾਰੀ ਨਹੀਂ ਦਿੰਦੇ। ਇਹ ਗੱਲ ਧਿਆਨ ਦੇਣ ਯੋਗ ਹੈ ਕਿ ਸਹਿਰ ਦੇ ਬੁੱਧ ਧਰਮ ਨਾਲ ਰਿਸ਼ਤੇ ਬਾਰੇ ਵਡਨਗਰ ਵਿੱਚ ਇੱਕ ਅਜਾਇਬਘਰ ਬਣਾਉਣ ਅਤੇ ਸਾਲ 2001 ਦੇ ਭੂਚਾਲ ਦੀ ਯਾਦ ਵਿੱਚ ਭੁਜ ਵਿੱਚ ਅਜਾਇਬਘਰ ਬਣਾਉਣ ਮਗਰੋਂ ਡੀ ਐੱਫ ਆਈ ਚਰਚਾ ਵਿੱਚ ਆਈ ਸੀ।

ਇਸ ਪ੍ਰਦਰਸਨੀ ਵਿੱਚ ਕੋਲਕਾਤਾ ਦੇ ਇੰਡੀਅਨ ਮਿਊਜੀਅਮ, ਦਿੱਲੀ ਦੇ ਨੈਸ਼ਨਲ ਮਿਊਜੀਅਮ ਅਤੇ ਦੇਸ ਭਰ ਦੇ ਹੋਰ ਅਜਾਇਬਘਰਾਂ ਦੇ ਸੰਗ੍ਰਹਿਆਂ ਤੋਂ ਮੰਗਵਾਈਆਂ ਗਈਆਂ ਬੁੱਧ ਦੀਆਂ ਸ਼ਾਨਦਾਰ ਮੂਰਤੀਆਂ ਪ੍ਰਦਰਸ਼ਿਤ ਕੀਤੀਆਂ ਗਈਆਂ ਹਨ। ਇਨ੍ਹਾਂ ਵਿੱਚੋਂ ਬਹੁਤ ਸਾਰੀਆਂ ਮੂਰਤੀਆਂ ਕਦੇ ਖੈਬਰ-ਪਖਤੂਨਖਵਾ ਦੇ ਕੁਝ ਹਿੱਸਿਆਂ ਤੋਂ ਮਿਲੀਆਂ ਸਨ, ਜੋ ਹੁਣ ਪਾਕਿਸਤਾਨ ਵਿੱਚ ਹੈ, ਪਰ ਤਖਤੀਆਂ 'ਤੇ 'ਪਾਕਿਸਤਾਨ' ਦੀ ਥਾਂ 'ਅਣਵੰਡਿਆ ਭਾਰਤ' ਲਿਖਿਆ ਗਿਆ ਹੈ। ਕੁਝ ਚਿੱਤਰਾਂ ਦੀ 'ਨਕਲ' ਇੱਥੇ ਪ੍ਰਦਰਸ਼ਿਤ ਹੈ - ਭਾਵ ਉਹ ਪਹਿਲਾਂ ਵਾਲੇ ਅਜਾਇਬਘਰ ਵਿੱਚ ਇੰਨੀ ਮਾੜੀ ਹਾਲਤ ਵਿੱਚ ਸਨ ਕਿ ਉਨ੍ਹਾਂ ਨੂੰ ਹਿਲਾਉਣਾ ਅਸੰਭਵ ਸੀ।

ਹਜਾਰ ਸਾਲ ਪੁਰਾਣੀਆਂ ਮੂਰਤੀਆਂ ਨੂੰ ਧਿਆਨ ਨਾਲ ਦੇਖੋ। ਤੁਹਾਨੂੰ ਪਤਾ ਹੈ ਕਿ ਉਨ੍ਹਾਂ ਨੂੰ ਸਾਫ ਕੀਤਾ ਗਿਆ ਹੈ- ਦਹਾਕਿਆਂ ਤੋਂ ਇਕੱਠੀ ਹੋਈ ਧੂੜ ਅਤੇ ਗੰਦਗੀ ਨੂੰ ਸਾਫ ਕਰ ਕੇ ਉਨ੍ਹਾਂ ਦੀ ਉਹ ਚਮਕਦਾਰ, ਪਾਲਿਸ ਕੀਤੀ ਦਿੱਖ ਬਹਾਲ ਕੀਤੀ ਗਈ ਹੈ। ਡੀ ਐੱਫ ਆਈ ਇਸ ਗੱਲ ਦੀ ਪੁਸਟੀ ਕਰਦਾ ਹੈ। ਤੁਸੀਂ ਆਸ ਕਰਦੇ ਹੋ ਕਿ ਇਨ੍ਹਾਂ ਮੂਰਤੀਆਂ ਨੂੰ ਸਾਫ ਕਰਨ ਵਾਲਿਆਂ ਨੇ ਸਫਾਈ ਲਈ ਇੰਨੇ ਵਧੀਆ ਕਿਸਮ ਦੇ ਅਜਿਹੇ ਤਰਲ ਦੀ ਵਰਤੋਂ ਕੀਤੀ ਹੋਵੇਗੀ ਜੋ ਪੱਥਰ ਨੂੰ ਖੋਰਦਾ ਨਹੀਂ।

ਇਹ ਪ੍ਰਦਰਸ਼ਨੀ ਗੋਦਰੇਜ ਇੰਡਸਟਰੀਜ ਅਤੇ ਸਰਕਾਰ ਵਿਚਕਾਰ ਜਨਤਕ-ਨਿੱਜੀ ਭਾਈਵਾਲੀ ਦਾ ਇੱਕ ਮਾਡਲ ਹੈ। ਹਾਲਾਂਕਿ ਇਹ ਸਪੱਸਟ ਨਹੀਂ ਹੈ ਕਿ ਗੋਦਰੇਜ ਨੇ ਇਹ ਯਾਦਗਾਰੀ ਰਤਨ ਮੁਲਕ ਨੂੰ ਭੇਟ ਕੀਤੇ ਹਨ ਜਾਂ ਸਰਕਾਰ ਨੇ ਇਨ੍ਹਾਂ ਨੂੰ ਖਰੀਦਿਆ ਹੈ।

ਪ੍ਰਧਾਨ ਮੰਤਰੀ ਲਈ ਦਿੱਲੀ ਵਿੱਚ ਨਵੀਂ ਉਸਾਰੀ ਜਾ ਰਹੀ ਰਿਹਾਇਸ਼ ਦੇ ਬਿਲਕੁਲ ਨੇੜੇ ਹੀ 'ਯੁਗੇ ਯੁਗੀਨ ਭਾਰਤ' ਅਜਾਇਬਘਰ ਦਿੱਲੀ ਦੇ ਐਨ ਕੇਂਦਰ ਵਿੱਚ ਬਣ ਰਿਹਾ ਹੈ। ਆਪਣੀ ਨਜਰ ਉੱਤਰ 'ਚ ਅਯੁੱਧਿਆ ਵੱਲ ਮੋੜੋ, ਜਿੱਥੇ ਰਾਮ ਮੰਦਰ ਦੀ ਵੱਖੀ ਵਿੱਚ ਭਾਰਤੀ ਮੰਦਰ ਆਰਕੀਟੈਕਚਰ ਸਬੰਧੀ ਅਜਾਇਬਘਰ ਬਣਾਇਆ ਜਾ ਰਿਹਾ ਹੈ। ਇਹ ਮੁਕੰਮਲ ਤੌਰ 'ਤੇ ਨਿੱਜੀ ਭਾਈਵਾਲੀ ਹੈ, ਪਰ ਸਰਕਾਰ ਵੱਲੋਂ ਇਸ ਦੀ ਨੇੜਿਓਂ ਨਜਰਸਾਨੀ ਦਾ ਦਾਅਵਾ ਹੈ। ਇਹ ਸਾਨਦਾਰ ਡਿਜਾਈਨ ਜਾਹਾ ਹਦੀਦ ਦੀ ਆਰਕੀਟੈਕਚਰਲ ਫਰਮ ਦੀ ਕਾਢ ਹੈ ਜਦੋਂਕਿ ਇਸ ਲਈ ਫੰਡ ਟਾਟਾ ਦੀ ਸਹਾਇਕ ਕੰਪਨੀ ਈਕੋਫਸਟ ਦੁਆਰਾ ਮੁਹੱਈਆ ਕਰਵਾਏ ਜਾ ਰਹੇ ਹਨ। ਜਿਕਰਯੋਗ ਹੈ ਕਿ ਜਾਹਾ ਹਦੀਦ ਦੀ ਫਰਮ 'ਯੁਗੇ ਯੁਗੀਨ ਭਾਰਤ' ਦਾ ਕੰਟਰੈਕਟ ਲੈਣ ਦੀ ਚਾਹਵਾਨ ਸੀ, ਪਰ ਇਹ ਕੰਟਰੈਕਟ ਦੇਬਾਸੀਸ ਗੁਹਾ ਦੀ ਆਰਕੌਪ ਕੰਸੋਰਟੀਅਮ ਅਤੇ ਲਾਸ ਏਂਜਲਸ ਸਥਿਤ ਕੁਲਾਪਟ ਯੰਤਰਾਸਸਤ ਨੂੰ ਮਿਲ ਗਿਆ ਸੀ।

ਹੁਣ ਤੁਸੀਂ ਚੰਡੀਗੜ੍ਹ ਦੇ ਸੈਕਟਰ 10 ਦੇ ਸਰਕਾਰੀ ਅਜਾਇਬਘਰ ਦਾ ਇੱਕ ਹੋਰ ਗੇੜਾ ਲਾ ਸਕਦੇ ਹੋ, ਜਿਸ ਵਿੱਚ ਗੰਧਾਰ ਬੁੱਧ ਦੀਆਂ ਮੂਰਤੀਆਂ ਵੀ ਰੱਖੀਆਂ ਹੋਈਆਂ ਹਨ ਅਤੇ ਜਿਨ੍ਹਾਂ ਵਿੱਚੋਂ ਅੱਧੀਆਂ ਭਾਰਤ ਦੇ ਆਜਾਦ ਹੋਣ ਵੇਲੇ ਲਾਹੌਰ ਦੇ ਅਜਾਇਬਘਰ ਦੇ ਹਿੱਸੇ ਆਈਆਂ ਸਨ। ਇਹ ਗੇੜਾ ਇਹ ਦੇਖਣ ਲਈ ਹੋਵੇ ਕਿ ਕੀ ਤਬਦੀਲੀ ਦੀ ਹਵਾ ਦੇਸ ਦੇ ਇਸ ਹਿੱਸੇ ਤੱਕ ਵੀ ਪਹੁੰਚ ਗਈ ਹੈ ? ਇਸ ਲਈ ਅਜਾਇਬਘਰ ਦੀ ਟਿਕਟ ਲੈਣਾ ਹੀ ਕਾਫੀ ਨਹੀਂ ਹੈ ਸਗੋਂ ਤੁਸੀਂ ਅਜੇ ਵੀ ਆਪਣਾ ਨਾਮ ਇੱਕ ਰਜਿਸਟਰ ਵਿੱਚ ਇਉਂ ਦਰਜ ਕਰਦੇ ਹੋ ਜਿਵੇਂ ਸਕੱਤਰੇਤ ਵਿੱਚ ਕਿਸੇ ਵੱਡੇ ਅਧਿਕਾਰੀ ਨੂੰ ਮਿਲਣ ਗਏ ਦਰਜ ਕਰਵਾਉਂਦੇ ਹੋ। ਖੈਰ, ਅਜਾਇਬਘਰ ਅਜੇ ਵੀ ਸੁੰਨਾ ਹੀ ਹੈ। ਛੱਤ ਦੀ ਮੁਰੰਮਤ ਚੱਲ ਰਹੀ ਹੋਣ ਕਾਰਨ ਮਿਨੀਏਚਰ ਗੈਲਰੀ ਵਿੱਚੋਂ ਕੁਝ ਲਘੂ-ਚਿੱਤਰ ਹਟਾ ਦਿੱਤੇ ਗਏ ਹਨ, ਪਰ ਮੁਰੰਮਤ ਦਾ ਕੰਮ ਸ਼ਾਇਦ ਫੰਡਾਂ ਦੀ ਘਾਟ ਕਾਰਨ ਰੁਕ ਗਿਆ ਹੈ।

ਸਪੱਸਟ ਹੈ, ਜਿਵੇਂ ਕਿ ਕੁਝ ਪਾਸੇ ਤਬਦੀਲੀ ਬੜੀ ਤੇਜੀ ਨਾਲ ਆਉਂਦੀ ਹੈ, ਪਰ ਕੁਝ ਪਾਸੇ ਕਹਾਣੀ ਉਹੋ ਪੁਰਾਣੀ ਰਹਿੰਦੀ ਹੈ।

**ਜਯੋਤੀ ਮਲਹੋਤਰਾ**

# ਗਿਗ ਵਰਕਰਾਂ ਲਈ ਖੁਸ਼ਖਬਰੀ

ਪਿਛਲੇ ਹਫਤੇ ਗਿਗ ਵਰਕਰਾਂ ਨੂੰ ਰਾਹਤ ਦਿੰਦਿਆਂ ਕੇਂਦਰ ਸਰਕਾਰ ਨੇ ਕੰਪਨੀਆਂ ਨੂੰ ਨਿਰਦੇਸ਼ ਦਿੱਤੇ ਸਨ ਕਿ ਦਸ ਮਿੰਟਾਂ 'ਚ ਲੋਕਾਂ ਦੇ ਘਰਾਂ ਤੱਕ ਵਸਤਾਂ ਪਹੁੰਚਾਉਣ ਵਾਲੀ ਪਾਬੰਦੀ ਨੂੰ ਹਟਾਇਆ ਜਾਵੇ। ਇਸ 'ਤੇ ਕੰਪਨੀਆਂ ਨੇ ਵੀ ਗੰਭੀਰਤਾ ਦਿਖਾਈ ਅਤੇ ਕੇਂਦਰ ਸਰਕਾਰ ਦੇ ਕਹੇ ਅਨੁਸਾਰ ਆਪਣੀਆਂ ਵੈੱਬਸਾਈਟਾਂ ਤੋਂ 'ਦਸ ਮਿੰਟਾਂ 'ਚ ਡਿਲੀਵਰੀ' ਵਾਲੇ ਇਸ਼ਤਿਹਾਰ ਹਟਾ ਦਿੱਤੇ। ਇਕ ਵਾਰ ਫਿਰ ਸਰਕਾਰ ਨੇ ਇਨ੍ਹਾਂ ਵਰਕਰਾਂ ਨੂੰ ਖੁਸ਼ ਹੋਣ ਦਾ ਮੌਕਾ ਦਿੱਤਾ ਹੈ। ਹੁਣ ਘਰੇਲੂ ਨੌਕਰ, ਗਿਗ ਵਰਕਰ ਅਤੇ ਗੈਰ-ਸੰਗਠਿਤ ਖੇਤਰਾਂ ਦੇ ਕਾਮੇ 10 ਹਜਾਰ ਤੱਕ ਦਾ ਕਰਜਾ ਲੈ ਸਕਣਗੇ। ਇਸ ਲਈ ਸਰਕਾਰ ਨੇ ਆਪਣੇ ਸ਼੍ਰਮ ਪੋਰਟਲ 'ਤੇ ਪ੍ਰਬੰਧ ਕੀਤਾ ਹੈ, ਜਿੱਥੇ ਜਾਣਕਾਰੀਆਂ ਦੇਣ ਮਗਰੋਂ ਇਹ ਸਹੂਲਤ ਹਾਸਲ ਕੀਤੀ ਜਾ ਸਕਦੀ ਹੈ। ਇਸ 'ਚ ਅਹਿਮ ਗੱਲ ਇਹ ਹੈ ਕਿ ਕਰਜਾ ਲੈਣ ਲਈ ਕਿਸੇ ਗਾਰੰਟੀ ਦੀ ਲੋੜ ਨਹੀਂ ਹੈ। ਇਸ ਨਾਲ ਸ਼੍ਰਮ ਪੋਰਟਲ 'ਤੇ ਰਜਿਸਟਰਡ ਕੋਈ 10 ਲੱਖ ਗਿਗ ਵਰਕਰਾਂ ਨੂੰ ਫਾਇਦਾ ਹੋਣ ਦਾ ਅਨੁਮਾਨ ਹੈ।

ਦਰਅਸਲ, ਵੱਖ-ਵੱਖ ਕੰਪਨੀਆਂ ਆਪਣੇ ਐਪਸ ਰਾਹੀਂ ਲੋਕਾਂ ਦੇ ਘਰਾਂ ਤੱਕ ਇਕ ਮਿੱਥੇ ਸਮੇਂ 'ਚ ਸਾਮਾਨ ਪੁੱਜਦਾ ਕਰਨ ਲਈ ਨੌਜਵਾਨ ਮੁੰਡੇ ਤੇ ਕੁੜੀਆਂ ਨੂੰ ਰੁਜਗਾਰ 'ਤੇ ਰੱਖਦੀਆਂ ਹਨ। ਇਸ ਤਰੀਕੇ ਦਾ ਕੰਮ ਹਾਸਲ ਕਰਨ ਵਾਲਿਆਂ ਲਈ ਚੁਣੌਤੀਆਂ ਵੀ ਬੇਸ਼ੁਮਾਰ ਹਨ।

ਤਕਨੀਕ ਦੇ ਇਸ ਯੁਗ 'ਚ ਲੋਕਾਂ ਦਾ ਸਮਾਂ ਬਚਾਉਣ ਤੇ ਉਨ੍ਹਾਂ ਦੇ ਦਰਵਾਜਿਆਂ ਤੱਕ ਸਾਮਾਨ ਪੁੱਜਦਾ ਕਰਨ ਲਈ ਕਈ ਤਰ੍ਹਾਂ ਦੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ, ਜਿਨ੍ਹਾਂ ਮੁਤਾਬਕ ਇਹ ਗਿਗ ਵਰਕਰ ਦਿਨ-ਰਾਤ



ਮਿਹਨਤ ਕਰਦੇ ਹਨ। ਦੂਜੇ ਪਾਸੇ ਇਨ੍ਹਾਂ ਨੂੰ ਮਿਲਣ ਵਾਲਾ ਮਿਹਨਤਾਨਾ ਓਨਾਂ ਨਹੀਂ ਹੁੰਦਾ, ਜਿੰਨੀ ਇਨ੍ਹਾਂ ਨੂੰ ਭੱਜ-ਨੱਠ ਕਰਨੀ ਪੈਂਦੀ ਹੈ। ਘਰਾਂ ਅਤੇ ਗੈਰ-ਸੰਗਠਿਤ ਖੇਤਰਾਂ 'ਚ ਲੱਗੇ ਕਾਮਿਆਂ ਨੂੰ ਵੀ ਵਿੱਤੀ ਮੁਸ਼ਕਲਾਂ ਨਾਲ ਜੂਝਣਾ ਪੈਂਦਾ ਹੈ। ਇੱਥੋਂ ਤੱਕ ਕਿ ਕੰਮ ਕਰਨ ਦੇ ਘੰਟੇ ਵੀ ਕਈ ਵਾਰ ਜਿਆਦਾ ਹੁੰਦੇ ਹਨ ਤੇ ਮਿਹਨਤ ਵੀ ਦੁੱਗਣੀ ਕਰਨੀ ਪੈਂਦੀ ਹੈ।

ਨੀਤੀ ਕਮਿਸ਼ਨ ਦੀ ਸਾਲ 2020-2025 ਦੀ ਇਕ ਰਿਪੋਰਟ ਮੁਤਾਬਕ ਪੂਰੇ ਦੇਸ਼ 'ਚ ਅੰਦਾਜਨ 77 ਲੱਖ ਦੇ ਕਰੀਬ ਗਿਗ ਵਰਕਰ ਵੱਖ-ਵੱਖ ਕੰਪਨੀਆਂ ਨਾਲ ਜੁੜੇ ਹੋਏ ਸਨ ਜਦਕਿ ਵਿੱਤੀ ਸਾਲ 2024-2025 'ਚ ਇਹ ਗਿਣਤੀ 12 ਕਰੋੜ ਤੋਂ ਵੱਧ ਹੋ ਗਈ। ਇਹ ਵਾਧਾ ਡਿਜੀਟਲ ਪਲੇਟਫਾਰਮਾਂ 'ਚ ਹੋਏ ਵਾਧੇ ਕਾਰਨ ਹੋਇਆ ਹੈ। ਨਵੀਆਂ ਕੰਪਨੀਆਂ ਲਗਾਤਾਰ ਬਾਜਾਰ 'ਚ ਆ ਰਹੀਆਂ ਹਨ ਅਤੇ ਜਿਆਦਾਤਰ ਕੰਪਨੀਆਂ ਲੋਕਾਂ ਨਾਲ ਸਿੱਧਾ ਸੰਪਰਕ ਕਰਨ ਲਈ ਤਕਨੀਕ ਦੀ ਵਰਤੋਂ ਕਰ ਰਹੀਆਂ ਹਨ। ਨੌਜਵਾਨਾਂ ਲਈ ਰੁਜਗਾਰ ਦੇ ਮੌਕੇ ਵੀ ਪੈਦਾ ਹੋ ਰਹੇ ਹਨ।

ਇਕ ਮੀਡੀਆ ਅਦਾਰੇ ਨੇ ਆਪਣੀ ਹਾਲੀਆ ਰਿਪੋਰਟ 'ਚ ਇਸ ਗੱਲ ਦਾ ਅੰਦਾਜਾ ਲਗਾਇਆ ਹੈ ਕਿ ਸਾਲ 2029-2030 ਤੱਕ ਗਿਗ ਵਰਕਰਾਂ ਦੀ ਗਿਣਤੀ 23 ਕਰੋੜ ਤੱਕ ਟੱਪ ਸਕਦੀ ਹੈ ਅਤੇ ਅਗਲੇ 25 ਸਾਲਾਂ ਤੱਕ ਇਹ ਵਾਧਾ 62 ਕਰੋੜ ਹੋ ਸਕਦਾ ਹੈ। ਬੇਸ਼ੱਕ ਇਹ ਗਿਣਤੀ ਵਧ ਰਹੀ ਹੈ ਤੇ ਕੰਪਨੀਆਂ ਨੂੰ ਕਾਮਿਆਂ ਦੀ ਜਰੂਰਤ ਮਹਿਸੂਸ ਹੋ ਰਹੀ ਹੈ, ਪਰ ਇਸ ਕੰਮ 'ਚ ਨੌਕਰੀ ਸੁਰੱਖਿਅਤ ਅਤੇ ਲੰਬੇ ਸਮੇਂ ਲਈ ਲਾਭ ਦੇਣ ਵਾਲੀ ਨਹੀਂ ਹੈ।

ਅਜਿਹੀਆਂ ਰਿਪੋਰਟਾਂ ਵੀ ਆਈਆਂ ਹਨ, ਜਿਨ੍ਹਾਂ 'ਚ ਕੰਪਨੀਆਂ ਬਿਨਾਂ ਦੱਸੇ ਕਾਮਿਆਂ ਨੂੰ ਕੰਮ ਤੋਂ ਹਟਾ ਦਿੰਦੀਆਂ ਹਨ। ਆਮਦਨ ਵੀ ਮੰਗ 'ਤੇ ਆਧਾਰਿਤ ਹੈ ਅਤੇ ਮੌਜੂਦਾ ਸਮੇਂ ਦੀ ਮਹਿੰਗਾਈ ਤੇ ਖਰਚਿਆਂ ਤੋਂ ਕਿਤੇ ਘੱਟ ਹੈ। ਦੂਜੇ ਪਾਸੇ ਮਿੱਥੇ ਸਮੇਂ 'ਚ ਕੋਈ ਟੀਚਾ ਪੂਰਾ ਕਰਨ ਦੀਆਂ ਪਾਬੰਦੀਆਂ 'ਚ ਇਨ੍ਹਾਂ ਗਿਗ ਵਰਕਰਾਂ ਨੂੰ ਕਈ ਵਾਰ ਸੜਕੀ ਹਾਦਸਿਆਂ ਤੇ ਹੋਰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਗਿਗ ਵਰਕਰਾਂ ਨੂੰ ਉਨ੍ਹਾਂ ਦੀ ਮਿਹਨਤ ਨੂੰ ਦੇਖਦਿਆਂ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ, ਇਸੇ ਦੇ ਮੱਦੇਨਜਰ ਕਰਜਾ ਦੇਣ ਦੀ ਇਹ ਸਹੂਲਤ ਉਨ੍ਹਾਂ ਲਈ ਲਾਹੇਵੰਦ ਸਾਬਤ ਹੋ ਸਕਦੀ ਹੈ।

## ਸੰਪਾਦਕ ਦੀ ਕਲਮ ਤੋਂ

ਅਵਤਾਰ ਐਸ. ਸੰਘਾ

# ਕਠਬੋਲੀ (slang)

ਕੁੱਝ ਸਾਲ ਪਹਿਲਾਂ ਮੈਂ ਆਪਣੇ ਮੁੰਡੇ ਨੂੰ ਕਿਹਾ ਕਿ ਉਹ ਸਾਡੇ ਘਰ ਦੇ ਨੇੜੇ ਦੇ ਪੈਟਰੋਲ ਪੰਪ ਤੋਂ ਗੈਸ ਦਾ ਸਿਲੰਡਰ ਭਰਵਾ ਲਿਆਵੇ। ਕਦੀ ਕਦੀ ਟੂਰ ਤੇ ਜਾਂਦੇ ਸਮੇਂ ਇਸ ਪ੍ਰਕਾਰ ਦੇ ਸਿਲੰਡਰ ਤੇ ਗੈਸ ਚੁੱਲਾ ਲੈ ਜਾਈਦੇ ਸਨ ਤਾਂ ਕਿ ਜਿੱਥੇ ਮਰਜੀ ਬੈਠ ਕੇ ਖਾਣ ਨੂੰ ਕੁਝ ਤਿਆਰ ਕਰ ਲਿਆ ਜਾਵੇ। ਮੇਰਾ ਲੜਕਾ ਕਹਿੰਦਾ, "ਡੈਡੀ, ਮੈਂ ਨਹੀਂ ਜਾਣਾ।" ਮੈਂ ਪੁੱਛਿਆ, "ਕਿਉਂ ?" ਉਹ ਕਹਿੰਦਾ, "ਉੱਥੇ ਕਾਊਂਟਰ ਤੇ ਇੱਕ ਫੋਬ (FOB) ਬੈਠੀ ਹੁੰਦੀ ਏ। ਨਾ ਸਾਨੂੰ ਉਹਦੀ ਪੂਰੀ ਗੱਲ ਸਮਝ ਆਉਂਦੀ ਹੈ ਤੇ ਨਾ ਉਹ ਸਾਡੀ ਗੱਲ ਨੂੰ ਚੰਗੀ ਤਰ੍ਹਾਂ ਸਮਝਦੀ ਏ।" ਮੈਂ ਪੁੱਛਿਆ, "ਇਹ 'ਫੋਬ' ਕੀ ਹੋਇਆ", "ਡੈਡੀ, ਤੁਹਾਨੂੰ 'ਫੋਬ' ਦਾ ਮਤਲਬ ਵੀ ਨਹੀਂ ਪਤਾ ? ਕਮਾਲ ਏ। ਫੋਬ ਦਾ ਮਤਲਬ ਹੁੰਦਾ ਹੈ, "ਫਰੈਸ਼ ਆਨ ਬੋਟ (Fresh on Boat)"। "ਕੀ ਭਾਵ ?" ਮੈਂ ਪੁੱਛਿਆ। "ਵਾਹ ਰੇ ਡੈਡ !! ਤੁਸੀਂ ਅਜੇ ਤੱਕ ਵੀ ਭਾਰਤ ਦੇ ਹੋ ! ਆਸਟ੍ਰੇਲੀਆ ਜਿਹੇ ਦੇਸ਼ਾਂ ਦੀ ਸਲੈਂਗ ਸਮਝਣ ਹੀ ਨਹੀਂ ਲੱਗੇ। ਕਦੇ ਲੋਕਾਂ ਵਿੱਚ ਵੀ ਵਿਚਰਿਆ ਕਰੋ। ਇੱਥੇ ਅਨੇਕਾਂ ਸਲੈਂਗਾਂ ਚਲਦੀਆਂ ਹਨ। ਅਸੀਂ ਆਪਣੇ ਦੋਸਤਾਂ ਨੂੰ 'ਬਰੋ' (bro) ਕਹਿੰਦੇ ਹਾਂ।" 'ਬਰੋ' ਬਰਦਰ (ਵੀਰ ਜੀ) ਦਾ ਛੋਟਾ ਰੂਪ ਏ। ਇੱਥੇ ਲੋਕ ਭੰਗ (marijuana) ਨੂੰ ਗਰਾਸ (grass) ਕਹਿੰਦੇ ਹਨ। ਜੇ ਪੁਲਿਸ ਕਿਸੇ ਕੋਲੋਂ ਭੰਗ ਫੜ ਲਵੇ ਤਾਂ ਇੱਕ ਦਮ ਭਾਰੀ ਜੁਰਮਾਨਾ ਕਰ ਦਿੰਦੀ ਏ। ਲੋਕ ਭੰਗ ਦੀ ਥਾਂ ਤੇ 'ਗਰਾਸ' ਸ਼ਬਦ ਵਰਤ ਕੇ ਪੁਲਿਸ ਨੂੰ ਪਤਾ ਹੀ ਨਹੀਂ ਲੱਗਣ ਦਿੰਦੇ ਕਿ ਉਹ ਭੰਗ ਬਾਰੇ ਗੱਲ ਕਰ ਰਹੇ ਹਨ। ਤੁਸੀਂ ਵੀ ਐਵੇਂ ਹੁਣ ਪਬਲਿਕ ਵਿੱਚ ਆਮ ਤੌਰ 'ਤੇ 'ਗਰਾਸ' ਸ਼ਬਦ ਨਾ ਵਰਤਿਓ। ਪੁਲਿਸ ਨੂੰ ਇਸ ਸਲੈਂਗ ਦਾ ਪਤਾ ਲੱਗ ਚੁੱਕਾ ਏ।"

ਮੈਂ ਲੜਕੇ ਦੀਆਂ ਗੱਲਾਂ ਨੂੰ ਬੜੀ ਗੰਭੀਰਤਾ ਨਾਲ ਲਿਆ। ਫਿਰ ਮੈਂ ਭਾਸ਼ਾ ਦੇ ਇਸ ਰੂਪ ਬਾਰੇ ਵੱਧ ਅਧਿਐਨ ਸ਼ੁਰੂ ਕਰ ਦਿੱਤਾ। ਹੌਲੀ ਹੌਲੀ ਮੈਨੂੰ ਇਵੇਂ ਮਹਿਸੂਸ ਹੋਣ ਲੱਗ ਪਿਆ ਕਿ ਹਰ ਭਾਸ਼ਾ ਵਿੱਚ ਸਲੈਂਗ ਵਰਤੀ ਜਾਂਦੀ ਏ। ਸਲੈਂਗ ਦਾ ਮਤਲਬ ਹੁੰਦਾ ਹੈ—"ਪਰੰਪਰਾਗਤ ਭਾਸ਼ਾ ਨਾ ਵਰਤ ਕੇ ਐਸੇ ਸ਼ਬਦਾਂ ਅਤੇ ਮੁਹਾਵਰਿਆਂ ਜਾਂ ਪ੍ਰਗਟਾਵਿਆਂ ਦੀ ਵਰਤੋਂ ਕਰਨੀ ਜਿਹੜੇ ਨਵੇਂ ਹੋਣ ਜਾਂ ਕਿਸੇ ਨੂੰ ਨੀਵਾਂ ਦਿਖਾਉਣ ਲਈ ਵਰਤੇ ਗਏ ਹੋਣ। ਇਹ ਬੋਲੀ ਨੂੰ ਉਲਾਰਨ (Playfulness) ਦਾ ਕੰਮ ਵੀ ਕਰਦੇ ਹਨ ਤੇ ਸਮੇਂ ਨਾਲ ਬਦਲਦੇ ਵੀ ਰਹਿੰਦੇ ਹਨ।

ਮਿਸਾਲ ਦੇ ਤੌਰ ਤੇ ਪੰਜਾਬੀ ਵਿੱਚ ਸ਼ਰਾਬ ਨੂੰ 'ਦਾਰੂ' ਜਾਂ 'ਲਾਹਣ' ਕਹਿ ਦੇਣਾ 'ਮੁੰਡੇ' ਨੂੰ 'ਛੋਕਰਾ' ਕਹਿ ਦੇਣਾ, 'ਲੜਕੀ' ਨੂੰ 'ਨੱਢੀ' ਕਹਿ ਦੇਣਾ, ਕਿਸੇ ਦੇ ਛੋਟੇ ਨਾਮ 'ਹੈਪੀ' ਨੂੰ 'ਖੁਸ਼ੀਆ' ਕਹਿ ਦੇਣਾ, ਕਿਸੇ ਲੜਕੀ ਦੇ ਛੋਟੇ ਨਾਮ 'ਰੋਜ਼ੀ' ਨੂੰ 'ਗੁਲਾਬੋ' ਕਹਿ ਦੇਣਾ, 'ਰੁਪਈਆਂ' ਨੂੰ 'ਛਿੱਲੜ' ਕਹਿ ਦੇਣਾ, 'ਬਲਦ' ਨੂੰ 'ਢੱਗਾ' ਕਹਿ ਦੇਣਾ, 'ਗੁਬਾਰੇ' ਨੂੰ 'ਭੂੰਬੜਾ' ਕਹਿ ਦੇਣਾ, 'ਜੁੱਤੀ' ਨੂੰ 'ਛਿੱਤਰ' ਕਹਿ ਦੇਣਾ, 'ਕੁੱਤੇ' ਨੂੰ 'ਕਤੀੜ' ਕਹਿ ਦੇਣਾ, 'ਮੋਟਰਸਾਈਕਲ' ਨੂੰ 'ਫਿਟਫਿਟੀਆ' ਕਹਿ ਦੇਣਾ, 'ਜਹਾਜ਼' ਨੂੰ 'ਉੱਡਣਖਟੋਲਾ' ਕਹਿ ਦੇਣਾ, ਆਦਿ ਸਭ ਸਲੈਂਗ ਦੇ ਰੂਪ ਹਨ।

ਇਸੇ ਪ੍ਰਕਾਰ ਅੰਗਰੇਜ਼ੀ ਮਾਹੌਲ ਵਿੱਚ 'bottle shop' ਨੂੰ 'bottlo', 'bathroom' ਨੂੰ 'loo', 'umbrella' ਨੂੰ 'brolly', 'laptop' ਨੂੰ 'lappy', 'get lost' ਨੂੰ 'piss off', 'remote areas' ਨੂੰ 'outback', 'isolated place' ਨੂੰ 'woop woop', 'bourgeois' (ਅਮੀਰ ਜਮਾਤ) ਨੂੰ 'boujee' ਤੇ 'little chance' ਨੂੰ 'buckley's chance' ਕਹਿ ਦਿੰਦੇ ਹਨ।

ਤਿੰਨ ਚਾਰ ਹੋਰ ਸਲੈਂਗਾਂ (Slangs) ਵੱਲ ਵੀ ਮੈਂ ਤੁਹਾਡਾ ਧਿਆਨ ਦੁਆ ਰਿਹਾ ਹਾਂ। ਆਸਟਰੇਲੀਆ ਵਿੱਚ 100 ਦੇ ਕਰੰਸੀ ਨੋਟ ਨੂੰ 'Watermelon' ਕਿਹਾ ਜਾਂਦਾ ਏ ਕਿਉਂਕਿ ਇਸ ਨੋਟ ਦਾ ਰੰਗ ਤਰਬੂਜ਼ ਜਿਹਾ ਗੂੜ੍ਹਾ ਹਰਾ ਹੁੰਦਾ ਏ। ਇਸੀ ਪ੍ਰਕਾਰ ਪੰਜਾਹ ਡਾਲਰ ਦੇ ਕਰੰਸੀ ਨੋਟ ਨੂੰ 'pineapple' ਕਿਹਾ ਜਾਂਦਾ ਹੈ ਕਿਉਂਕਿ ਇਸ ਨੋਟ ਦਾ ਰੰਗ ਪਾਈਨਐਪਲ ਫਲ ਵਾਂਗ ਪੀਲਾ ਹੁੰਦਾ ਏ। ਪਾਠਕ ਹੈਰਾਨ ਹੋਣਗੇ ਕਿ ਆਸਟ੍ਰੇਲੀਆ ਵਿੱਚ 'I love you' ਨੂੰ '143' ਕਹਿ ਦਿੱਤਾ ਜਾਂਦਾ ਏ। ਤੁਸੀਂ ਸੋਚੋਗੇ ਇਹ ਕਿਵੇਂ ? 'I' ਵਿੱਚ ਇੱਕੋ ਅੱਖਰ ਹੈ, 'love' ਵਿੱਚ ਚਾਰ ਅੱਖਰ ਹਨ ਤੇ 'you' ਵਿੱਚ ਤਿੰਨ ਅੱਖਰ ਹਨ। ਗੋਰਿਆਂ ਨੇ ਇਹ ਅੰਕੜੇ ਇਕੱਠੇ ਕਰ ਕੇ ਇਸ ਪ੍ਰਗਟਾਵੇ ਨੂੰ '143' ਬਣਾ ਲਿਆ।

'Bussin' ਨੂੰ 'very good' ਲਈ, 'cringey' ਨੂੰ 'awkward' ਲਈ, 'ASAP' ਨੂੰ 'as soon as possible' ਲਈ,'Finna' ਨੂੰ 'about to do something' ਲਈ, 'Flex' ਨੂੰ 'show off' ਕਰਨ ਲਈ, 'Greatest of all time' ਲਈ 'GOA"' , 'Green flag' ਨੂੰ 'positive sign' ਲਈ, 'Guap' ਨੂੰ 'a lot of money' ਲਈ, 'Gucci' ਨੂੰ 'all good' ਲਈ, 'Ick' ਨੂੰ 'disgust' ਲਈ, 'IRL' ਨੂੰ 'In real life' ਲਈ, 'Lit' ਨੂੰ 'exciting' ਲਈ, 'sheesh' ਨੂੰ 'praise' ਲਈ ਵਰਤਿਆ ਜਾਂਦਾ ਹੈ।

Slang 'buckley's chance' ਦਾ ਅਜੀਬ ਇਤਹਾਸ ਏ। ਇੰਗਲੈਂਡ ਦੇ ਪੇਂਡੂ ਇਲਾਕੇ ਵਿੱਚ 1776 ਵਿੱਚ ਪੈਦਾ ਹੋਇਆ ਇੱਕ ਬੇਢਬਾ ਜਿਹਾ ਅਵਾਰੌਣ ਵਧਿਆ ਹੋਇਆ ਗੋਰਾ ਵਿਲੀਅਮ ਬਕਲੀ ਹੁੰਦਾ ਸੀ। ਇਸਦਾ ਕੱਦ 6'-6" ਸੀ ਤੇ ਸ਼ਕਲ ਕਾਤਲਾਂ ਤੇ ਬਦਮਾਸ਼ਾਂ ਜਿਹੀ ਸੀ। ਪਹਿਲਾਂ ਇਹ ਰਾਜ ਮਿਸਤਰੀ ਰਿਹਾ ਤੇ 18 ਕੁ ਸਾਲ ਦੀ ਉਮਰ ਵਿੱਚ ਇਸਨੂੰ ਇੰਗਲੈਂਡ ਦੀ ਫੌਜ ਵਿੱਚ ਇਸ ਲਈ ਭਰਤੀ ਕਰ ਲਿਆ ਗਿਆ ਕਿਉਂਕਿ ਉਸ ਸਮੇਂ ਨੈਪੋਲੀਅਨ ਬੋਨਾਪਾਰਟ ਦੀ ਫੌਜ ਦੇ ਖਿਲਾਫ਼ ਲੜਨ ਲਈ ਫੌਜ ਵਿੱਚ ਖਤਰਨਾਕ ਜਿਹੇ ਬੰਦੇ ਵੀ ਚਾਹੀਦੇ ਹੁੰਦੇ ਹਨ। ਬਕਲੀ ਨੂੰ ਫੌਜ ਦੀ ਇੱਕ ਟੁਕੜੀ ਨਾਲ ਨੀਦਰਲੈਂਡ ਭੇਜ ਦਿੱਤਾ ਗਿਆ ਜਿੱਥੇ ਨੈਪੋਲੀਅਨ ਦੀ ਫੌਜ ਨਾਲ ਲੜਾਈ ਚਲ ਰਹੀ ਸੀ। ਫੌਜੀ ਹੁੰਦਾ ਹੋਇਆ ਇਹ ਕੁਝ ਮਾੜੀ ਸੰਗਤ ਵਿੱਚ ਰਲ਼ ਗਿਆ। ਫਿਰ ਇਹਦੇ ਉੱਤੇ ਕੱਪੜੇ ਦਾ ਥਾਨ ਚੋਰੀ ਕਰਨ ਦਾ ਝੂਠਾ ਇਲਜ਼ਾਮ ਲੱਗ ਗਿਆ। ਇਸ ਦੋਸ਼ ਵਿੱਚ ਇਸਨੂੰ 14 ਸਾਲ ਦੀ ਕੈਦ ਹੋ ਗਈ। ਉਦੋਂ ਬਹੁਤ ਸਾਰੇ ਕੈਦੀ ਆਸਟਰੇਲੀਆ ਭੇਜ ਦਿੱਤੇ ਜਾਂਦੇ ਸਨ ਕਿਉਂਕਿ ਆਸਟਰੇਲੀਆ ਅਜੇ ਵਿਕਸਿਤ ਨਹੀਂ ਹੋਇਆ ਸੀ ਤੇ ਕਾਲ਼ੇ ਪਾਣੀ ਵਾਂਗ ਸੀ। ਜਿਹੜੇ ਵੀ ਕੈਦੀ ਗੋਰੇ ਇੰਗਲੈਂਡ ਤੋਂ ਆਸਟਰੇਲੀਆ ਨੂੰ ਭੇਜੇ ਜਾਂਦੇ ਉਹ ਇੱਥੇ ਆ ਕੇ ਆਦੀਵਾਸੀਆਂ (Aboriginals) ਨਾਲ ਲੜਦੇ ਖਪਦੇ ਰਹਿੰਦੇ ਸਨ ਤੇ ਬਹੁਤ ਸਾਰੇ ਮਰ ਵੀ ਜਾਂਦੇ ਸਨ।ਬਕਲੀ ਆ ਕੇ ਕਈ ਟਾਪੂਆਂ ਤੇ ਰਿਹਾ। ਚੰਗਾ ਭੋਜਨ ਨਾ ਮਿਲਣ ਕਰਕੇ ਕਈ ਵਾਰ ਬਿਮਾਰ ਵੀ ਹੋਇਆ। ਕੁਝ ਸਮਾਂ ਇਸਦਾ ਪਤਾ ਹੀ ਨੀਂ ਲੱਗਾ ਕਿ ਉਹ ਜੀਵਤ ਹੈ ਜਾਂ ਮਰ ਗਿਆ। ਹੌਲ਼ੀ ਹੌਲ਼ੀ ਆਦੀਵਾਸੀਆਂ ਤੋਂ ਬਚਦਾ ਬਚਾਉਂਦਾ ਉਹ ਉਨ੍ਹਾਂ ਦਾ ਹਿੱਸਾ ਹੀ ਬਣ ਗਿਐ। ਇੱਕ ਸਟੇਜ ਤੇ ਆ ਕੇ ਤਾਂ ਆਦੀਵਾਸੀ ਇਹੀ ਸਮਝਣ ਲੱਗ ਪਏ ਸਨ ਕਿ ਉਨ੍ਹਾਂ ਦਾ ਹੀ ਕੋਈ ਮੁਖੀ ਦੋਬਾਰਾ ਜਨਮ ਲੈ ਕੇ ਆਇਆ ਹੈ। ਇਸਦੀ ਸ਼ਕਲ ਆਦੀਵਾਸੀਆਂ ਜਿਹੀ ਸੀ। ਸਿਰਫ ਰੰਗ ਹੀ ਗੋਰਾ ਸੀ। ਇੱਕ ਕਬੀਲਾ ਇਸਦੇ ਇੰਨਾ ਨੇੜੇ ਆ ਗਿਆ ਕਿ ਇਹ ਉਨ੍ਹਾਂ ਨਾਲ ਮੱਛੀਆਂ ਫੜਦਾ। ਜਾਨਵਰਾਂ ਦੀਆਂ ਖੱਲਾਂ ਦੇ ਪਹਿਰਾਵੇ ਤਿਆਰ ਕਰਵਾਉਂਦਾ, ਨੇੜੇ ਹਾਦਸੇ ਦਾ ਸ਼ਿਕਾਰ ਹੋਏ ਜਹਾਜ ਵਿੱਚੋਂ ਪੁਰਜੇ ਤੇ ਕੱਪੜੇ ਚੁੱਕ ਕੇ ਲਿਆਉਂਦਾ। ਇਹ ਉਹਨਾਂ ਦੀ ਬੋਲੀ ਇੰਨੀ ਸਿੱਖ ਗਿਆ ਜਿੰਨੀ ਅੰਗਰੇਜ਼ੀ ਜਾਣਦਾ ਸੀ। ਇਹਨੇ ਉਥੇ ਆਪਣੇ ਤੋਂ 15 ਸਾਲ ਵੱਡੀ ਤੀਵੀਂ ਨਾਲ ਵਿਆਹ ਵੀ ਕਰਵਾ ਲਿਆ। ਫਿਰ 1835 ਵਿੱਚ ਇੱਕ ਗੋਰੇ ਕੈਦੀਆਂ ਦਾ ਹੋਰ ਜਹਾਜ ਇੰਗਲੈਂਡ ਤੋਂ ਆਇਆ। ਆਦੀਵਾਸੀ ਉਸਜਹਾਜ਼ ਵਿੱਚ ਸਵਾਰ ਕੈਦੀਆਂ ਨੂੰ ਮਾਰਨ ਲਈ ਝਪਟ ਪਏ। ਬਕਲੀ ਉਹਨਾਂ ਦੇ ਨਾਲ ਸੀ । ਜਹਾਜ ਦੇ ਕੈਪਟਨ ਨੇ ਬਕਲੀ ਦੀ ਬਾਂਹ ਤੇ 'WB' ਖੁਣਿਆ ਹੋਇਆ ਦੇਖ ਲਿਆ। ਕੈਪਟਨ ਉੱਚੀ ਦੇਣੀ ਕਹਿੰਦਾ, "ਓ, ਬਕਲੀ ਤੂੰ ਤਾਂ ਅਜੇ ਤੱਕ ਵੀ ਜਿਉਂਦਾ ਏਂ। ਤੈਨੂੰ ਤਾਂ ਸਾਰੇ ਮਰ ਚੁੱਕਾ ਸਮਝਦੇ ਹਨ।" ਚੋਰਾਂ ਦੀ ਆਪਸ ਵਿੱਚ ਜੱਫੀ ਪੈ ਗਈ। ਬਕਲੀ ਨੇ ਆਦੀਵਾਸੀਆਂ ਨੂੰ ਜਹਾਜ ਦਾ ਨੁਕਸਾਨ ਕਰਨ ਤੋਂ ਵਰਜਿਆ। ਇਸ ਪ੍ਰਕਾਰ ਗੋਰਿਆਂ ਤੇ ਆਦਿਵਾਸੀਆਂ ਵਿੱਚ ਨੇੜਤਾ ਲਿਆਉਣ ਵਿੱਚ ਬਕਲੀ ਨੇ ਨਿਰੰਤਰ ਭੂਮਿਕਾ ਨਿਭਾਈ। ਉਦੋਂ ਕੁ ਗੋਰੇ ਆਸਟਰੇਲੀਆ ਵਿੱਚ ਕਾਫੀ ਜ਼ੋਰ ਫੜ ਰਹੇ ਸਨ। ਫਿਰ ਉਹਨਾਂ ਨੇ ਬਕਲੀ ਨੂੰ ਆਪਣਾ ਦੋ ਭਾਸ਼ੀਆ ਰੱਖ ਲਿਆ। ਉਹਨੂੰ ਟਿਕਟੋਰੀਆ ਸੂਬੇ ਵਿੱਚ ਇੱਕ ਘਰ ਵੀ ਦੇ ਦਿੱਤਾ ਗਿਆ। ਉਹ ਇਹ ਛੱਡ ਕੇ ਫਿਰ ਤਸਮਾਨੀਆ ਸੂਬੇ ਵੱਲ ਚਲਾ ਗਿਆ। ਉੱਥੇ ਉਸਦੀ ਸੱਟ ਲੱਗਣ ਨਾਲ 1856 ਵਿੱਚ ਮੌਤ ਹੋ ਗਈ।

ਇਸ ਵਿਅਕਤੀ ਦੀ ਰਹੱਸਮਈ ਤੇ ਗਿਰਗਟੀ ਜੀਵਨ ਕਹਾਣੀ ਵਿੱਚ ਕਈ ਕੁਝ ਅਚਾਨਕ ਤੇ ਅਸੰਭਵ ਵਾਪਰਿਆ। ਕਿਸੇ ਨੂੰ ਯਕੀਨ ਹੀ ਨਹੀਂ ਸੀ ਕਿ ਬਕਲੀ ਜਿਓਂਦਾ ਹੋਊ। ਉਹ ਕਈ ਪ੍ਰਕਾਰ ਦੇ ਜੋਖੋਂ ਭਰਪੂਰ ਜੀਵਨ ਵਿੱਚੋਂ ਗੁਜ਼ਰਦਾ ਵੀ 76 ਸਾਲ ਦਾ ਜੀਵਨ ਬਤੀਤ ਕਰ ਗਿਆ। ਇਸ ਲਈ ਇਹ ਸਲੈਂਗ ਅਸੰਭਵ ਤੇ ਅਚਾਨਕ ਪ੍ਰਸਥਿਤੀ ਲਈ ਵਰਤਿਆ ਜਾਂਦਾ ਹੈ। ਇਸਤੋਂ ਗੋਰਿਆਂ ਨੇ ਸਲੈਂਗ ਬਣਾ ਲਿਆ ਜਿਹਨੂੰ 'buckley's chance' ਕਿਹਾ ਜਾਂਦਾ ਹੈ। ਇਸ ਦਾ ਮਤਲਬ ਹੈ 'No chance'. ਜਦ ਕਿਸੇ ਕੰਮ ਦੇ ਪੂਰਾ ਹੋਣ ਦੀ ਬਹੁਤ ਘੱਟ ਸੰਭਾਵਨਾ ਹੋਵੇ ਉਸਨੂੰ buckley's chance ਕਿਹਾ ਜਾਂਦਾ ਏ।

ਸਿੱਟੇ ਵਜੋਂ ਕਿਹਾ ਜਾ ਸਕਦਾ ਏ ਕਿ ਸਲੈਂਗ (Slangs) ਸਾਡੀ ਬੋਲੀ ਵਿੱਚ ਬਹੁਤ ਹੀ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਪ੍ਰਵਾਸੀਆਂ ਨੂੰ ਇਹਨਾਂ ਦਾ ਗਿਆਨ ਵੀ ਹੋਣਾ ਹੀ ਚਾਹੀਦਾ ਏ। ਪ੍ਰਵਾਸੀ ਇੱਥੋਂ ਦੇ ਸਮਾਜ ਵਿੱਚ ਪੂਰੀ ਤਰ੍ਹਾਂ ਤਾਂ ਨਹੀਂ ਘੁਲ-ਮਿਲ ਸਕਦਾ ਹੈ ਜੇ ਉਹਨੂੰ ਇਹਨਾਂ ਦਾ ਗਿਆਨ ਹੋਵੇ।

## - ਮਿੱਟੀ ਦੀ ਮਹਿਕ -

# ਮੇਰੇ ਪਿੰਡ ਦਾ ਅਣ ਲਿਖਿਆ ਇਤਿਹਾਸ ਹੈ ਬਾਬਾ ਫਕੀਰੀਆ



ਬਾਬਾ ਫਕੀਰੀਆ ਜਿੰਨਾ ਹੱਡਾਂ ਪੈਰਾਂ ਦਾ ਖੁੱਲ੍ਹਾ ਸੀ, ਉਨਾ ਹੀ ਉਹ ਵਿਚਾਰਾਂ ਵਿੱਚ ਅਸਮਾਨੀ ਉਡਾਰੀਆਂ ਭਰਨ ਦੀ ਸਮਰੱਥਾ ਰੱਖਦਾ ਸੀ। ਰੌਲਿਆਂ ਵੇਲੇ ਉਹ ਭਰ ਜਵਾਨ ਸੀ । ਨੇੜਲੇ ਪਿੰਡ ਗੁੱਲਪੁਰ ਮਾਸਟਰ ਗੁਰਦੇਵ ਸਿੰਘ ਹੋਰਾਂ ਦੀ ਵੱਡੀ ਭੈਣ ਰੱਖੀ ਨੇ ਬਾਬਾ ਜੀ ਦੇ ਜੀਵਨ ਵਿਚ ਆਕੇ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ ।ਰਾਣੇ ਮੂਲ੍ਹੇ ਦੀ ਬੇਰੀ ਹੇਠਾਂ ਸਿਆਲ੍ਹਾਂ ਦੇ ਦਿਨੀਂ ਦੇਰ ਰਾਤ ਤੱਕ ਮਘਦੀ ਧੂਣੀ ਮੇਰੇ ਪਿੰਡ ਦੀ ਵਿਧਾਨ ਸਭਾ ਹੋਇਆ ਕਰਦੀ ਸੀ।ਚਰਨੇ ਤਰਖਾਣ ਦੀਆਂ ਮਿੱਠੀਆਂ ਮਿੱਠੀਆਂ ਟਕੋਰਾਂ ਸਣ ਅਤੇ ਸਨੁਕੜੇ ਦੀਆਂ ਭੰਨੀਆਂ ਜਾਂਦੀਆਂ ਛਿਟੀਆਂ ਧੂਣੀ ਦਾ ਖਾਜਾ ਬਣਦੀਆਂ ਸਰੀਰਾਂ ਨੂੰ ਨਿੱਘ ਦਿੰਦੀਆਂ ਉਥੇ ਬਾਬਾ ਫਕੀਰੀਆ ਦੀਆਂ ਦਿਮਾਗ ਨੂੰ ਤਰੋਤਾਜ਼ਾ ਕਰਦੀਆਂ ਡੂੰਘੀਆਂ ਗੱਲਾਂ ਹਾਜ਼ਰੀਨ ਨੂੰ ਕੁਝ ਕਰ ਗੁਜ਼ਰਨ ਲਈ ਵੀ ਵੰਗਾਰ ਦੀਆਂ ਸਨ। ਪਿੰਡ ਦੇ ਹਰ ਤਰ੍ਹਾਂ ਦੇ ਮਸਲੇ ਅਕਸਰ ਹੀ ਇਸ ਧੂਣੀ ਤੇ ਹੀ ਵਿਚਾਰੇ ਜਾਂਦੇ ਸਨ। ਪਿੰਡ ਵਿੱਚ ਚਾਨਣਾ ਦਾ ਛੱਟਾ ਦਿੰਦੇ ਜੁਗਿੰਦਰ ਬਾਹਰਲਾ ਅਤੇ ਨਰਿੰਦਰ ਦੁਸਾਂਝ ਵਲੋਂ ਪੇਸ਼ ਕੀਤੇ ਜਾਂਦੇ ਹਾੜ੍ਹੀਆਂ ਸੌਣੀਆਂ ਜਹੇ ਨਾਟਕ ਅਤੇ ਪਾਰਟੀ ਦੇ ਪ੍ਰੋਗਰਾਮ ਅਕਸਰ ਬਾਬੇ ਫਕੀਰੀਏ ਦੀ ਪ੍ਰਧਾਨਗੀ ਹੇਠ ਹੀ ਅਕਸਰ ਹੋਇਆ ਕਰਦੇ ਸਨ। ਡਾਕਟਰ ਭਾਗ ਸਿੰਘ ਦੀ ਆਮਦ ਤੇ ਬਾਬਾ ਫਕੀਰੀਆ ਸਿਰ ਤੇ ਬੈਟਰੀ ਚੁੱਕ ਕੇ ਸਪੀਕਰ ਰਾਹੀਂ ਇਲਾਕੇ ਲਈ ਲਾਈਟ ਹਾਊਸ ਹੋ ਨਿਬੜਦਾ ਸੀ। ਬਾਬਾ ਵਿਖਿਆਨ ਕਰਦਾ,ਪਿੰਡ ਦੀ ਲਹਿੰਦੀ ਗੁੱਠ ਚ ਵਸਿਆ ਚਣਕੋਆ, ਪੱਛੋਂ ਦੀ ਬਾਹੀ ਚਣਕੋਈ, ਦੱਖਣ ਦੀ ਗੁੱਠ ਚ ਵਸੇ ਪਿੰਡ ਰੁੜਕੀ ਕਲਾਂ ਅਤੇ ਘਮੌਰ,ਮੁਸਲਮਾਨ ਆਬਾਦੀ ਵਾਲੇ ਪਿੰਡ ਸਨ । ਇਹਨਾਂ ਪਿੰਡਾਂ ਵਿੱਚ ਖੜੀਆਂ ਮਸਜਿਦਾਂ / ਮਸੀਤਾਂ ,ਮੁਸਲਮਾਨ ਭਾਈਚਾਰੇ ਦੀਆਂ ਇਬਾਬਤਗਾਹਾਂ ,ਉਹਨਾਂ ਪਿੰਡਾਂ ਵਿੱਚ ਮੁਸਲਮਾਨ ਆਬਾਦੀ ਦੀ ਬਹੁਤਾਤ ਦਾ ਅੱਜ ਵੀ ਹੁੰਗਾਰਾ ਭਰਦੀਆਂ ਹਨ। ਸੰਤਾਲੀ ਦੇ ਸੰਤਾਪ ਬਾਰੇ ਬਾਬਾ ਆਖਿਆ ਕਰਦਾ ਸੀ " ਪੰਜਾਬ ਨੇ ਕਦੀ ਵੀ ਕਿਸੇ ਦੀ ਈਨ ਨਹੀਂ ਮੰਨੀ ।ਸਦੀਆਂ ਪਿਛਾਂਹ ਨੂੰ ਨਜ਼ਰ ਮਾਰ ਲਵੋ। ਪੋਰਸ ਦੇ ਵਾਰਸਾਂ ਨਾਨਕ ਦੀ ਅਗਵਾਈ ਵਿੱਚ ,ਅਜਿਹੀ ਲਹਿਰ ਖੜੀ ਕਰਤੀ , ਕਿ ਦੁਨੀਆਂ ਹਿਲਾਕੇ ਰਖਤੀ ਸੀ ਇਕ ਵਾਰ ਤਾਂ -----।ਜਾਬਰ ਬਾਬਰ ਆਇਆ ,ਬਾਬੇ ਨੇ ਉਸਨੂੰ ਪਾਪ ਦੀ ਜੰਞ ਲੈ ਕਾਬਲੋਂ ਧਾਇਆ - ---ਰਾਜੇ ਸ਼ੀਂਹ ਮੁਕਦਮ ਕੁੱਤੇ ਤਕ ਆਖ਼ਣ ਤੱਕ ਗਏ ਬਾਬੇ ਨੇ ਲਲਕਾਰਿਆ । ਬਾਬੇ ਨੇ ਸਦੀਆਂ ਵਿੱਚ ਖਿਲਰੀ ਪਈ ਮਾਨਵਤਾਵਾਦੀ ਸੋਚ ਨੂੰ ਇਕੱਠਿਆਂ ਕੀਤਾ। ਪੰਜਵੇਂ ਨਾਨਕ ਨੇ ਉਸ ਨੂੰ ਸੰਗ੍ਰਹਿਤ ਕੀਤਾ। ਜਹਾਂਗੀਰ ਤੜਪ ਉੱਠਿਆ । ਬਾਬਾ ਆਖਿਆ ਕਰਦਾ ਸੀ ਕਿ ਸਾਡੇ ਢੰਡੋਰਚੀ ਆਖੀ ਜਾਂਦੇ ਹਨ ਕਿ " ਅਖੇ ਚੰਦੂ ਦੀ ਕੁੜੀ ਦਾ ਸਾਕ ਨਹੀਂ ਸੀ ਲਿਆ । ਤਾਂ ਇਹ ਭਾਣਾ ਵਰਤਿਆ " ਓਏ ਭਲਿਓ ਲੋਕੋ ! ਹਾਕਮ ਆਪਣੇ ਢੰਡੋਰਚੀਆਂ ਰਾਹੀਂ ,ਆਪਣੇ ਕੀਤੇ ਨੂੰ ਸਹੀ ਦਰਸਾਉਣ ਲਈ ,ਹਰ ਹੀਲਾ ਵਰਤਦੇ ਹਨ। ਉਹਨਾਂ ਵਰਤਿਆ । ਪੰਜਵੇਂ ਨਾਨਕ ਦਾ ਜਹਾਂਗੀਰ ਦੀਆਂ ਨਜ਼ਰਾਂ ਚ ਨਾ ਮੁਆਫੀ ਯੋਗ ਕਸੂਰ ਸੀ ,ਪੋਥੀ ਸਾਹਿਬ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਦੀ ਸੰਪਾਦਨਾ।"



ਦੀਦਾਰ ਸਿੰਘ ਸ਼ੇਤਰਾ

ਭਲਿਓ ਲੋਕੋ ! ਤੁਸੀਂ ਹੀ ਤਾਂ ਜਾਣਾ ਹੁੰਦਾ ਹੈ ਗੱਲ ਦੀ ਤਹਿ ਤੱਕ। ਨਵੀਂ ਪੀੜ੍ਹੀ ਨੂੰ ਮੰਥਨ ਕਰਨਾ ਪਵੇਗਾ, ਬੀਤੇ ਦੀਆਂ ਹੋਈਆਂ, ਕੀਤੀਆਂ ,ਕਤਰੀਆਂ ਦਾ। ਨੌਵੇਂ ਨਾਨਕ ਅਤੇ ਉਸ ਦੇ ਪੈਰੋਕਾਰਾਂ ਦੀਆਂ ਲਾਸਾਨੀ ਸ਼ਹਾਦਤਾਂ ਨੇ ਪੰਜਾਬ ਨੂੰ ਝੰਜੋੜ ਕੇ ਰਖ ਦਿੱਤਾ ਸੀ। ਪੰਜਾਬ ਦੇ ਜਾਇਆਂ ਨੂੰ ਬਗ਼ਾਵਤ ਦੇ ਰਾਹ ਤੁਰਨ ਲਈ ਮਜਬੂਰ ਕਰਤਾ ਸੀ। ਛੇਵੇਂ ਨਾਨਕ ਅਤੇ ਦਸਵੇਂ ਨਾਨਕ ਗੁਰੂ ਗੋਬਿੰਦ ਸਿੰਘ ਵਲੋਂ ਖ਼ਾਲਸੇ ਨੂੰ ਹਥਿਆਰਬੰਦ ਘੋਲ ਲਈ ਤਿਆਰ ਕਰਨਾ, ਆਪਣੇ ਹਜ਼ਾਰਾਂ ਸਿੰਘਾਂ ,ਆਪਣੀ ਮਾਤਾ ਲਾਡਲੇ ਪੁੱਤਰਾਂ ਦੀਆਂ ਸ਼ਹਾਦਤਾਂ ਨੇ ਬਲ੍ਹਦੀ ਤੇ ਤੇਲ ਪਾਇਆ।

ਵਕਤ ਪਾ ਕੇ ਪੰਜਾਬ ਨੇ ਵਿਚਾਰਾਂ ਦੀ ਸਾਣ ਤੇ ਲੱਗੀ ਹੋਈ ਆਪਣੀ ਸੋਚ ਸਦਕਾ ,ਇੱਕ ਹੱਥ ,ਹਲ੍ਹ ਦੀ ਮੁੰਨੀ 'ਤੇ ਅਤੇ ਇੱਕ ਹੱਥ ਤਲਵਾਰ ਦੀ ਮੁੱਠ ਤੇ ਕਰ ਲਿਆ ਸੀ ।ਬੰਦੇ ਨੇ ਪੰਜਾਬ ਹੀ ਨਹੀਂ ਉੱਤਰ ਪੂਰਵ ਗਾਹ ਮਾਰਿਆ। ਉਹ ਦਿੱਲੀ ਕਨੀਓਂ ਜਿੱਤ ਦੇ ਨਗਾਰੇ ਵਜਾਉਂਦਾ ਪੰਜਾਬ ਵੱਲ ਵਧਿਆ ਸੀ, ਇਕ ਸੂਝਵਾਨ ਜਰਨੈਲ ਦੀ ਤਰ੍ਹਾਂ।

ਬਾਬਾ ਆਖਦਾ" ਲੋਹਗੜ੍ਹ ਨੂੰ ਰਾਜਧਾਨੀ ਬਣਾ ਕੇ, ਪੰਜਾਬ ਦੀ ਧਰਤੀ ਤੇ ਨਾਨਕ ਦੇ ਫਲਸਫੇ ਨੂੰ ਪ੍ਰਵਾਨਗੀ ਦਿੰਦਾ ਰਾਜ ਸਥਾਪਿਤ ਕਰਤਾ ਸੀ ਉਹਨੇ। ਦਹਾਕਿਆਂ ਬੱਧੀ ਜੰਗਲਾਂ ਦਾ ਵਾਸ ਕਰਦਿਆਂ ਪੰਜਾਬ ਦੇ ਧੀਆਂ ਪੁੱਤਰਾਂ ਨੇ ਕਿਸੇ ਰਾਜੇ ਮਹਾਰਾਜੇ ਦੀ ਧੌਂਸ ਨਹੀਂ ਸੀ ਝੱਲੀ। ਅਠਾਰਵੀਂ ਸਦੀ ਦੇ ਅੱਧ ਦੁਆਲੇ ਘੋੜਿਆਂ ਦੀਆਂ ਕਾਠੀਆਂ ਨੂੰ ਘਰ ਬਣਾ ਕੇ,ਜੰਗਲਾਂ ਚ ਵਾਸ ਕਰਦਿਆਂ ਪਹਿਲਾਂ 64 ਜਥਿਆਂ, ਸਮੇਂ ਦੀ ਨਜਾਕਤ ਦੇਖਦਿਆਂ 24 ਅਤੇ ਫ਼ਿਰ 12 ਜਥਿਆਂ ਚ ਜਥੇਬੰਦ ਕਰਦਿਆਂ ਇਕ ਸੂਝਵਾਨ ਰਾਜ ਪ੍ਰਬੰਧ ਲਈ ਜ਼ਰੂਰੀ ਰਿਕਾਰਡ ਰਖਣਾ ਸ਼ੁਰੂ ਕਰਦਿਆਂ ਬਾਰਾਂ ਮਿਸਲਾਂ ਦਾ ਰੂਪ ਧਾਰ, ਆਪਣੇ ਅਜ਼ਾਦ ਰਾਜ ਸਥਾਪਤ ਕਰਕੇ ਪੰਜਾਬ ਦੇ ਲੋਕਾਂ ਨੂੰ ਮੁਗ਼ਲ ਸ਼ਾਹੀ ਦੀ ਗੁਲਾਮੀ ਤੋਂ ਛੁਟਕਾਰਾ ਦਿਵਾ ਦਿੱਤਾ ਸੀ। ਲਹੌਰ ਦਰਬਾਰ ਮੁਗ਼ਲ ਸ਼ਾਹੀ ਕੋਲ਼ ਪੰਜਾਬ ਦੇ ਪਿੰਡਾਂ ਚ ਖਾਲਸਾਈ ਰਾਜ।ਅਬਾਦੀ ਦੇ ਪੱਖੋਂ ਪੰਜ ਪ੍ਰਤੀਸ਼ਤ ਲੋਕਾਂ ਕੋਲ਼ ਅਜਿਹਾ ਕੀ ਸੀ ਕਿ ਸਾਰਾ ਪੰਜਾਬ ਉਹਨਾਂ ਦੀ ਪਿੱਠ ਤੇ ਆਣ ਖੜ੍ਹਿਆ ਸੀ ? ਉਹ ਸੀ ਨਾਨਕ ਦਾ ਮਾਨਵਤਾ ਵਾਦੀ ਫ਼ਲਸਫ਼ਾ। ਆ ਗਏ ਨਿਹੰਗ ਬੂਹਾ ਖੋਲ੍ਹ ਦਿਓ ਨਿਸੰਗ --- ਜਹੀਆਂ ਲੋਕ ਬੋਲੀਆਂ/ਲੋਕ ਧਾਰਨਾਵਾਂ ਹੋਂਦ ਵਿੱਚ ਐਵੇਂ ਨਹੀਂ ਸੀ ਆ ਗਈਆਂ"।

ਬਾਬਾ ਤਰਕ ਦਿੰਦਾ ਆਖਦਾ ਸੀ ਕਿ ਰਣਜੀਤ ਸਿੰਘ ਦੇ ਰਾਜ ਨੂੰ ਨਾਨਕ ਫਲਸਫੇ ਦਾ ਸਿਖਰ ਮੰਨਣ ਵਾਲਿਆਂ ਨੂੰ ਸੋਚਣਾ ਪਵੇਗਾ ,ਕਿ ਬਾਬਾ ਨਾਨਕ ਅਜਿਹਾ ਰਾਜ ਚਾਹੁੰਦਾ ਸੀ ? ਨਹੀਂ। ਜਗੀਰਦਾਰੀਆਂ, ਦੂਸਰੀਆਂ ਮੁਗਲ ਹਕੂਮਤਾਂ ਦੀ ਨਿਆਈਂ ,ਛੋਟੇ ਛੋਟੇ ਸੂਬੇਦਾਰ ਹੀ ਤਾਂ ਸਨ , ਉਸਦੇ ਬਣਾਏ ਹੋਏ ਆਪਨੇ ਰਾਜ ਦੇ ਥੰਮ। ਪਰ ਬਾਬੇ ਦੇ ਰਾਜ ਦਾ ਫਲਸਫਾ ਸੀ , ਸਮੁੱਚੀ ਲੋਕਾਈ, ਇੱਕੋ ਜਿਹੀ ਹੋਵੇਗੀ। ਗੁਰੂ ਆਸ਼ੇ ਅਨੁਸਾਰ ਪੰਚ ਪ੍ਰਧਾਨੀ ਦਾ ਰਾਜ। ਲੋਕਾਂ ਦਾ ਆਪਣਾ ਰਾਜ।ਨਾਕਿ ਕਿਸੇ ਰਾਜੇ ਮਹਾਰਾਜੇ ਦਾ ਰਾਜ।ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ --। ਉਸ ਦੇ ਬੀਜੇ ਕੰਡਿਆਂ ਦੀ ਹੀ ਤਾਂ ਸਜ਼ਾ ਭੁਗਤ ਰਹੇ ਹਾਂ ਅੱਜ ਤੱਕ।

ਬਾਬਾ ਆਖਦਾ" ਬਾਬੇ ਨਾਨਕ ਦੀ ਸੋਚ ਉਡਾਰੀ ਨੂੰ, ਤੁਣਕੇ ਮਾਰ ਮਾਰ ਥੱਲੇ ਲਾਹ ਲਿਆ ਗਿਆ ,ਆਪਣੀਆਂ ਰੀਝਾਂ ,ਖ਼ਾਹਿਸ਼ਾਂ ਅਨੁਸਾਰ , ਢਾਲ ਲਿਆ, ਲੋਕ ਹਿੱਤੂ ਸਿੱਖ ਫਲਸਫੇ ਨੂੰ।ਇਹੋ ਕਾਰਨ ਸੀ ਕਿ ਸਿੱਖ ਮਿਸਲਾਂ ਦਾ ਰਾਜ ਖਤਮ ਕਰਕੇ ਰਣਜੀਤ ਸਿੰਘ ਨੇ ਏਕਾ-ਅਧਿਕਾਰ ਰਾਜ ਸਥਾਪਿਤ ਕਰ ਲਿਆ। ਗੁਰੂ ਦੀ ਪੰਚ ਪ੍ਰਧਾਨੀ ਨੂੰ ਪਿੱਠ ਦੇ ਦਿੱਤੀ ਸੀ। ਕੂਕਿਆਂ ਦੀ ਬਗ਼ਾਵਤ, ਵੀਹਵੀਂ ਸਦੀ ਦੇ ਪਹਿਲੇ ਦਹਾਕੇ ਦਾ ਪਗੜੀ ਸੰਭਾਲ ਜੱਟਾ ਦਾ ਕਿਸਾਨੀ ਘੋਲ਼, ਗ਼ਦਰੀ ਬਾਬਿਆਂ,ਬੱਬਰ ਅਕਾਲੀਆਂ ਦੇ ਕਿੱਸੇ ਬੜੇ ਮਾਂਣ ਨਾਲ਼ ਸਾਂਝੇ ਕਰਦਾ "। ਆਪਣੇ ਪਿੰਡ ਦੇ ਹੀ ਦੋਹਤੇ ਭਾਣਜੇ ਬੱਬਰ ਕਰਮ ਸਿੰਘ ਦੌਲਤਪੁਰ ਅਤੇ ਉਸਦੇ ਸਾਥੀਆਂ ਬੱਬਰਾਂ ਅੰਗਰੇਜ਼ੀ ਰਾਜ ਲਈ ਮੁਖਬਰੀ ਕਰਨ ਵਾਲ੍ਹੇ ਪਿੰਡ ਦੇ ਲੰਬੜਾਂ ਰਲ਼ਾ ਅਤੇ ਦਿੱਤੂ ਦੇ ਦਿਨ ਦਿਹਾੜੇ ਢੋਲਕੀਆਂ ਛੈਣੇ ਚਿਮਟਿਆਂ ਦੇ ਸੰਗੀਤ ਚ ਸ਼ਬਦ ਪੜ੍ਹਦਿਆਂ ਕਿਵੇਂ ਪਾਰ ਬੁਲਾਏ ਸਨ,ਬੜੇ ਮਾਂਣ ਨਾਲ਼ ਸੁਣਾਉਂਦਾ।

(ਬਾਕੀ ਸਫ਼ਾ ਨੰ 16 ਤੇ)

# ਸੰਪਾਦਕ ਅਵਤਾਰ ਐਸ. ਸੰਘਾ ਦੀ ਪੁਸਤਕਾਂ ਤੇ ਹੋਰ ਰਚਨਾਵਾਂ ਤੇ ਪ੍ਰਾਪਤੀਆਂ ਦੀ ਸੂਚੀ

1). **ਸਿਡਨੀ ਦੀਆਂ ਰੇਲ ਗੱਡੀਆਂ** (ਕਹਾਣੀ-ਨੁਮਾ ਲੇਖ ਅਤੇ ਲੇਖ-ਨੁਮਾ ਕਹਾਣੀਆਂ) ਸਿੰਘ ਬ੍ਰਦਰਜ਼, ਸਿਟੀ ਸੈਂਟਰ, ਅੰਮ੍ਰਿਤਸਰ
2). **ਦਿਲਹੁ ਮੁਹੱਬਤ ਜਿਨ** (ਨਾਵਲ), ਲੋਕਗੀਤ ਪ੍ਰਕਾਸ਼ਨ, ਮੋਹਾਲੀ (2011)
3). **ਖਿਲੌਰੀ ਅੱਖਾਂ** (ਕਹਾਣੀ ਸੰਗ੍ਰਹਿ), ਪੰਜ ਆਬ ਪ੍ਰਕਾਸ਼ਨ, ਜਲੰਧਰ (2013)
4). **ਘੋੜਾ ਡਾਕਟਰ** (ਕਹਾਣੀ ਸੰਗ੍ਰਹਿ), ਲੋਕਗੀਤ ਪ੍ਰਕਾਸ਼ਨ, ਮੋਹਾਲੀ (2019)
5). .........**'ਤੇ ਪ੍ਰੀਖਿਆ ਚਲਦੀ ਰਹੀ** (ਨਾਵਲ) (2021) ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ
6). **5 ਪਰਵਾਸੀ ਕਹਾਣੀਕਾਰ** (ਸੰਪਾਦਿਤ), ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ(2021)
7). ਸੰਨ 2026 ਦੇ ਅੰਤ ਤੱਕ ਡਾ: ਅਵਤਾਰ ਐਸ. ਸੰਘਾ ਦੀਆਂ ਦੋ ਕਹਾਣੀ ਸੰਗ੍ਰਿਹ ਛਪ ਕੇ ਬਾਜ਼ਾਰ ਵਿੱਚ ਆ ਰਹੇ ਹਨ। (1) **ਮਹਿਲੇ ਮਾਜਰਾ ਤੇ ਹੋਰ ਕਹਾਣੀਆਂ** (2) **Free Train Ride and other stories (English)**
8). **ਮੰਗਵੇਂ ਕੋਟ ਦਾ ਨਿੱਘ** (ਕਹਾਣੀ ਸੰਗ੍ਰਹਿ), ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ (2023)
9). **ਸੇਵਾਮੁਕਤ ਸੈਲਾਨੀ ਤੇ ਹੋਰ ਲੇਖ** (ਵਾਰਤਕ) (2025) ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ
10). ਲੇਖਕ ਦਾ ਨਵਾਂ ਕਹਾਣੀ ਸੰਗ੍ਰਹਿ **'ਕੁੜੀ ਕਹਾਣੀ ਬਣਦੀ ਗਈ'** ਛਪ ਕੇ ਬਾਜ਼ਾਰ ਵਿੱਚ ਆ ਗਿਆ ਹੈ।
11). **'ਦਾ ਪੰਜਾਬ ਹੈਰਲਡ'** (ਦੋ ਭਾਸ਼ੀ ਮਾਸਿਕ ਪਰਚਾ) 2014 ਸ਼ੁਰੂ ਤੋਂ ਚਲਦਾ ਆ ਰਿਹਾ ਹੈ।
12). **ਵਿਚਾਰਾ ਵਿਲੀਅਮ ਤੇ ਓਵਰਟਾਈਮ** (ਦੋ ਲਘੂ ਨਾਟਕ) (2022) ਮੀਡੀਆ ਪੰਜਾਬ, ਜਰਮਨੀ ਤੇ ਪੜ੍ਹੋ
13). 5 Essays in English
14). ਲੇਖਕ ਦੀ ਪੁਸਤਕ **'ਮੰਗਵੇਂ ਕੋਟ ਦਾ ਨਿੱਘ'** ਦਾ Suhaviaudiobooks.com ਵਲੋਂ ਆਡੀਓ ਬਣਾਇਆ ਗਿਆ ਹੈ।
15). Keerti, Kalicharan, and Karla--a short story in English fiction book-- 'Tales of Our Times: An Elixir for the Wise'--edited by Dr. Sushminderjeet Kaur, Head, Post-graduate Deptt.of English, GGN Khalsa College, Ludhiana
16). Essay--Ageing Cautiously and Conscientiously--in the book--'Life after 65'--edited by Dr. M. L. Sood, retd. Professor PAU, Ludhiana.
17). ਚੰਦ ਰਿਸਰਚ ਲੇਖ ਅੰਗਰੇਜ਼ੀ ਵਿੱਚ ਜਿਵੇਂ Entropic Vision of Thomas Pynchon ਤੇ Another Contem porary Novelist in hiding.
18). The Tribune, Chandigarh ਨੇ 1983 ਤੋਂ 1986 ਤੱਕ ਲੇਖਕ ਦੀਆਂ 6 ਕਹਾਣੀਆਂ ਅੰਗਰੇਜ਼ੀ ਵਿੱਚ ਛਾਪੀਆਂ। ਬਾਅਦ ਵਿੱਚ ਇਹ 6 ਤੇ 5 ਹੋਰ ਹੈਦਰਾਬਾਦ ਦੇ Vipula ਰਸਾਲੇ ਨੇ ਤੇਲਗੂ ਵਿੱਚ ਅਨੁਵਾਦ ਕਰਕੇ ਛਾਪੀਆਂ।
19). ਲੇਖਕ ਦੀਆਂ 22 ਕਹਾਣੀਆਂ ਪੰਜਾਬੀ ਟ੍ਰਿਬਿਊਨ, 6 ਪ੍ਰੀਤ ਲੜੀ, 4 ਪੰਜ ਦਰਿਆ (UK), 13 Likhari.net, 3 ਡੇਲੀ ਆਸ਼ਿਆਨਾ (ਪਟਿਆਲਾ), 2 ਪੰਜਾਬ ਟਾਈਮਜ਼ (USA), 4 ਟ੍ਰਿਬਿਊਨ, 4 'ਸਰੋਕਾਰ' ਯੂ. ਐਸ. ਵਿੱਚ, 2 'ਪਰਵਾਸ' ਲੁਧਿਆਣਾ ਵਿੱਚ, 1 ਲੇਖ 'ਅਜੀਤ' ਜਲੰਧਰ ਵਿੱਚ, 3 ਰੋਜ਼ਾਨਾ ਸਪੋਕਸਮੈਨ ਮੋਹਾਲੀ ਵਿੱਚ ਅਤੇ 15 ਕੁ ਕਹਾਣੀਆਂ ਕੈਨੇਡਾ ਤੇ ਅਮਰੀਕਾ ਦੇ ਹੋਰ ਅਖਬਾਰਾਂ ਵਿੱਚ ਛਪ ਚੁੱਕੀਆਂ ਹਨ।
20). ਲੇਖਕ ਦੀ ਅੰਗਰੇਜੀ ਦੀਆਂ ਕਹਾਣੀਆਂ ਦੀ ਪੁਸਤਕ **'Storm in a Teacup and other stories'** ਉੱਪਰ ਜੀ. ਜੀ. ਐਨ. ਖਾਲਸਾ ਕਾਲਜ ਲੁਧਿਆਣਾ ਦੀ ਅੰਗਰੇਜ਼ੀ ਦੀ ਪੋਸਟ ਗ੍ਰੈਜੂਏਟ ਜਮਾਤਾਂ ਦੀ ਹੈਡ ਡਾ: ਸੁਸ਼ਮਿੰਦਰਜੀਤ ਕੌਰ ਵਲੋਂ 1 ਮਈ 2025 ਨੂੰ ਬਰਧਮਾਨ ਯੂਨੀਵਰਸਿਟੀ ਪੱਛਮੀ ਬੰਗਾਲ ਵਿਖੇ ਪਰਚਾ ਪੜ੍ਹਿਆ ਗਿਆ।
21). ਲੇਖਕ ਦੀਆਂ ਰਚਨਾਵਾਂ ਤੇ ਉੱਤਰੀ ਭਾਰਤ ਦੀ ਇੱਕ ਯੂਨੀਵਰਸਿਟੀ ਵਿੱਚ ਇੱਕ ਖੋਜਾਰਥੀ ਲੜਕੀ ਵਲੋਂ ਪੀ. ਐਚ. ਡੀ. ਕੀਤੀ ਜਾ ਰਹੀ ਏ।
22). ਲੇਖਕ ਦੀ ਕਹਾਣੀ 'ਚੋਰ ਅੱਖ' ਐਸ.ਡੀ ਕਾਲਜ ਪਠਾਨਕੋਟ ਦੀ ਪ੍ਰੋ: (ਅੰਗਰੇਜ਼ੀ) ਛਾਇਆ ਸ਼ਰਮਾ ਨੇ ਅੰਗਰੇਜ਼ੀ ਵਿੱਚ ਅਨੁਵਾਦ ਕੀਤੀ ਤੇ ਛਪਵਾਈ।
23). ਲੇਖਕ ਦੀਆਂ ਤਿੰਨ ਪੁਸਤਕਾਂ **ਮੰਗਵੇਂ ਕੋਟ ਦਾ ਨਿੱਘ, ਸੇਵਾਮੁਕਤ ਸੈਲਾਨੀ ਤੇ ਹੋਰ ਲੇਖ** ਅਤੇ **Storm in a Tea Cup & Other Stories** ਪੰਜਾਬ ਭਵਨ ਸਰੀ (ਕੈਨੇਡਾ) ਵਿਖੇ 8 ਸਤੰਬਰ 2024 ਨੂੰ ਲੋਕ ਅਰਪਣ ਕੀਤੀਆਂ ਗਈਆਂ। ਇਸ ਸਮੇਂ ਲੇਖਕ ਨੂੰ ਸਨਮਾਨਿਤ ਵੀ ਕੀਤਾ ਗਿਆ।
24). ਲੇਖਕ ਨੂੰ 15 ਸਤੰਬਰ 2024 ਨੂੰ ਸੈਕਰਾਮੈਂਟੋ (ਯੂ. ਐਸ.) ਗਦਰੀ ਬਾਬਿਆਂ ਦੇ ਮੇਲੇ ਸਮੇਂ ਵੀ ਮੇਲਾ ਕਮੇਟੀ ਵਲੋਂ ਸਨਮਾਨਿਤ ਕੀਤਾ ਗਿਆ।
25). ਅਵਤਾਰ ਸੰਘਾ ਯੂ-ਟਿਊਬ ਚੈਨਲ ਵੀ ਸ਼ੁਰੂ ਹੋ ਚੁੱਕਾ ਹੈ।
26). ਲੇਖਕ ਦੀਆਂ ਪੁਸਤਕਾਂ '**ਸਿਡਨੀ ਦੀਆਂ ਰੇਲ ਗੱਡੀਆਂ**' ਅਤੇ '**ਸੇਵਾਮੁਕਤ ਸੈਲਾਨੀ ਤੇ ਹੋਰ ਲੇਖ**' ਦੀਆਂ ਆਡੀਓ ਵੀ ਸੁਹਾਵੀ ਡਾਟ ਕਾਮ ਤੇ ਉਪਲੱਬਧ ਹੋ ਗਈਆਂ ਹਨ।
27). ਲੇਖਕ ਦੀਆਂ 3 ਪੁਸਤਕਾਂ '**ਮੰਗਵੇਂ ਕੋਟ ਦਾ ਨਿੱਘ**', '.....**'ਤੇ ਪ੍ਰੀਖਿਆ ਚਲਦੀ ਰਹੀ**' ਅਤੇ '**ਸੇਵਾਮੁਕਤ ਸੈਲਾਨੀ ਤੇ ਹੋਰ ਲੇਖ**' ਪ੍ਰੋ: ਸੁਖਵੰਤ ਸਿੰਘ ਗਿੱਲ ਨੇ ਆਪਣੀ ਸੰਪਾਦਿਤ ਪੁਸਤਕ 'ਕਿਤਾਬਾਂ ਬੋਲਦੀਆਂ' ਵਿੱਚ ਦਰਜ ਕੀਤੀਆਂ ਹਨ।
28). 15 ਨਵੰਬਰ 2025 ਨੂੰ ਅਕਾਲ ਚੈਨਲ ਟੀ. ਵੀ. ਚੈਨਲ ਤੇ ਡਾ: ਸੰਘਾ ਦੇ ਗਲਪ ਨਿੱਕੀ ਹੁਨਰੀ ਕਹਾਣੀ ਬਾਰੇ ਵਿਚਾਰ ਪੇਸ਼ ਕੀਤੇ।

ਆਜ਼ਾਦ ਬੁੱਕ ਡੀਪੋ, ਹਾਲ ਬਜ਼ਾਰ, ਅੰਮ੍ਰਿਤਸਰ (ਪੰਜਾਬ) ਸੰਪਰਕ 0183-2292513, ਮੋਬਾ: 94631-70369

# ਸ਼੍ਰੋਮਣੀ ਅਕਾਲੀ ਦਲ (ਪੁਨਰ-ਸੁਰਜੀਤ) ਵੱਲੋਂ ਬਾਦਲ ਅਤੇ ਭੱਠਲ ਵਿਰੁੱਧ ਤਿੱਖਾ ਸ਼ਬਦੀ ਹਮਲਾ



ਗਿਆਨੀ ਹਰਪ੍ਰੀਤ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ (ਪੁਨਰ-ਸੁਰਜੀਤ) ਨੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਕਾਂਗਰਸੀ ਆਗੂ ਤੇ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਵਿਰੁੱਧ ਤਿੱਖਾ ਸ਼ਬਦੀ ਹਮਲਾ ਕੀਤਾ ਹੈ। ਪਟਿਆਲਾ ਵਿਖੇ ਹੋਈ ਜ਼ਿਲ੍ਹਾ ਪੱਧਰੀ ਵਰਕਰ ਮੀਟਿੰਗ ਦੌਰਾਨ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਨੀਂਹ ਪੰਥਕ ਸੰਸਥਾਵਾਂ, ਖ਼ਾਸ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ ਜੀ ਪੀ ਸੀ) ਦੀ ਰਾਖੀ ਲਈ ਰੱਖੀ ਗਈ ਸੀ, ਪਰ ਸਮੇਂ ਦੇ ਨਾਲ ਕੁਝ ਵਿਅਕਤੀਆਂ ਨੇ ਆਪਣੇ ਨਿੱਜੀ ਹਿੱਤਾਂ ਲਈ ਪਾਰਟੀ ਦੀ ਦਿਸ਼ਾ ਬਦਲ ਦਿੱਤੀ।

ਉਨ੍ਹਾਂ ਕਿਹਾ ਕਿ ਸੀਨੀਅਰ ਅਤੇ ਪ੍ਰਮੁੱਖ ਆਗੂਆਂ ਨੂੰ ਲਾਂਭੇ ਕਰਕੇ ਪਾਰਟੀ ਦੀ ਕਮਾਨ ਸੁਖਬੀਰ ਸਿੰਘ ਬਾਦਲ ਨੂੰ ਸੌਂਪ ਦਿੱਤੀ ਗਈ, ਜਿਨ੍ਹਾਂ ਨੇ ਪੰਥ-ਪ੍ਰਸਤ ਅਤੇ ਵਫ਼ਾਦਾਰ ਵਰਕਰਾਂ ਨੂੰ ਬਾਹਰ ਕੱਢ ਦਿੱਤਾ ਅਤੇ ਰੇਤ ਮਾਫੀਆ, ਕੇਬਲ ਮਾਫੀਆ ਅਤੇ ਨਸ਼ਾ ਤਸਕਰਾਂ ਵਰਗੇ ਅਨਸਰਾਂ ਨੂੰ ਅਕਾਲੀ ਦਲ ਨਾਲ ਜੋੜ ਦਿੱਤਾ।

ਬੰਬ ਧਮਾਕਿਆਂ ਬਾਰੇ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਵੱਲੋਂ ਕੀਤੇ ਖੁਲਾਸਿਆਂ 'ਤੇ ਟਿੱਪਣੀ ਕਰਦਿਆਂ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਉਸ ਸਮੇਂ ਦੇ ਬੰਬ ਧਮਾਕੇ ਸਰਕਾਰਾਂ ਬਣਾਉਣ ਅਤੇ ਬਚਾਉਣ ਦੀ ਰਾਜਨੀਤੀ ਦਾ ਹਿੱਸਾ ਸਨ ਅਤੇ ਇਹ ਸਭ ਸਰਕਾਰੀ ਨਿਗਰਾਨੀ ਹੇਠ ਹੋਇਆ ਸੀ। ਗ਼ੌਰਤਲਬ ਹੈ ਕਿ ਭੱਠਲ ਦੀ ਇੱਕ ਪੋਡਕਾਸਟ ਦੌਰਾਨ ਕੀਤੀ ਟਿੱਪਣੀ, ਜਿਸ ਵਿੱਚ ਉਨ੍ਹਾਂ ਦਾਅਵਾ ਕੀਤਾ ਸੀ ਕਿ ਉਨ੍ਹਾਂ ਨੂੰ ਪਾਰਟੀ ਦੀ ਮੁੜ ਸਰਕਾਰ ਬਣਾਉਣ ਵਿੱਚ ਮਦਦ ਕਰਨ ਲਈ ਬੰਬ ਧਮਾਕੇ ਕਰਨ ਦਾ ਇੱਕ ਬਹੁਤ ਹੀ ਮਾੜਾ ਪ੍ਰਸਤਾਵ ਮਿਲਿਆ ਸੀ, ਨੇ ਸਿਆਸੀ ਤੂਫਾਨ ਖੜ੍ਹਾ ਕਰ ਦਿੱਤਾ ਹੈ, ਜਿਸ ਕਾਰਨ ਸ਼੍ਰੋਮਣੀ ਅਕਾਲੀ ਦਲ (ਪੁਨਰ-ਸੁਰਜੀਤ) ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ 1996-97 ਦੇ ਇਨ੍ਹਾਂ ਕਾਲੇ ਸੱਚਾਂ ਦੀ ਜਾਂਚ ਲਈ ਇੱਕ ਸੁਤੰਤਰ ਕਮਿਸ਼ਨ ਬਣਾਉਣ ਦੀ ਮੰਗ ਕੀਤੀ ਹੈ ਅਤੇ ਪੰਜਾਬ ਭਾਜਪਾ ਨੇ ਕਾਂਗਰਸ ਤੋਂ ਸਪੱਸ਼ਟੀਕਰਨ ਮੰਗਿਆ ਹੈ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਸਾਬਕਾ ਕੈਬਨਿਟ ਮੰਤਰੀ ਸੁਰਜੀਤ ਸਿੰਘ ਰੱਖੜਾ ਅਤੇ ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਪੰਜਾਬ ਦੇ ਪਾਣੀਆਂ ਨੂੰ ਲੁੱਟਣ ਦੀ ਕੋਈ ਵੀ ਕੋਸ਼ਿਸ਼ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਐੱਸ ਵਾਈ ਐੱਲ ਮੁੱਦੇ 'ਤੇ ਅਕਾਲੀ ਦਲ ਹਮੇਸ਼ਾ ਪੰਜਾਬ ਦੇ ਹੱਕਾਂ ਲਈ ਦ੍ਰਿੜਤਾ ਨਾਲ ਖੜ੍ਹਾ ਰਹੇਗਾ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਕੌਮ ਦੀ ਸ਼ਾਨ ਅਤੇ ਅਧਿਕਾਰਾਂ ਦੀ ਰਾਖੀ ਲਈ ਕਿਲ੍ਹਾ ਹੈ, ਜਿਸ ਨੂੰ ਸਿਆਸੀ ਦਖ਼ਲਅੰਦਾਜ਼ੀ ਤੋਂ ਬਚਾਉਣਾ ਲਾਜ਼ਮੀ ਹੈ। ਉਨ੍ਹਾਂ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਅਕਾਲੀ ਦਲ ਦੀ ਪੁਨਰ-ਸੁਰਜੀਤੀ ਅਤੇ ਪੰਥਕ ਸੰਸਥਾਵਾਂ ਤੇ ਪੰਜਾਬ ਦੇ ਸੰਵਿਧਾਨਕ ਹੱਕਾਂ ਦੀ ਰਾਖੀ ਲਈ ਇਕਜੁੱਟ ਹੋਣ।

# ਪੰਜਾਬੀ ਗਾਇਕ ਸਿਮਰ ਦੋਰਾਹਾ ਨੂੰ ਕੈਨੇਡਾ ਵਿੱਚ ਹਿਰਾਸਤ ਵਿੱਚ ਲੈਣ ਤੋਂ ਬਾਅਦ ਕੀਤਾ ਰਿਹਾਅ




ਪੰਜਾਬੀ ਗਾਇਕ ਸਿਮਰ ਦੋਰਾਹਾ ਨੂੰ ਕੈਨੇਡੀਅਨ ਪੁਲੀਸ ਨੇ ਹਿਰਾਸਤ ਵਿੱਚ ਲਿਆ ਪਰ ਬਾਅਦ ਵਿਚ ਰਿਹਾਅ ਕਰ ਦਿੱਤਾ ਜਿਸ ਦੀ ਵੀਡੀਓ ਵਾਇਰਲ ਹੋਈ ਹੈ, ਹਾਲਾਂਕਿ ਸਥਾਨਕ ਪੁਲੀਸ ਨੇ ਹਾਲੇ ਤੱਕ ਇਸ ਸਬੰਧੀ ਕੋਈ ਬਿਆਨ ਜਾਰੀ ਨਹੀਂ ਕੀਤਾ।

ਸੂਤਰਾਂ ਅਨੁਸਾਰ ਸਿਮਰ ਨੂੰ ਕੈਨੇਡੀਅਨ ਪੁਲੀਸ ਨੇ ਚੋਰੀ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਸੀ ਪਰ ਉਸ ਤੋਂ ਬਾਅਦ ਰਿਹਾਅ ਕਰ ਦਿੱਤਾ ਗਿਆ। ਸਿਮਰ ਦੋ ਸਾਲ ਪਹਿਲਾਂ ਕੈਨੇਡਾ ਆ ਗਿਆ ਸੀ। ਉਹ ਪਿਛਲੇ ਮਹੀਨੇ ਭਾਰਤ ਆਇਆ ਸੀ ਅਤੇ ਮੁਹਾਲੀ ਵਿੱਚ ਕਿਰਾਏ ਦੇ ਮਕਾਨ ਵਿੱਚ ਰਹਿ ਰਿਹਾ ਸੀ। ਦੋਰਾਹਾ ਵਿੱਚ ਰਹਿਣ ਵਾਲੇ ਉਸ ਦੇ ਮਾਪਿਆਂ ਨੇ ਕਿਹਾ ਕਿ ਉਹ ਵੀ ਨਿਊਜ਼ ਚੈਨਲਾਂ 'ਤੇ ਆਈਆਂ ਖ਼ਬਰਾਂ ਤੋਂ ਹੈਰਾਨ ਹਨ। ਉਸ ਦੀ ਮਾਂ ਇੰਦਰਜੀਤ ਕੌਰ ਨੇ ਉਸ ਦੀ ਗ੍ਰਿਫਤਾਰੀ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਉਸ ਨੂੰ 20-25 ਮਿੰਟਾਂ ਬਾਅਦ ਰਿਹਾਅ ਕਰ ਦਿੱਤਾ ਗਿਆ।

ਉਨ੍ਹਾਂ ਦੱਸਿਆ ਕਿ ਸਿਮਰ ਬਾਈਪੋਲਰ ਡਿਸਆਰਡਰ ਤੋਂ ਪੀੜਤ ਹੈ ਅਤੇ ਭਾਰਤ ਵਿੱਚ ਰਹਿੰਦਿਆਂ ਉਸ ਦਾ ਇਲਾਜ ਚੱਲ ਰਿਹਾ ਸੀ। ਉਸ ਦੀ ਹਾਲਤ ਵਿਗੜ ਗਈ ਸੀ ਅਤੇ ਪਰਿਵਾਰ ਉਸ ਨੂੰ ਅੰਮ੍ਰਿਤਸਰ ਦੇ ਹਸਪਤਾਲ ਵਿੱਚ ਦਾਖਲ ਕਰਵਾਉਣ ਲਈ ਮਨਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਸਿਮਰ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਉਸ ਦੇ ਪ੍ਰਸ਼ੰਸਕਾਂ ਨੇ ਪ੍ਰਤੀਕਿਰਿਆਵਾਂ ਦਿੱਤੀਆਂ।

ਸਿਮਰ ਗੀਤਕਾਰ ਅਤੇ ਗਾਇਕ ਹੈ ਜਿਸ ਦੇ ਇੰਸਟਾਗ੍ਰਾਮ 'ਤੇ ਲਗਪਗ 10 ਲੱਖ ਫਾਲੋਅਰਜ਼ ਹਨ। ਉਸ ਨੇ ਸਮਾਜਿਕ ਮੁੱਦਿਆਂ, ਪਿਆਰ, ਜ਼ਿੰਦਗੀ ਆਦਿ ਦੇ ਵਿਸ਼ਿਆਂ 'ਤੇ 45 ਤੋਂ 55 ਗੀਤ ਲਿਖੇ ਹਨ। ਉਸ ਦੇ ਗੀਤ ਨੌਜਵਾਨਾਂ ਵਿੱਚ ਖਾਸੇ ਮਕਬੂਲ ਹੋਏ।

ਦੂਜੇ ਪਾਸੇ ਐਸਐਸਪੀ ਖੰਨਾ ਦਰਪਨ ਆਹਲੂਵਾਲੀਆ ਨੇ ਕਿਹਾ ਕਿ ਇਹ ਗਾਇਕ ਦੋਰਾਹਾ ਦੇ ਅਧਿਕਾਰ ਖੇਤਰ ਵਿੱਚ ਨਹੀਂ ਰਹਿੰਦਾ, ਇਸ ਲਈ ਪੁਲੀਸ ਇਸ ਸਬੰਧੀ ਕੋਈ ਬਿਆਨ ਜਾਰੀ ਨਹੀਂ ਕਰ ਸਕਦੀ।

# ਨਵੇਂ ਬੀਜ ਤੇ ਕੀਟਨਾਸ਼ਕ ਬਿੱਲ ਲਿਆਏਗਾ ਕੇਂਦਰ: ਸ਼ਿਵਰਾਜ

ਕੇਂਦਰੀ ਖੇਤੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਅਤੇ ਮਿਲਾਵਟੀ ਕੀਟਨਾਸ਼ਕਾਂ ਦੀ ਸਪਲਾਈ ਰੋਕਣ ਲਈ ਕੇਂਦਰ ਬੀਜਾਂ ਤੇ ਕੀਟਨਾਸ਼ਕਾਂ ਸਬੰਧੀ ਨਵੇਂ ਬਿੱਲ ਲਿਆਏਗਾ।

ਛੱਤੀਸਗੜ੍ਹ ਵਿੱਚ ਦੁਰਗ ਜ਼ਿਲ੍ਹੇ ਦੇ ਕੁਮਹਾਰੀ ਵਿੱਚ ਕਿਸਾਨ ਮੇਲੇ 'ਚ ਸ੍ਰੀ ਚੌਹਾਨ ਨੇ ਕਿਹਾ ਕਿ ਮਿਲਾਵਟੀ ਖਾਦਾਂ, ਕੀਟਨਾਸ਼ਕਾਂ ਅਤੇ ਬੀਜਾਂ ਰਾਹੀਂ ਕਿਸਾਨਾਂ ਦਾ ਸ਼ੋਸ਼ਣ ਬਰਦਾਸ਼ਤ ਨਹੀਂ ਹੋਵੇਗਾ ਅਤੇ ਕਾਸ਼ਤਕਾਰਾਂ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ ਵਾਲਿਆਂ ਖ਼ਿਲਾਫ਼ ਸਜ਼ਾਯੋਗ ਕਾਰਵਾਈ ਕੀਤੀ ਜਾਵੇਗੀ।

ਮੰਤਰੀ ਨੇ ਕਿਹਾ, "ਨਕਲੀ ਖਾਦਾਂ ਤੇ ਨਕਲੀ ਬੀਜ ਕਿਸਾਨਾਂ ਲਈ ਵੱਡੀ ਸਮੱਸਿਆ ਹਨ। ਅਸੀਂ ਮੌਜੂਦਾ ਸੈਸ਼ਨ ਦੌਰਾਨ ਸੰਸਦ ਵਿੱਚ ਬੀਜ ਬਿੱਲ (ਸੀਡ ਐਕਟ) ਲਿਆਉਣ ਦੀ ਕੋਸ਼ਿਸ਼ ਕਰ ਰਹੇ ਹਾਂ। ਕਿਸਾਨਾਂ ਨੂੰ ਘਟੀਆ ਬੀਜ ਸਪਲਾਈ ਕਰਨ ਵਾਲੇ ਬਖ਼ਸ਼ੇ ਨਹੀਂ ਜਾਣਗੇ। ਭਾਰੀ ਜੁਰਮਾਨੇ ਲਾਏ ਜਾਣਗੇ ਅਤੇ ਜੇਕਰ ਇਰਾਦਤਨ ਅਜਿਹਾ ਕੀਤਾ ਗਿਆ ਤਾਂ ਸਜ਼ਾ ਦਾ ਪ੍ਰਬੰਧ ਵੀ ਹੋਵੇਗਾ।"

ਉਨ੍ਹਾਂ ਕਿਹਾ ਕਿ ਪੈਸਟੀਸਾਈਡ ਐਕਟ ਵੀ ਬਣਾਇਆ ਜਾ ਰਿਹਾ ਹੈ,



ਜਿਸ ਰਾਹੀਂ ਘਟੀਆ ਕੀਟਨਾਸ਼ਕ ਸਪਲਾਈ ਕਰਨ ਵਾਲੀਆਂ ਕੰਪਨੀਆਂ ਜਾਂ ਵਿਅਕਤੀਆਂ ਵਿਰੁੱਧ ਸਖ਼ਤ ਕਾਰਵਾਈ ਯਕੀਨੀ ਬਣਾਈ ਜਾਵੇਗੀ। ਉਨ੍ਹਾਂ ਕਿਹਾ, "ਬਹੁਤ ਸਾਰੇ ਕਿਸਾਨ ਆਪਣਾ ਪੈਸਾ ਮਾੜੇ ਕੀਟਨਾਸ਼ਕਾਂ 'ਤੇ ਖਰਚ ਦਿੰਦੇ ਹਨ, ਜੋ ਅਸਰਦਾਰ ਨਹੀਂ ਹੁੰਦੇ। ਅਜਿਹਾ ਕੰਮ ਕਿਸੇ ਵੀ ਹਾਲਤ 'ਚ ਚੱਲਣ ਨਹੀਂ ਦਿੱਤਾ ਜਾਵੇਗਾ।" ਖੇਤੀ ਮੰਤਰੀ ਨੇ ਕਿਹਾ ਕਿ ਸਰਕਾਰ ਚੱਲ ਰਹੇ ਸੈਸ਼ਨ ਵਿੱਚ ਦੋ ਕਾਨੂੰਨ ਲਿਆਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਖਾਦ ਨਾਲ ਕੀਟਨਾਸ਼ਕ ਜਾਂ ਹੋਰ ਉਤਪਾਦ ਖਰੀਦਣ ਲਈ ਮਜਬੂਰ ਕਰਨਾ ਗ਼ੈਰਕਾਨੂੰਨੀ ਮੰਨਿਆ ਜਾਵੇਗਾ ਅਤੇ ਇਸ ਵਿੱਚ ਸ਼ਾਮਲ ਲੋਕਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨੇ ਖੇਤੀ ਵਿੱਚ ਖੋਜਾਂ ਤੇ ਨਵੀਨੀਕਰਨ ਲਈ ਪੂਰੀ ਹਮਾਇਤ ਦਾ ਭਰੋਸਾ ਦਿੱਤਾ।

ਦਿੱਲੀ ਵਿੱਚ ਖੇਤੀ ਚਿੰਤਨ ਕੈਂਪ 16 ਤੇ 17 ਨੂੰ

ਖੇਤੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਕਿ 16 ਤੇ 17 ਫਰਵਰੀ ਨੂੰ ਨਵੀਂ ਦਿੱਲੀ ਵਿੱਚ ਕੌਮੀ 'ਖੇਤੀ ਚਿੰਤਨ ਕੈਂਪ' (ਖੇਤੀ ਸੰਮੇਲਨ) ਕਰਵਾਇਆ ਜਾਵੇਗਾ, ਜਿਸ ਵਿੱਚ ਕਿਸਾਨਾਂ ਦੇ ਸੁਝਾਵਾਂ 'ਤੇ ਗੌਰ ਕੀਤਾ ਜਾਵੇਗਾ ਅਤੇ ਖੇਤੀ ਨੀਤੀਆਂ ਤੇ ਯੋਜਨਾਵਾਂ 'ਚ ਲੋੜੀਂਦੇ ਬਦਲਾਅ ਕੀਤੇ ਜਾਣਗੇ। ਉਨ੍ਹਾਂ ਕਿਹਾ, "ਇਹ ਸਰਕਾਰ ਕਿਸਾਨਾਂ ਦੀ ਸਰਕਾਰ ਹੈ ਅਤੇ ਕਿਸਾਨਾਂ ਦੀ ਭਲਾਈ ਇਹ ਦੀ ਸਿਖਰਲੀ ਤਰਜੀਹ ਹੈ।

# ਨਵਜੋਤ ਕੌਰ ਸਿੱਧੂ ਵੱਲੋਂ ਕਾਂਗਰਸ ਪਾਰਟੀ ਛੱਡਣ ਦਾ ਐਲਾਨ



ਕਾਂਗਰਸੀ ਆਗੂ ਅਤੇ ਸਾਬਕਾ ਵਿਧਾਇਕ ਡਾ. ਨਵਜੋਤ ਕੌਰ ਸਿੱਧੂ ਨੇ ਅੱਜ ਕਾਂਗਰਸ ਪਾਰਟੀ ਛੱਡਣ ਦਾ ਐਲਾਨ ਕੀਤਾ। ਉਨ੍ਹਾਂ ਇਹ ਜਾਣਕਾਰੀ ਸੋਸ਼ਲ ਮੀਡੀਆ 'ਤੇ ਪੋਸਟ ਪਾ ਕੇ ਨਸ਼ਰ ਕੀਤੀ। ਉਨ੍ਹਾਂ ਪਾਰਟੀ ਦੇ ਸੀਨੀਅਰ ਆਗੂਆਂ 'ਤੇ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ ਲਾਏ ਸਨ ਤੇ 500 ਕਰੋੜ ਰੁਪਏ ਦੇ ਅਟੈਚੀ ਦੇ ਬਿਆਨ ਕਾਰਨ ਉਨ੍ਹਾਂ ਨੂੰ ਪਹਿਲਾਂ ਹੀ ਕਾਂਗਰਸ ਪਾਰਟੀ ਤੋਂ ਮੁਅੱਤਲ ਕਰ ਦਿੱਤਾ ਗਿਆ ਸੀ।

ਡਾ. ਸਿੱਧੂ ਨੇ ਆਪਣੇ ਟਵੀਟ ਵਿੱਚ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ 'ਤੇ ਕਥਿਤ ਤੌਰ 'ਤੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਮਿਲੀਭੁਗਤ ਕਰ ਕੇ ਕਾਂਗਰਸ ਨੂੰ ਕਮਜ਼ੋਰ ਅਤੇ ਤਬਾਹ ਕਰਨ ਦਾ ਦੋਸ਼ ਲਗਾਇਆ। ਉਨ੍ਹਾਂ ਦੋਸ਼ ਲਗਾਇਆ ਕਿ ਪੰਜਾਬ ਵਿੱਚ ਪਾਰਟੀ ਦੀ ਹਾਰ ਤੇ ਪਤਨ ਦਾ ਕਾਰਨ ਚੋਣਾਂ ਨਹੀਂ ਬਲਕਿ ਅੰਦਰੂਨੀ ਖਿੱਚੋਤਾਣ ਹੈ।

ਡਾ. ਸਿੱਧੂ ਨੇ ਕਿਹਾ ਕਿ ਉਨ੍ਹਾਂ ਨੇ ਵਾਰ-ਵਾਰ ਪਾਰਟੀ ਅੰਦਰ ਗੱਲ ਕੀਤੀ ਅਤੇ ਚਿਤਾਵਨੀ ਦਿੱਤੀ ਪਰ ਕਾਂਗਰਸ ਲੀਡਰਸ਼ਿਪ ਨੇ ਇਸ 'ਤੇ ਅਮਲ ਨਾ ਕੀਤਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਉਹ ਹੁਣ ਉਸ ਪ੍ਰਣਾਲੀ ਦਾ ਹਿੱਸਾ ਨਹੀਂ ਰਹਿ ਸਕਦੀ ਜਿੱਥੇ ਪਾਰਟੀ ਦੇ ਹਿੱਤਾਂ ਨਾਲ ਸਮਝੌਤਾ ਕੀਤਾ ਜਾ ਰਿਹਾ ਹੈ।

# ਹਾਈ ਕੋਰਟ ਵੱਲੋਂ ਜੁਗਾੜੂ ਰੇਹੜੀਆਂ ਦੇ ਫੈਸਲੇ ਨੂੰ ਮੁੜ ਵਿਚਾਰਨ ਦੀ ਅਪੀਲ ਰੱਦ

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਜੁਗਾੜੂ ਰੇਹੜੀਆਂ ਬਾਬਤ 2023 ਦੇ ਫੈਸਲੇ ਨੂੰ ਮੁੜ ਵਿਚਾਰਨ ਦੀ ਅਪੀਲ ਰੱਦ ਕਰ ਦਿੱਤੀ ਗਈ ਹੈ। ਟਾਟਾ ਏਸ ਯੂਨੀਅਨ ਵੱਲੋਂ ਦਾਇਰ ਪਟੀਸ਼ਨ ਦਾ ਫੈਸਲਾ ਦਿੰਦੇ ਹੋਏ ਹਾਈ ਕੋਰਟ ਨੇ ਜੁਗਾੜੂ ਰੇਹੜੀਆਂ ਨੂੰ ਚੱਲਣ ਦੇਣ ਕਾਰਨ ਪਟਿਆਲਾ ਤੇ ਸੰਗਰੂਰ ਟਰਾਂਸਪੋਰਟ ਅਥਾਰਟੀ ਨੂੰ ਪੰਜਾਹ ਪੰਜਾਹ ਹਜ਼ਾਰ ਦਾ ਜੁਰਮਾਨਾ ਕੀਤਾ। ਇਸ ਬਾਬਤ ਪੰਜਾਬ ਰੇਹੜਾ, ਘੋੜਾ-ਤਾਂਗਾ ਠੇਲਾ ਰਿਕਸ਼ਾ ਵਰਕਰਜ਼ ਯੂਨੀਅਨ ਵੱਲੋਂ ਹਾਈ ਕੋਰਟ ਨੂੰ ਉਹ ਫੈਸਲਾ ਮੁੜ ਵਿਚਾਰਨ ਦੀ ਅਪੀਲ ਕੀਤੀ ਗਈ ਸੀ ਜਿਸ ਨੂੰ ਅਦਾਲਤ ਨੇ ਇਹ ਕਹਿ ਕੇ ਰੱਦ ਕਰ ਦਿੱਤਾ ਕਿ ਕਿਸੇ ਦਾ ਸਮਾਜਿਕ ਤੇ ਵਿੱਤੀ ਰੁਤਬਾ ਇਹ ਤੈਅ ਨਹੀਂ ਕਰ ਸਕਦਾ ਕਿ ਕੋਈ ਕਾਨੂੰਨ ਲਾਗੂ ਨਾ ਕੀਤਾ ਜਾਵੇ। ਜਦੋਂ ਤੱਕ ਪਟੀਸ਼ਨਕਰਤਾ ਦੀ ਮੰਗ ਮੁਤਾਬਕ ਕੋਈ ਵਿਧਾਨਕ ਢਾਂਚਾ ਨਹੀਂ ਆਉਂਦਾ, ਉਸ ਸਮੇਂ ਤੱਕ ਇਹ ਰੇਹੜੀਆਂ ਮੋਟਰ ਵਹੀਕਲ ਐਕਟ 1988 ਦੇ ਤਹਿਤ ਗੈਰ ਕਾਨੂੰਨੀ ਹੀ ਹਨ।



ਜਿੱਥੇ ਜੁਗਾੜੂ ਰੇਹੜੀ ਚਾਲਕ ਆਪਣੇ ਰੁਜ਼ਗਾਰ ਨੂੰ ਖਤਰੇ ਵਿੱਚ ਦੇਖ ਰਹੇ ਹਨ, ਉਥੇ ਹੀ ਦੁਕਾਨਦਾਰਾਂ ਦਾ ਕਹਿਣਾ ਹੈ ਕਿ ਮੋਟਰਸਾਈਕਲ ਨੂੰ ਸੋਧ ਕੇ ਬਣਾਈ ਇਹ ਰੇਹੜੀਆਂ ਅੱਜ ਦੀ ਲੋੜ ਬਣ ਚੁੱਕੀਆਂ ਹਨ। ਸੀਮਿੰਟ, ਪਲਾਈਬੋਰਡ, ਸ਼ੀਸ਼ਾ, ਇਲੈਕਟ੍ਰੋਨਿਕ ਆਦਿ ਦੁਕਾਨਦਾਰਾਂ ਨੇ ਦੱਸਿਆ ਕਿ ਜਿੱਥੇ ਜੁਗਾੜੂ ਰੇਹੜੀ ਹੱਥ-ਰਿਕਸ਼ਾ ਰੇਹੜੀ ਦੇ ਮੁਕਾਬਲੇ ਢਾਈ ਤਿੰਨ ਕਵਿੰਟਲ ਤੱਕ ਵਜ਼ਨ ਚੁੱਕ ਕੇ 20-25 ਕਿਲੋਮੀਟਰ ਦੂਰ ਦੇ ਸਫ਼ਰ ਆਸਾਨੀ ਨਾਲ ਕਰ ਲੈਂਦੇ ਹਨ ਅਤੇ ਅੱਜ ਦੇ ਸਮੇਂ ਵਿੱਚ ਥਾਂ ਥਾਂ ਬਣੇ ਫਲਾਈਓਵਰ ਲੰਘ ਸਕਦੇ ਹਨ, ਉਥੇ ਟਾਟਾ ਏਸ ਦੇ ਮੁਕਾਬਲੇ ਇਹ ਬਹੁਤ ਸਸਤੇ ਵੀ ਪੈਂਦੇ ਹਨ ਤੇ ਤੰਗ ਗਲੀਆਂ ਵਿੱਚ ਵੀ ਸਾਮਾਨ ਪਹੁੰਚਾ ਸਕਦੇ ਹਨ। ਸੀਮਿੰਟ ਵਿਕਰੇਤਾ ਇੰਦਰਜੀਤ ਸਿੰਘ ਨੇ ਦੱਸਿਆ ਕਿ 5-7 ਥੈਲੇ ਸੀਮਿੰਟ ਦੇ ਹੱਥ-ਰੇਹੜੀ 'ਚ ਜਾਂਦੇ ਨਹੀਂ। ਐਨੇ ਕੁ ਸਾਮਾਨ ਲਈ ਜਿੱਥੇ ਟਾਟਾ ਏਸ 'ਚ 600 ਰੁਪਏ ਦਾ ਖਰਚਾ ਆਉਂਦਾ ਹੈ, ਉਥੇ ਜੁਗਾੜੂ ਰੇਹੜੀ 150 ਰੁਪਏ 'ਚ ਛੱਡ ਆਉਂਦੀ ਹੈ। ਜਦੋਂ ਟਾਟਾ ਏਸ ਆਦਿ ਸਾਧਨ ਬਾਜ਼ਾਰ ਵਿੱਚ ਉਤਰੇ ਸਨ ਤਾਂ ਉਸ ਸਮੇਂ ਟਰੱਕ ਚਾਲਕਾਂ ਨੇ ਵੀ ਇਸੇ ਤਰੀਕੇ ਵਿਰੋਧ ਕੀਤੇ ਸਨ। ਨਾਭਾ ਸਿਨਮਾ ਰੋਡ ਮਾਰਕੀਟ ਐਸੋਸੀਏਸ਼ਨ ਦੇ ਪ੍ਰਧਾਨ ਗੁਰਮੀਤ ਸਿੰਘ ਗੋਰੀ ਨੇ ਕਿਹਾ ਕਿ ਜੁਗਾੜੂ ਰੇਹੜੀਆਂ ਵਿੱਚ ਸੁਰੱਖਿਆ ਦੇ ਪੱਖ ਤੋਂ ਛੋਟੀ ਮੋਟੀ ਸੋਧ ਕਰਕੇ ਅਤੇ ਸਾਲਾਨਾ ਕੋਈ ਟੈਕਸ ਲੈ ਕੇ, ਸਰਕਾਰ ਇਨ੍ਹਾਂ ਨੂੰ ਕਾਨੂੰਨੀ ਦਰਜਾ ਦੇ ਦੇਵੇ ਤਾਂ ਬਾਜ਼ਾਰ, ਗਾਹਕ ਅਤੇ ਬੇਰੁਜ਼ਗਾਰ ਮਜ਼ਦੂਰਾਂ ਨੂੰ ਲਾਭ ਹੋਵੇਗਾ।

ਇਸ ਮੌਕੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਮੰਨਿਆ ਕਿ ਜੁਗਾੜੂ ਰੇਹੜੀ ਦੀ ਬਾਜ਼ਾਰ ਅਤੇ ਬੇਰੁਜ਼ਗਾਰਾਂ ਨੂੰ ਲੋੜ ਹੈ ਪਰ ਉਨ੍ਹਾਂ ਨੇ ਕਿਹਾ ਕਿ ਮੋਟਰ ਵਹੀਕਲ ਐਕਟ ਦੇ ਤਹਿਤ ਸੂਬੇ ਇਸ ਨੂੰ ਆਪਣੇ ਪੱਧਰ 'ਤੇ ਕਾਨੂੰਨੀ ਦਰਜਾ ਨਹੀਂ ਦੇ ਸਕਦੇ।

# ਅਡਾਨੀ ਅਮਰੀਕੀ ਕਮਿਸ਼ਨ ਤੋਂ ਕਾਨੂੰਨੀ ਨੋਟਿਸ ਲੈਣ ਲਈ ਰਾਜ਼ੀ



ਅਰਬਪਤੀ ਗੌਤਮ ਅਡਾਨੀ ਤੇ ਉਨ੍ਹਾਂ ਦਾ ਭਤੀਜਾ ਸਾਗਰ ਅਡਾਨੀ ਅਮਰੀਕੀ ਸਿਕਿਓਰਿਟੀ ਅਤੇ ਐਕਸਚੇਂਜ ਕਮਿਸ਼ਨ (ਐੱਸ ਈ ਸੀ) ਤੋਂ ਦੀਵਾਨੀ ਧੋਖਾਧੜੀ ਦੇ ਕੇਸ 'ਚ ਕਾਨੂੰਨੀ ਨੋਟਿਸ ਲੈਣ ਲਈ ਤਿਆਰ ਹੋ ਗਏ ਹਨ। ਇਕ ਅਦਾਲਤੀ ਦਸਤਾਵੇਜ਼ ਤੋਂ ਇਹ ਜਾਣਕਾਰੀ ਮਿਲੀ ਹੈ। ਇਸ ਕੇਸ 'ਚ ਦੋਸ਼ ਲਾਇਆ ਗਿਆ ਹੈ ਕਿ ਉਨ੍ਹਾਂ ਰਿਸ਼ਵਤ ਦੇਣ ਦੀ ਯੋਜਨਾ ਬਾਰੇ ਨਿਵੇਸ਼ਕਾਂ ਨੂੰ ਗੁੰਮਰਾਹ ਕੀਤਾ ਸੀ।

ਨਿਊਯਾਰਕ ਦੇ ਬਰੁਕਲਿਨ ਦੀ ਸੰਘੀ ਅਦਾਲਤ 'ਚ ਦਾਇਰ ਦਸਤਾਵੇਜ਼, ਜੋ ਪੀ ਟੀ ਆਈ ਨੇ ਦੇਖਿਆ ਹੈ, ਅਨੁਸਾਰ ਐੱਸ ਈ ਸੀ ਅਤੇ ਗੌਤਮ ਅਡਾਨੀ ਤੇ ਸਾਗਰ ਅਡਾਨੀ ਦੇ ਅਮਰੀਕਾ ਸਥਿਤ ਵਕੀਲਾ ਰੈਗੂਲੇਟਰ ਦੇ ਕਾਨੂੰਨੀ ਦਸਤਾਵੇਜ਼ ਸਵੀਕਾਰ ਕਰਨ ਲਈ ਸਹਿਮਤ ਹੋ ਗਏ ਹਨ। ਇਸ ਨਾਲ ਜੱਜ ਨੂੰ ਹੁਣ ਇਸ ਬਾਰੇ ਫ਼ੈਸਲਾ ਸੁਣਾਉਣ ਦੀ ਲੋੜ ਨਹੀਂ ਪਵੇਗੀ ਕਿ ਸਬੰਧਤ ਧਿਰਾਂ ਨੂੰ ਨੋਟਿਸ ਕਿਸ ਤਰ੍ਹਾਂ ਤਾਮੀਲ ਕਰਵਾਇਆ ਜਾਵੇਗਾ। ਇਹ ਸਾਂਝੀ ਅਰਜ਼ੀ (ਜਾਂ ਕਰਾਰ) ਸਬੰਧਤ ਅਦਾਲਤ ਦੇ ਸਾਹਮਣੇ ਮਨਜ਼ੂਰੀ ਲਈ ਪੇਸ਼ ਕੀਤੀ ਗਈ ਹੈ, ਜੇ ਜੱਜ ਸਹਿਮਤੀ ਦਿੰਦੇ ਹਨ ਤਾਂ ਐੱਸ ਈ ਸੀ ਮਾਮਲਾ ਅੱਗੇ ਵਧਾਉਣ ਦੀ ਇਜਾਜ਼ਤ ਦੇਵੇਗਾ। ਇਸ ਦੇ ਨਾਲ ਅਡਾਨੀ ਨੂੰ 90 ਦਿਨਾਂ ਅੰਦਰ ਕੇਸ ਖਾਰਜ ਕਰਨ ਦੀ ਮੰਗ ਕਰਨ ਜਾਂ ਆਪਣਾ ਬਚਾਅ ਪੇਸ਼ ਕਰਨ ਦਾ ਮੌਕਾ ਮਿਲੇਗਾ। ਇਸ ਤੋਂ ਬਾਅਦ ਐੱਸ ਈ ਸੀ ਅਗਲੇ 60 ਦਿਨਾਂ ਅੰਦਰ ਇਤਰਾਜ਼ ਦਰਜ ਕਰਵਾ ਸਕਦਾ ਹੈ।

ਜ਼ਿਕਰਯੋਗ ਹੈ ਕਿ ਐੱਸ ਈ ਸੀ ਨੇ ਨਵੰਬਰ 2024 'ਚ ਕੇਸ ਦਾਇਰ ਕੀਤਾ ਸੀ। ਇਸ 'ਚ ਦੋਸ਼ ਲਾਇਆ ਗਿਆ ਸੀ ਕਿ ਇਨ੍ਹਾਂ ਦੋਵਾਂ ਨੇ ਅਡਾਨੀ ਗਰੀਨ ਐਨਰਜੀ ਲਿਮਿਟਡ (ਏ ਜੀ ਈ ਐੱਲ) ਬਾਰੇ ਝੂਠੇ ਤੇ ਗੁਮਰਾਹਕੁਨ ਵੇਰਵੇ ਦੇ ਕੇ ਅਮਰੀਕੀ ਸਿਕਿਓਰਿਟੀ ਕਾਨੂੰਨਾਂ ਦੀ ਉਲੰਘਣਾ ਕੀਤੀ ਹੈ। ਐੱਸ ਈ ਸੀ ਦੀ ਦੀਵਾਨੀ ਸ਼ਿਕਾਇਤ ਤੋਂ ਇਲਾਵਾ ਨਿਊਯਾਰਕ ਦੇ ਬਰੁਕਲਿਨ 'ਚ ਸੰਘੀ ਵਕੀਲਾਂ ਨੇ ਅਡਾਨੀ ਤੇ ਹੋਰਾਂ 'ਤੇ ਸੋਲਰ ਊਰਜਾ ਕਰਾਰ ਹਾਸਲ ਕਰਨ ਲਈ ਭਾਰਤ 'ਚ 26.5 ਕਰੋੜ ਡਾਲਰ ਦੀ ਰਿਸ਼ਵਤ ਦੇਣ 'ਚ ਮਦਦ ਕਰਨ ਦਾ ਦੋਸ਼ ਲਾਇਆ ਹੈ। ਅਡਾਨੀ ਸਮੂਹ ਨੇ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਵਾਰ-ਵਾਰ ਖਾਰਜ ਕੀਤਾ ਹੈ।

# ਫਿਲਮ ਨਿਰਮਾਤਾ ਰੋਹਿਤ ਸ਼ੈੱਟੀ ਦੀ ਮੁੰਬਈ ਰਿਹਾਇਸ਼ ਦੇ ਬਾਹਰ ਫਾਇਰਿੰਗ



ਮੁੰਬਈ ਦੇ ਪੱਛਮੀ ਉਪਨਗਰ ਜੁਹੂ ਵਿੱਚ ਫਿਲਮ ਨਿਰਮਾਤਾ ਰੋਹਿਤ ਸ਼ੈੱਟੀ ਦੇ ਘਰ ਦੇ ਬਾਹਰ ਅਣਪਛਾਤੇ ਵਿਅਕਤੀਆਂ ਨੇ ਗੋਲੀਬਾਰੀ ਕੀਤੀ ਹੈ। ਇੱਕ ਅਧਿਕਾਰੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਘਟਨਾ ਦਿਨ ਦੇ ਸ਼ੁਰੂਆਤੀ ਘੰਟਿਆਂ ਵਿੱਚ ਵਾਪਰੀ, ਜਿਸ ਤੋਂ ਬਾਅਦ ਇਮਾਰਤ ਦੇ ਬਾਹਰ ਸੁਰੱਖਿਆ ਸਖ਼ਤ ਕਰ ਦਿੱਤੀ ਗਈ ਹੈ।

ਅਧਿਕਾਰੀ ਨੇ ਕਿਹਾ, "ਕਿਸੇ ਨੇ ਇਮਾਰਤ 'ਤੇ ਗੋਲੀਬਾਰੀ ਕੀਤੀ ਹੈ, ਜ਼ੋਨਲ ਪੁਲੀਸ ਅਤੇ ਕ੍ਰਾਈਮ ਬ੍ਰਾਂਚ ਦੀਆਂ ਟੀਮਾਂ ਜਾਂਚ ਕਰ ਰਹੀਆਂ ਹਨ।" ਉਨ੍ਹਾਂ ਕਿਹਾ ਕਿ ਫਿਲਹਾਲ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਘਟਨਾ ਦੇ ਸਮੇਂ ਫਿਲਮ ਨਿਰਮਾਤਾ ਆਪਣੇ ਘਰ ਵਿੱਚ ਮੌਜੂਦ ਸਨ ਜਾਂ ਨਹੀਂ। ਅਧਿਕਾਰੀ ਮੁਤਾਬਕ ਸ਼ੁਰੂਆਤੀ ਰਿਪੋਰਟਾਂ ਅਨੁਸਾਰ ਅਣਪਛਾਤੇ ਵਿਅਕਤੀਆਂ ਵੱਲੋਂ ਇਮਾਰਤ 'ਤੇ ਚਾਰ ਰਾਊਂਡ ਫਾਇਰ ਕੀਤੇ ਗਏ ਸਨ, ਉਨ੍ਹਾਂ ਇਹ ਵੀ ਦੱਸਿਆ ਕਿ ਇਸ ਘਟਨਾ ਵਿੱਚ ਕਿਸੇ ਦੇ ਜ਼ਖਮੀ ਹੋਣ ਦੀ ਕੋਈ ਖਬਰ ਨਹੀਂ ਹੈ।

ਜੁਹੂ ਪੁਲੀਸ ਅਤੇ ਕ੍ਰਾਈਮ ਬ੍ਰਾਂਚ ਦੀ ਟੀਮ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਮਾਰਤ ਦੇ ਬਾਹਰ ਭਾਰੀ ਪੁਲੀਸ ਤਾਇਨਾਤ ਕੀਤੀ ਗਈ ਹੈ ਅਤੇ ਫੋਰੈਂਸਿਕ ਸਾਇੰਸ ਟੀਮ ਵੀ ਸਬੂਤ ਇਕੱਠੇ ਕਰਨ ਲਈ ਮੌਕੇ 'ਤੇ ਪਹੁੰਚ ਗਈ ਹੈ।

# ਹੌਸਲੇ ਦੀ ਅਨੋਖੀ ਦਾਸਤਾਨ: ਬਰਫ਼ੀਲੇ ਪਹਾੜਾਂ 'ਚ 33 ਕਿਲੋਮੀਟਰ ਤੱਕ ਮੋਢਿਆਂ 'ਤੇ ਚੁੱਕ ਕੇ ਹਸਪਤਾਲ ਪਹੁੰਚਾਇਆ ਮਾਸੂਮ



ਖਤਰਨਾਕ ਹਾਲਾਤ ਵਿੱਚ ਮਨੁੱਖਤਾ ਅਤੇ ਸਾਹਸ ਦੀ ਮਿਸਾਲ ਪੇਸ਼ ਕਰਦੇ ਹੋਏ ਚੰਬਾ ਜ਼ਿਲ੍ਹੇ ਦੇ ਪਿੰਡ ਵਾਸੀਆਂ ਨੇ 14 ਸਾਲ ਦੇ ਇੱਕ ਬੱਚੇ ਨੂੰ ਕਰੀਬ 33 ਕਿਲੋਮੀਟਰ ਤੱਕ ਮੋਢਿਆਂ 'ਤੇ ਚੁੱਕ ਕੇ ਹਸਪਤਾਲ ਪਹੁੰਚਾਇਆ। ਹਿਮਾਚਲ ਪ੍ਰਦੇਸ਼ ਦੇ ਚੰਬਾ ਜ਼ਿਲ੍ਹੇ ਦੀ ਦੁਰਗਮ ਪਾਂਗੀ ਘਾਟੀ ਵਿੱਚ ਭਾਰੀ ਬਰਫ਼ਬਾਰੀ ਕਾਰਨ ਜਨਜੀਵਨ ਪੂਰੀ ਤਰ੍ਹਾਂ ਠੱਪ ਹੋ ਗਿਆ ਹੈ। ਕਈ ਪਿੰਡਾਂ ਦਾ ਸੰਪਰਕ ਬਾਹਰੀ ਦੁਨੀਆ ਨਾਲੋਂ ਕਟ ਗਿਆ ਹੈ ਅਤੇ ਐਮਰਜੈਂਸੀ ਸੇਵਾਵਾਂ ਵੀ ਭਾਰੀ ਦਬਾਅ ਹੇਠ ਹਨ। ਬਿਮਾਰ ਬੱਚੇ ਦੀ ਪਛਾਣ ਸਾਹਿਲ ਵਜੋਂ ਹੋਈ ਹੈ, ਜੋ ਸਾਹਲੀ ਪੰਚਾਇਤ ਦੇ ਅਧੀਨ ਲਿਓ ਪਿੰਡ ਦਾ ਨਿਵਾਸੀ ਹੈ। ਸਾਹਿਲ ਦੇ ਮੂੰਹ ਵਿੱਚ ਗੰਭੀਰ ਛਾਲੇ ਹੋ ਗਏ ਸਨ, ਜਿਸ ਕਾਰਨ ਉਹ ਨਾ ਤਾਂ ਕੁਝ ਖਾ ਸਕਦਾ ਸੀ ਅਤੇ ਨਾ ਹੀ ਪਾਣੀ ਪੀ ਸਕਦਾ ਸੀ। ਭਾਰੀ ਬਰਫ਼ ਕਾਰਨ ਸਾਰੀਆਂ ਸੜਕਾਂ ਬੰਦ ਸਨ, ਜਿਸ ਕਾਰਨ ਤੁਰੰਤ ਡਾਕਟਰੀ ਸਹਾਇਤਾ ਮਿਲਣਾ ਸੰਭਵ ਨਹੀਂ ਸੀ।

ਹਾਲਾਤ ਤੋਂ ਹਾਰ ਨਾ ਮੰਨਦੇ ਹੋਏ ਪਿੰਡ ਵਾਸੀਆਂ ਨੇ ਸਾਹਿਲ ਨੂੰ ਪਿੱਠ 'ਤੇ ਚੁੱਕ ਕੇ ਕੁਥਲ ਢਾਂਕ ਤੱਕ ਪਹੁੰਚਾਇਆ। ਉੱਥੋਂ ਉਸ ਨੂੰ ਵਾਹਨ ਰਾਹੀਂ ਸਾਚ ਤੱਕ ਲਿਜਾਇਆ ਗਿਆ, ਜਿਸ ਤੋਂ ਬਾਅਦ ਫਿਰ ਬਰਫ਼ ਨਾਲ ਢਕੇ ਅਤੇ ਬੇਹੱਦ ਖ਼ਤਰਨਾਕ ਰਸਤਿਆਂ ਰਾਹੀਂ ਹੁੰਦੇ ਹੋਏ ਸਿੱਧ ਮੰਦਰ ਖੇਤਰ ਤੱਕ ਪੈਦਲ ਲਿਜਾਣਾ ਪਿਆ। ਮਾਮਲਾ ਜਦੋਂ ਰੈਜ਼ੀਡੈਂਸ਼ੀਅਲ ਕਮਿਸ਼ਨਰ ਅਤੇ ਉਪ ਮੰਡਲ ਮੈਜਿਸਟ੍ਰੇਟ (ਪਾਂਗੀ) ਦੇ ਧਿਆਨ ਵਿੱਚ ਆਇਆ, ਤਾਂ ਲੋਕ ਨਿਰਮਾਣ ਵਿਭਾਗ PWD ਦਾ ਵਾਹਨ ਕਿੱਲ੍ਹਾੜ ਤੋਂ ਭੇਜਿਆ ਗਿਆ।

ਇਸ ਤੋਂ ਬਾਅਦ ਸਾਹਿਲ ਨੂੰ ਸੁਰੱਖਿਅਤ ਰੂਪ ਵਿੱਚ ਸਿਵਲ ਹਸਪਤਾਲ ਕਿੱਲ੍ਹਾੜ ਪਹੁੰਚਾਇਆ ਗਿਆ, ਜਿੱਥੇ ਉਸ ਦਾ ਇਲਾਜ ਜਾਰੀ ਹੈ।

ਇਸ ਦੌਰਾਨ ਪੂਰੀ ਪਾਂਗੀ ਘਾਟੀ ਦੀ ਸਥਿਤੀ ਲਗਾਤਾਰ ਵਿਗੜਦੀ ਜਾ ਰਹੀ ਹੈ। ਭਾਰੀ ਬਰਫ਼ਬਾਰੀ ਕਾਰਨ ਕਈ ਅੰਦਰੂਨੀ ਪਿੰਡ ਅਜੇ ਵੀ ਕਟੇ ਹੋਏ ਹਨ। PWD ਵੱਲੋਂ ਬਰਫ਼ ਹਟਾਉਣ ਦਾ ਕੰਮ ਸ਼ੁਰੂ ਕੀਤਾ ਗਿਆ ਹੈ, ਪਰ ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਇਹ ਯਤਨ ਕਾਫ਼ੀ ਨਹੀਂ ਹਨ। ਦੋ ਦਿਨਾਂ ਤੋਂ ਵੱਧ ਸਮਾਂ ਬੀਤਣ ਦੇ ਬਾਵਜੂਦ ਸੀਮਾ ਸੜਕ ਸੰਗਠਨ ਮੁੱਖ ਮਾਰਗਾਂ ਨੂੰ ਪੂਰੀ ਤਰ੍ਹਾਂ ਬਹਾਲ ਨਹੀਂ ਕਰ ਸਕਿਆ ਹੈ।

ਸਥਾਨਕ ਨਿਵਾਸੀਆਂ ਨੇ ਸਾਚ-ਸੇਚੂ ਸੜਕ ਅਤੇ ਹੋਰ ਅਹਿਮ ਅੰਦਰੂਨੀ ਮਾਰਗਾਂ 'ਤੇ ਜੰਗੀ ਪੱਧਰ 'ਤੇ ਬਰਫ਼ ਹਟਾਉਣ ਦੀ ਮੰਗ ਕੀਤੀ ਹੈ। ਲੋਕਾਂ ਨੇ ਚੇਤਾਵਨੀ ਦਿੱਤੀ ਹੈ ਕਿ ਜੇ ਸਮੇਂ ਸਿਰ ਕਦਮ ਨਾ ਚੁੱਕੇ ਗਏ ਤਾਂ ਭਵਿੱਖ ਵਿੱਚ ਕਿਸੇ ਵੀ ਮੈਡੀਕਲ ਐਮਰਜੈਂਸੀ ਦੀ ਸਥਿਤੀ ਵਿੱਚ ਜਾਨ ਦਾ ਖ਼ਤਰਾ ਹੋ ਸਕਦਾ ਹੈ।ਚੰਬਾ ਜ਼ਿਲ੍ਹੇ ਦੇ ਟ੍ਰਾਂਸ-ਹਿਮਾਲੀਅਨ ਖੇਤਰ ਵਿੱਚ ਸਥਿਤ ਪਾਂਗੀ ਘਾਟੀ, ਹਿਮਾਚਲ ਪ੍ਰਦੇਸ਼ ਦੇ ਸਭ ਤੋਂ ਦੁਰਗਮ ਕਬਾਇਲੀ ਇਲਾਕਿਆਂ ਵਿੱਚੋਂ ਇੱਕ ਹੈ। ਉੱਚੇ ਪਹਾੜਾਂ ਅਤੇ ਡੂੰਘੀਆਂ ਖਾਈਆਂ ਨਾਲ ਘਿਰੀ ਇਹ ਘਾਟੀ ਹਰ ਸਾਲ ਕਈ ਮਹੀਨਿਆਂ ਤੱਕ ਬਰਫ਼ ਕਾਰਨ ਕਟ ਜਾਂਦੀ ਹੈ। ਸੀਮਤ ਸੜਕ ਸੰਪਰਕ, ਸਿਹਤ ਸਹੂਲਤਾਂ ਦੀ ਕਮੀ ਅਤੇ ਖਿੰਡੀ ਹੋਈ ਆਬਾਦੀ ਕਾਰਨ ਸਰਦੀਆਂ ਵਿੱਚ ਡਾਕਟਰੀ ਸਹਾਇਤਾ ਤੱਕ ਪਹੁੰਚ ਇੱਕ ਵੱਡੀ ਚੁਣੌਤੀ ਬਣੀ ਰਹਿੰਦੀ ਹੈ।

# ਤੁਹਾਡੀ ਜੇਬ 'ਤੇ ਕੀ ਪਵੇਗਾ ਅਸਰ ? ਜਾਣੋ ਕੀ ਹੋਇਆ ਸਸਤਾ ਤੇ ਕੀ ਮਹਿੰਗਾ



ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਬਜਟ 2026-27 ਪੇਸ਼ ਕਰਦਿਆਂ ਆਮ ਜਨਤਾ ਲਈ ਕਈ ਅਹਿਮ ਐਲਾਨ ਕੀਤੇ ਹਨ। ਇਸ ਬਜਟ ਵਿੱਚ ਜਿੱਥੇ ਸਿਹਤ ਅਤੇ ਤਕਨਾਲੋਜੀ ਨਾਲ ਜੁੜੀਆਂ ਚੀਜ਼ਾਂ ਨੂੰ ਰਾਹਤ ਦਿੱਤੀ ਗਈ ਹੈ, ਉੱਥੇ ਹੀ ਕੁਝ ਵਸਤੂਆਂ ਦੀਆਂ ਕੀਮਤਾਂ ਵਿੱਚ ਵਾਧਾ ਵੀ ਕੀਤਾ ਗਿਆ ਹੈ।

ਹੁਣ ਇਹ ਚੀਜ਼ਾਂ ਹੋਣਗੀਆਂ ਸਸਤੀਆਂ:

ਸਿਹਤ ਨੂੰ ਵੱਡੀ ਰਾਹਤ: ਕੈਂਸਰ ਦੇ ਇਲਾਜ ਲਈ ਵਰਤੀਆਂ ਜਾਣ ਵਾਲੀਆਂ 17 ਦਵਾਈਆਂ ਸਸਤੀਆਂ ਹੋਣਗੀਆਂ। ਇਸ ਤੋਂ ਇਲਾਵਾ ਸ਼ੂਗਰ (ਡਾਇਬੀਟੀਜ਼) ਅਤੇ 7 ਗੰਭੀਰ ਬਿਮਾਰੀਆਂ ਦੀਆਂ ਦਵਾਈਆਂ ਦੀਆਂ ਕੀਮਤਾਂ ਵਿੱਚ ਵੀ ਕਮੀ ਆਵੇਗੀ।

ਤਕਨਾਲੋਜੀ ਤੇ ਗੈਜੇਟਸ: ਮੋਬਾਈਲ ਦੀਆਂ ਬੈਟਰੀਆਂ, ਓਵਨ ਅਤੇ ਜੁੱਤੀਆਂ ਦੀਆਂ ਕੀਮਤਾਂ ਘਟਣਗੀਆਂ।

ਗਰੀਨ ਐਨਰਜੀ: ਸੋਲਰ ਪੈਨਲ ਅਤੇ ਸੋਲਰ ਊਰਜਾ ਨਾਲ ਜੁੜੇ ਉਪਕਰਨ ਸਸਤੇ ਹੋਣਗੇ।

ਈਂਧਨ ਤੇ ਯਾਤਰਾ: ਸੀ.ਐਨ.ਜੀ ਅਤੇ ਬਾਇਓਗੈਸ ਦੇ ਦਾਮ ਘਟਣਗੇ। ਸਭ ਤੋਂ ਵੱਡੀ ਰਾਹਤ ਵਿਦੇਸ਼ ਯਾਤਰਾ ਕਰਨ ਵਾਲਿਆਂ ਲਈ ਹੈ, ਜੋ ਹੁਣ ਪਹਿਲਾਂ ਨਾਲੋਂ ਸਸਤੀ ਹੋਵੇਗੀ।

ਇਹ ਚੀਜ਼ਾਂ ਹੋਣਗੀਆਂ ਮਹਿੰਗੀਆਂ:

ਸ਼ਰਾਬ: ਬਜਟ ਵਿੱਚ ਸ਼ਰਾਬ ਦੀਆਂ ਕੀਮਤਾਂ ਵਿੱਚ ਵਾਧਾ ਕੀਤਾ ਗਿਆ ਹੈ।

ਸਕ੍ਰੈਪ ਤੇ ਖਣਿਜ: ਕਬਾੜ ਅਤੇ ਖਣਿਜ ਪਦਾਰਥ ਹੁਣ ਮਹਿੰਗੇ ਹੋਣਗੇ।

ਵਿੱਤ ਮੰਤਰੀ ਨੇ ਦੱਸਿਆ ਕਿ ਮੈਡੀਕਲ ਉਪਕਰਨਾਂ ਅਤੇ ਦਵਾਈਆਂ 'ਤੇ ਕਸਟਮ ਡਿਊਟੀ ਘਟਾਉਣ ਦਾ ਫ਼ੈਸਲਾ ਕੀਤਾ ਗਿਆ ਹੈ, ਤਾਂ ਜੋ ਆਮ ਆਦਮੀ ਲਈ ਇਲਾਜ ਦਾ ਖ਼ਰਚਾ ਘੱਟ ਹੋ ਸਕੇ।

# ਇਜ਼ਰਾਇਲੀ ਹਮਲਿਆਂ 'ਚ 30 ਫਲਸਤੀਨੀ ਹਲਾਕ



ਗਾਜ਼ਾ

ਵਿੱਚ ਅੱਜ ਤੜਕੇ ਇਜ਼ਰਾਈਲ ਵੱਲੋਂ ਕੀਤੇ ਹਮਲਿਆਂ ਵਿੱਚ ਘੱਟੋ-ਘੱਟ 30 ਫਲਸਤੀਨੀ ਮਾਰੇ ਗਏ। ਲੰਘੇ ਸਾਲ ਅਕਤੂਬਰ ਮਹੀਨੇ ਸੰਘਰਸ਼ ਰੋਕਣ ਲਈ ਕੀਤੇ ਸਮਝੌਤੇ ਮਗਰੋਂ ਇਹ ਉਨ੍ਹਾਂ ਹਮਲਿਆਂ 'ਚੋਂ ਇੱਕ ਹੈ, ਜਿਨ੍ਹਾਂ ਵਿੱਚ ਸਭ ਤੋਂ ਵੱਧ ਮੌਤਾਂ ਹੋਈਆਂ ਹਨ। ਇਹ ਹਮਲੇ ਇਜ਼ਰਾਈਲ ਵੱਲੋਂ ਹਮਾਸ 'ਤੇ ਗੋਲੀਬੰਦੀ ਦੀ ਉਲੰਘਣਾ ਦਾ ਦੋਸ਼ ਲਾਉਣ ਤੋਂ ਇੱਕ ਦਿਨ ਬਾਅਦ ਕੀਤੇ ਗਏ ਹਨ।

ਹਸਪਤਾਲਾਂ ਦੇ ਅਧਿਕਾਰੀਆਂ ਨੇ ਕਿਹਾ ਕਿ ਹਮਲਿਆਂ 'ਚ ਗਾਜ਼ਾ ਸਿਟੀ 'ਚ ਅਪਾਰਟਮੈਂਟ ਅਤੇ ਖ਼ਾਨ ਯੂਨਿਸ 'ਚ ਕੈਂਪ ਨੂੰ ਨਿਸ਼ਾਨਾ ਬਣਾਇਆ ਗਿਆ। ਹਮਲਿਆਂ 'ਚ ਮਰੇ ਲੋਕਾਂ ਵਿੱਚ ਦੋ ਪਰਿਵਾਰਾਂ ਦੀਆਂ 2 ਔਰਤਾਂ ਤੇ 6 ਬੱਚੇ ਸ਼ਾਮਲ ਹਨ। ਸ਼ਿਫ਼ਾ ਹਸਪਤਾਲ ਦੇ ਡਾਇਰੈਕਟਰ ਮੁਹੰਮਦ ਅਬੂ ਸੇਲਮੀਆ ਨੇ ਕਿਹਾ ਗਾਜ਼ਾ ਸਿਟੀ 'ਚ ਥਾਣੇ 'ਤੇ ਵੀ ਹਮਲਾ ਹੋਇਆ, ਜਿਸ ਵਿੱਚ ਘੱਟੋ-ਘੱਟ 14 ਮੌਤਾਂ ਹੋਈਆਂ ਤੇ ਕਈ ਜ਼ਖਮੀ ਹੋ ਗਏ। ਮ੍ਰਿਤਕਾਂ 'ਚ ਪੁਲੀਸ ਅਧਿਕਾਰੀ, ਆਮ ਲੋਕ ਤੇ ਥਾਣੇ 'ਚ ਰੱਖੇ ਕੈਦੀ ਸ਼ਾਮਲ ਹਨ।

ਜਾਬਲੀਆ ਸ਼ਰਨਾਰਥੀ ਕੈਂਪ 'ਤੇ ਹਮਲੇ 'ਚ ਇੱਕ ਵਿਅਕਤੀ ਮਾਰਿਆ ਗਿਆ। ਇਸ ਦੌਰਾਨ ਹਮਾਸ ਨੇ ਹਮਲਿਆਂ ਨੂੰ ਗੋਲੀਬੰਦੀ ਦੀ ਉਲੰਘਣਾ ਕਰਾਰ ਦਿੱਤਾ ਅਤੇ ਅਮਰੀਕਾਂ ਸਣੇ ਹੋਰ ਦੇਸ਼ਾਂ ਨੂੰ ਹਮਲੇ ਰੋਕਣ ਲਈ ਇਜ਼ਰਾਈਲ 'ਤੇ ਦਬਾਅ ਪਾਉਣ ਦੀ ਅਪੀਲ ਕੀਤੀ। ਦੂਜੇ ਪਾਸੇ ਇਜ਼ਰਾਇਲੀ ਫੌਜ ਨੇ ਕਿਹਾ ਕਿ ਸਮਝੌਤੇ ਦੀ ਉਲੰਘਣਾ ਹੋਣ ਕਾਰਨ ਇਹ ਹਮਲੇ ਕੀਤੇ ਗਏ ਹਨ।

## ਅਮਰੀਕਾ ਇਜ਼ਰਾਈਲ ਤੇ ਸਾਊਦੀ ਅਰਬ ਨੂੰ ਵੇਚੇਗਾ ਹਥਿਆਰ

ਵਾਸ਼ਿੰਗਟਨ:

ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਜ਼ਰਾਈਲ ਨੂੰ 6.67 ਅਰਬ ਡਾਲਰ ਅਤੇ ਸਾਊਦੀ ਅਰਬ ਨੂੰ 9 ਅਰਬ ਡਾਲਰ ਦੇ ਹਥਿਆਰਾਂ ਦੀ ਨਵੀਂ ਸੀਰੀਜ਼ ਵੇਚਣ ਨੂੰ ਮਨਜ਼ੂਰੀ ਦੇ ਦਿੱਤੀ ਹੈ। ਹਥਿਆਰਾਂ ਦੇ ਸੌਦਿਆਂ ਦੇ ਐਲਾਨ ਅਮਰੀਕੀ ਵਿਦੇਸ਼ ਮੰਤਰਾਲੇ ਨੇ ਸ਼ੁੱਕਰਵਾਰ ਦੇਰ ਰਾਤ ਕੀਤਾ। ਇਹ ਐਲਾਨ ਅਜਿਹੇ ਸਮੇਂ ਕੀਤਾ ਗਿਆ, ਜਦੋਂ ਈਰਾਨ 'ਤੇ ਅਮਰੀਕੀ ਹਮਲੇ ਦੇ ਖਤਰੇ ਕਾਰਨ ਪੱਛਮੀ ਏਸ਼ੀਆ ਵਿੱਚ ਤਣਾਅ ਵਧ ਰਿਹਾ ਹੈ। ਸਾਊਦੀ ਅਰਬ ਨਾਲ ਹਥਿਆਰਾਂ ਦਾ ਕਰਾਰ 730 'ਪੈਟਰੀਅਟ ਮਿਜ਼ਾਈਲਾਂ' ਤੇ ਉਨ੍ਹਾਂ ਨਾਲ ਸਬੰਧਤ ਉਪਕਰਨਾਂ ਦਾ ਹੈ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਇਹ ਕਰਾਰ ਅਮਰੀਕਾ ਦੀ ਵਿਦੇਸ਼ ਨੀਤੀ ਅਤੇ ਕੌਮੀ ਸੁਰੱਖਿਆ ਉਦੇਸ਼ਾਂ ਦਾ ਸਮਰਥਨ ਕਰੇਗਾ। ਇਜ਼ਰਾਈਲ ਨਾਲ ਕੀਤੇ ਜਾਣ ਵਾਲੇ ਹਥਿਆਰਾਂ ਦੇ ਕਰਾਰ ਚਾਰ ਪੈਕੇਜਾਂ 'ਚ ਵੰਡੇ ਗਏ ਹਨ। ਇਸ ਵਿੱਚ 30 ਅਪਾਚੇ ਹੈਲੀਕਾਪਟਰ ਤੇ ਉਪਕਰਨ ਅਤੇ 3,250 ਹਲਕੇ ਵਾਹਨ ਸ਼ਾਮਲ ਹਨ।

# ਕੈਨੇਡਾ 'ਚ ਰਿਸ਼ਵਤ ਲੈ ਕੇ ਟਰੱਕ ਡਰਾਈਵਿੰਗ ਲਾਇਸੈਂਸ ਦੇਣ ਵਾਲਿਆਂ 'ਚ ਚਾਰ ਪੰਜਾਬੀ ਸ਼ਾਮਲ




ਉਂਟਾਰੀਓ ਦੀ ਸੂਬਾਈ ਪੁਲੀਸ ਨੇ ਬਰੈਂਪਟਨ ਅਤੇ ਗਰੇਟਰ ਟੋਰਾਂਟੋ ਖੇਤਰ ਦੇ ਸ਼ਹਿਰਾਂ ਵਿੱਚ ਰਿਸ਼ਵਤ ਲੈ ਕੇ ਟਰੱਕ ਡਰਾਈਵਿੰਗ ਟੈਸਟ ਪਾਸ ਕਰਾਉਣ ਦੇ ਦੋਸ਼ਾਂ ਹੇਠ 4 ਪੰਜਾਬੀਆਂ ਸਮੇਤ ਅੱਠ ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ ਜੋ ਲੰਮੇ ਸਮੇਂ ਤੋਂ ਸੌਦੇਬਾਜ਼ੀ ਕਰਕੇ ਟੈਸਟ ਪਾਸ ਕਰਵਾ ਰਹੇ ਸਨ। ਬਰੈਂਪਟਨ ਦੇ ਰਹਿਣ ਵਾਲੇ ਜਸਪਾਲ ਬੈਨੀਪਾਲ (58), ਹਰਮਨਦੀਪ ਸੂਦਨ (40), ਨਵਦੀਪ ਗਰੇਵਾਲ (36) ਤੇ ਕੈਲੇਡਨ ਦੇ ਰਹਿਣ ਵਾਲੇ ਮਨਦੀਪ ਮਾਨਾਸ਼ਾਹੀਆ (34) ਉਨ੍ਹਾਂ 8 ਮੁਲਜ਼ਮਾਂ ਵਿੱਚ ਸ਼ਾਮਲ ਹਨ, ਜਿਨ੍ਹਾਂ 'ਤੇ ਦੋਸ਼ ਲੱਗੇ ਹਨ ਕਿ ਉਹ ਅਯੋਗ ਵਿਅਕਤੀਆਂ ਨੂੰ ਟਰੱਕ ਜਾਂ ਹੋਰ ਵਾਹਨ ਚਲਾਉਣ ਲਈ ਰਿਸ਼ਵਤ ਲੈ ਕੇ ਲਾਇਸੈਂਸ ਹਾਸਲ ਕਰਾਉਣ ਵਿੱਚ ਮਦਦ ਕਰਦੇ ਰਹੇ ਹਨ। ਇਹ ਲੋਕ ਲਾਇਸੈਂਸ ਇਛੁੱਕਾਂ ਨਾਲ ਸੌਦੇਬਾਜ਼ੀ ਕਰਕੇ ਉਨ੍ਹਾਂ ਦਾ ਰੋਡ ਟੈਸਟ ਲੈਣ ਮੌਕੇ ਉਨ੍ਹਾਂ ਦੀਆਂ ਗਲਤੀਆਂ ਨੂੰ ਅਣਗੌਲਿਆਂ ਕਰਕੇ ਪਾਸ ਕਰ ਦਿੰਦੇ ਸਨ। ਰਿਸ਼ਵਤ ਲੈ ਕੇ ਰੋਡ ਟੈਸਟ ਪਾਸ ਕਰਾਉਣ ਦੇ ਮਾਮਲੇ ਉਦੋਂ ਤੋਂ ਉਂਟਾਰੀਓ ਸੂਬਾਈ ਪੁਲੀਸ ਨੇ ਨਿਸ਼ਾਨੇ 'ਤੇ ਲਏ ਹੋਏ ਸਨ, ਜਦ ਸੂਬਾਈ ਟਰਾਂਸਪੋਰਟ ਮੰਤਰੀ ਪ੍ਰਭਮੀਤ ਸਿੰਘ ਸਰਕਾਰੀਆ ਨੇ ਪੁਲੀਸ ਨੂੰ ਕਾਰਵਾਈ ਕਰਨ ਲਈ ਕਿਹਾ ਸੀ।

ਇੱਥੇ ਦੱਸਣਾ ਬਣਦਾ ਹੈ ਕਿ ਬੇਸ਼ੱਕ ਕੈਨੇਡਾ ਦੇ ਸੂਬਿਆਂ ਵਿੱਚ ਡਰਾਈਵਿੰਗ ਲਾਇਸੈਂਸ ਲੈਣ ਦੇ ਕੁਝ ਨਿਯਮ ਵੱਖ ਵੱਖ ਹਨ, ਪਰ ਲਾਇਸੈਂਸ ਲੈਣ ਲਈ ਹਰੇਕ ਸੂਬੇ 'ਚ ਪਹਿਲਾਂ ਸੜਕ ਨਿਯਮਾਂ ਬਾਰੇ ਜਾਣਕਾਰੀ ਟੈਸਟ ਪਾਸ ਕਰਕੇ ਫਿਰ ਰੋਡ ਟੈਸਟ ਦੇਣਾ ਪੈਂਦਾ ਹੈ, ਜਿਸ ਦੌਰਾਨ ਵਿਭਾਗ ਦਾ ਅਧਿਕਾਰੀ ਵਾਹਨ ਵਿੱਚ ਪ੍ਰੀਖਿਅਕ ਨਾਲ ਬੈਠ ਕੇ 40 ਮਿੰਟ ਵਾਹਨ ਚਲਵਾ ਕੇ ਵੇਖਦਾ ਹੈ ਤੇ ਚੰਗੀ ਕਾਰਗੁਜ਼ਾਰੀ ਹੋਵੇ ਤਾਂ ਹੀ ਪਾਸ ਕਰਦਾ ਹੈ। ਭਾਰਤ ਸਮੇਤ ਕਈ ਦੇਸ਼ਾਂ ਤੋਂ ਗਏ ਪ੍ਰੀਖਿਅਕਾਂ ਨੂੰ ਪਾਸ ਹੋਣ ਲਈ ਕਈ ਟੈਸਟ ਦੇਣੇ ਪੈਂਦੇ ਹਨ। ਪਿਛਲੇ ਸਾਲਾਂ 'ਚ ਉਂਟਾਰੀਓ ਵਿੱਚ ਟਰੱਕ ਬੱਸ ਚਲਾਉਣ ਲਈ ਲਾਇਸੈਂਸ ਨਾਲ ਦੀ ਨਾਲ ਮਿਲ ਜਾਂਦਾ ਸੀ, ਪਰ ਇਸ ਸਾਲ ਤੋਂ ਉਥੇ ਵੀ ਹੋਰ ਸੂਬਿਆਂ ਵਾਂਗ ਤਿੰਨ ਸਾਲ ਦੇ ਹਲਕੇ ਵਾਹਨ ਲਾਇਸੈਂਸ ਦੀ ਸ਼ਰਤ ਲਾਗੂ ਕੀਤੀ ਗਈ ਹੈ।

# ਗੈਂਗਸਟਰ ਗੋਲਡੀ ਬਰਾੜ ਦੇ ਮਾਪੇ ਗ੍ਰਿਫ਼ਤਾਰ



ਗੈਂਗਸਟਰ ਸਤਿੰਦਰਜੀਤ ਸਿੰਘ ਉਰਫ਼ ਗੋਲਡੀ ਬਰਾੜ ਦੇ ਮਾਪਿਆਂ ਨੂੰ ਮੁਕਤਸਰ ਜ਼ਿਲ੍ਹਾ ਪੁਲੀਸ ਨੇ ਜਬਰਨ ਵਸੂਲੀ ਦੇ ਇੱਕ 2024 ਦੇ ਮਾਮਲੇ ਵਿੱਚ ਸੋਮਵਾਰ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਗ੍ਰਿਫ਼ਤਾਰੀਆਂ ਸੂਬਾ ਪੁਲੀਸ ਵੱਲੋਂ ਗੈਂਗਸਟਰਾਂ ਅਤੇ ਉਨ੍ਹਾਂ ਦੇ ਨੈੱਟਵਰਕਾਂ ਵਿਰੁੱਧ ਤੇਜ਼ ਕੀਤੀ ਗਈ ਕਾਰਵਾਈ ਦੌਰਾਨ ਹੋਈਆਂ ਹਨ।

ਸਦਰ ਮੁਕਤਸਰ ਪੁਲੀਸ ਸਟੇਸ਼ਨ ਦੇ ਐੱਸਐੱਚਓ ਸਬ-ਇਸਪੈਕਟਰ ਦਰਸ਼ਨ ਸਿੰਘ ਨੇ 'ਟ੍ਰਿਬਿਊਨ ਸਮੂਹ' ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਗੋਲਡੀ ਬਰਾੜ ਦੇ ਪਿਤਾ ਅਤੇ ਮਾਤਾ ਨੂੰ ਅੰਮ੍ਰਿਤਸਰ ਤੋਂ ਉਦੇਕਰਨ ਪਿੰਡ ਦੇ ਇੱਕ ਵਸਨੀਕ ਦੇ ਬਿਆਨਾਂ 'ਤੇ ਦਰਜ ਜਬਰਨ ਵਸੂਲੀ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਗੋਲਡੀ ਦੇ ਪਿਤਾ ਸ਼ਮਸ਼ੇਰ ਸਿੰਘ ਅਤੇ ਮਾਤਾ ਪ੍ਰੀਤਪਾਲ ਕੌਰ ਇੱਥੇ ਕੋਟਕਪੂਰਾ ਰੋਡ ਸਥਿਤ ਆਦੇਸ਼ ਨਗਰ ਦੇ ਰਹਿਣ ਵਾਲੇ ਹਨ ਅਤੇ ਇਹ ਪਰਿਵਾਰ ਅਸਲ ਵਿੱਚ ਫ਼ਰੀਦਕੋਟ ਜ਼ਿਲ੍ਹੇ ਨਾਲ ਸਬੰਧਤ ਹੈ। ਪੁਲੀਸ ਵਿੱਚ ਸਾਬਕਾ ਸਹਾਇਕ ਸਬ-ਇੰਸਪੈਕਟਰ (ਏਐਸਆਈ) ਰਹੇ ਸ਼ਮਸ਼ੇਰ ਸਿੰਘ ਨੂੰ ਮੁਕਤਸਰ ਜ਼ਿਲ੍ਹੇ ਵਿੱਚ ਇੱਕ ਕਤਲ ਦੇ ਕੇਸ ਵਿੱਚ ਕਥਿਤ ਸ਼ਮੂਲੀਅਤ ਸਾਹਮਣੇ ਆਉਣ ਤੋਂ ਬਾਅਦ 2021 ਵਿੱਚ ਸੇਵਾਮੁਕਤ ਕਰ ਦਿੱਤਾ ਗਿਆ ਸੀ। ਗੋਲਡੀ, ਜੋ ਕਿ ਇੱਕ 'ਇਸ਼ਤਿਹਾਰੀ ਭਗੌੜਾ' ਹੈ, 2022 ਵਿੱਚ ਮਾਨਸਾ ਜ਼ਿਲ੍ਹੇ ਵਿੱਚ ਪੰਜਾਬੀ ਗਾਇਕ ਸ਼ੁਭਦੀਪ ਸਿੰਘ ਉਰਫ਼ ਸਿੱਧੂ ਮੂਸੇਵਾਲਾ ਦੇ ਕਤਲ ਦੇ ਮੁੱਖ ਮੁਲਜ਼ਮਾਂ ਵਿੱਚੋਂ ਇੱਕ ਹੈ। ਕੌਮੀ ਜਾਂਚ ਏਜੰਸੀ (ਐਨਆਈਏ) ਵੱਲੋਂ 2024 ਵਿੱਚ ਜਾਰੀ ਕੀਤੇ ਗਏ ਇੱਕ ਜਨਤਕ ਨੋਟਿਸ ਅਨੁਸਾਰ, ਗੋਲਡੀ ਦੇ ਕੈਨੇਡਾ ਜਾਂ ਸੰਯੁਕਤ ਰਾਜ ਅਮਰੀਕਾ ਵਿੱਚ ਹੋਣ ਦਾ ਸ਼ੱਕ ਹੈ ਅਤੇ ਉਹ 2017 ਵਿੱਚ ਸਟੂਡੈਂਟ ਵੀਜ਼ੇ 'ਤੇ ਕੈਨੇਡਾ ਗਿਆ ਸੀ।

ਗੋਲਡੀ ਪਹਿਲਾਂ ਲਾਰੈਂਸ ਬਿਸ਼ਨੋਈ ਗੈਂਗ ਨਾਲ ਜੁੜਿਆ ਹੋਇਆ ਸੀ ਪਰ ਖ਼ਬਰਾਂ ਮੁਤਾਬਕ ਪਿਛਲੇ ਸਾਲ ਉਸ ਤੋਂ ਵੱਖ ਹੋ ਗਿਆ ਸੀ। ਸਾਲ 2024 ਵਿੱਚ, ਕੇਂਦਰੀ ਗ੍ਰਹਿ ਮੰਤਰਾਲੇ ਨੇ ਗੋਲਡੀ ਨੂੰ ਗੈਰ-ਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ (ਯੂਏਪੀਏ) ਦੇ ਤਹਿਤ "ਵਿਅਕਤੀਗਤ ਅਤਿਵਾਦੀ" ਘੋਸ਼ਿਤ ਕੀਤਾ ਸੀ।

# ਟਰੰਪ ਦੇ ਰਾਜ 'ਚ ਰੋਜ਼ਾਨਾ ਫੜੇ ਗਏ 65 ਭਾਰਤੀ, ਨਾਜਾਇਜ਼ ਤੌਰ 'ਤੇ ਕਰ ਰਹੇ ਸਨ ਦੇਸ਼ 'ਚ ਦਾਖ਼ਲ ਹੋਣ ਦੀ ਕੋਸ਼ਿਸ਼



ਡੰਕੀ ਰੂਟ ਰਾਹੀਂ ਅਮਰੀਕਾ ਵਿੱਚ ਗ਼ੈਰ-ਕਾਨੂੰਨੀ ਘੁਸਪੈਠ ਦੀ ਗਿਣਤੀ ਵਿੱਚ ਕਮੀ ਆਈ ਹੈ। ਭਾਵੇਂ ਮਾਮਲਿਆਂ ਦੀ ਗਿਣਤੀ ਘਟੀ ਹੈ, ਪਰ ਇਹ ਪੂਰੀ ਤਰ੍ਹਾਂ ਨਹੀਂ ਰੁਕੇ ਹਨ। ਰਾਸ਼ਟਰਪਤੀ ਡੋਨਾਲਡ ਟਰੰਪ ਦੇ ਕਾਰਜਕਾਲ ਦੇ ਪਹਿਲੇ ਸਾਲ ਦੌਰਾਨ, ਹਰ ਰੋਜ਼ 65 ਭਾਰਤੀ ਗ਼ੈਰ-ਕਾਨੂੰਨੀ ਤੌਰ 'ਤੇ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਫੜੇ ਗਏ ਸਨ।

ਜਨਵਰੀ ਤੋਂ ਦਸੰਬਰ 2025 ਤੱਕ ਦੇ ਅੰਕੜਿਆਂ ਅਨੁਸਾਰ, ਯੂਐਸ ਬਾਰਡਰ ਪੈਟਰੋਲ ਅਤੇ ਕਸਟਮਜ਼ ਨੇ ਕੁੱਲ 23,830 ਭਾਰਤੀਆਂ ਨੂੰ ਫੜਿਆ। ਇਸ ਦੌਰਾਨ, 2024 ਵਿੱਚ ਸਾਬਕਾ ਰਾਸ਼ਟਰਪਤੀ ਜੋਅ ਬਿਡੇਨ ਦੇ ਕਾਰਜਕਾਲ ਦੌਰਾਨ, ਕੁੱਲ 85,119 ਭਾਰਤੀਆਂ ਨੂੰ ਫੜਿਆ ਗਿਆ ਸੀ। ਇਸ ਵਾਰ, ਇੱਕ ਨਵਾਂ ਰੁਝਾਨ ਵੀ ਸਾਹਮਣੇ ਆਇਆ ਹੈ।

ਕਿਹੜਾ ਰੁਝਾਨ ਉੱਭਰਿਆ?

ਅਮਰੀਕਾ ਵਿੱਚ ਦਾਖਲ ਹੋਣ ਵਾਲੇ ਫੜੇ ਗਏ ਸਾਰੇ ਭਾਰਤੀ ਇਕੱਲੇ ਸਨ। ਕੋਈ ਵੀ ਭਾਰਤੀ ਪਰਿਵਾਰ ਨਾਲ ਨਹੀਂ ਫੜਿਆ ਗਿਆ। ਹਾਲਾਂਕਿ, 2024 ਵਿੱਚ ਫੜੇ ਗਏ ਭਾਰਤੀਆਂ ਵਿੱਚੋਂ, ਲਗਪਗ 20,000 ਆਪਣੇ ਭਰਾਵਾਂ, ਪਤਨੀਆਂ ਜਾਂ ਬੱਚਿਆਂ ਨਾਲ ਗ਼ੈਰ-ਕਾਨੂੰਨੀ ਤੌਰ 'ਤੇ ਅਮਰੀਕਾ ਵਿੱਚ ਦਾਖਲ ਹੋ ਰਹੇ ਸਨ।

ਹੁਣ ਅਮਰੀਕਾ ਵਿੱਚ ਪ੍ਰਵੇਸ਼ ਇਸ ਰਸਤੇ ਰਾਹੀਂ ਹੋ ਰਿਹਾ ਹੈ

ਅਮਰੀਕਾ ਵਿੱਚ ਦਾਖਲ ਹੋਣ ਦੇ ਰਸਤੇ ਵਿੱਚ ਬਦਲਾਅ ਆਇਆ ਹੈ। ਹੁਣ, ਕੈਨੇਡਾ ਅਤੇ ਮੈਕਸੀਕੋ ਦੀ ਬਜਾਏ, ਤੁਰਕੀ-ਦੁਬਈ ਰੂਟ ਰਾਹੀਂ ਗ਼ੈਰ-ਕਾਨੂੰਨੀ ਪ੍ਰਵੇਸ਼ ਦੇ ਮਾਮਲੇ ਸਾਹਮਣੇ ਆ ਰਹੇ ਹਨ। 2025 ਵਿੱਚ, 6,968 ਭਾਰਤੀਆਂ ਨੂੰ ਕੈਨੇਡੀਅਨ ਸਰਹੱਦ 'ਤੇ ਫੜਿਆ ਗਿਆ ਸੀ, ਜਦੋਂ ਕਿ 1,543 ਨੂੰ ਮੈਕਸੀਕਨ ਸਰਹੱਦ 'ਤੇ ਫੜਿਆ ਗਿਆ ਸੀ। ਸਭ ਤੋਂ ਵੱਧ ਗ੍ਰਿਫ਼ਤਾਰੀਆਂ, 15,319, ਵੱਖ-ਵੱਖ ਅਮਰੀਕੀ ਸ਼ਹਿਰਾਂ ਵਿੱਚ ਕੀਤੀਆਂ ਗਈਆਂ ਸਨ।

ਕਿਹਾ ਜਾ ਰਿਹਾ ਹੈ ਕਿ ਉਹ ਕੈਨੇਡਾ-ਦੁਬਈ ਰੂਟ ਰਾਹੀਂ ਸਿੱਧੇ ਉਡਾਣਾਂ ਰਾਹੀਂ ਅਮਰੀਕਾ ਵਿੱਚ ਦਾਖਲ ਹੁੰਦੇ ਹਨ। ਜ਼ਿਆਦਾਤਰ ਮਾਮਲੇ ਛੁੱਟੀਆਂ ਦੇ ਵੀਜ਼ੇ 'ਤੇ ਅਮਰੀਕਾ ਵਿੱਚ ਦਾਖਲ ਹੋਣ ਅਤੇ ਫਿਰ ਆਪਣੇ ਠਹਿਰਾਅ ਦੀ ਮਿਆਦ ਤੋਂ ਵੱਧ ਸਮਾਂ ਬਿਤਾਉਣ ਦੇ ਹਨ।

ਇਹ ਧਿਆਨ ਦੇਣ ਯੋਗ ਹੈ ਕਿ 2025 ਵਿੱਚ ਕੁੱਲ 3,254 ਭਾਰਤੀਆਂ ਨੂੰ ਅਮਰੀਕਾ ਤੋਂ ਦੇਸ਼ ਨਿਕਾਲਾ ਦਿੱਤਾ ਗਿਆ ਸੀ, ਜੋ ਕਿ 2009 ਤੋਂ ਬਾਅਦ ਸਭ ਤੋਂ ਵੱਧ ਸੰਖਿਆ ਹੈ। ਇਨ੍ਹਾਂ 16 ਸਾਲਾਂ ਵਿੱਚ, 18,882 ਲੋਕਾਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਸੀ।

# ਜਦੋਂ ਮੰਗਣ ਜਾਓ ਤਾਂ ਸਿਰ ਝੁਕ ਜਾਂਦਾ ਤੇ ਸਵੈ-ਮਾਣ ਨਾਲ ਸਮਝੌਤਾ ਕਰਨਾ ਪੈਂਦਾ: ਸ਼ਹਿਬਾਜ਼ ਸ਼ਰੀਫ਼



ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਨੇ ਵਿਦੇਸ਼ੀ ਕਰਜ਼ਿਆਂ ਲਈ ਦੂਜੇ ਦੇਸ਼ਾਂ ਅੱਗੇ ਹੱਥ ਅੱਡਣ ਦੀ ਮਜਬੂਰੀ ਨੂੰ ਦੇਸ਼ ਲਈ ਵੱਡੀ 'ਨਾਮੋਸ਼ੀ' ਕਰਾਰ ਦਿੱਤਾ ਹੈ। ਸ਼ੁੱਕਰਵਾਰ ਨੂੰ ਇਸਲਾਮਾਬਾਦ ਵਿੱਚ ਕਾਰੋਬਾਰੀਆਂ ਅਤੇ ਨਿਰਯਾਤਕਾਂ ਨੂੰ ਸੰਬੋਧਨ ਕਰਦਿਆਂ ਸ਼ਰੀਫ਼ ਨੇ ਬੇਹੱਦ ਭਾਵੁਕ ਲਹਿਜੇ ਵਿੱਚ ਕਿਹਾ ਕਿ ਕਰਜ਼ਾ ਮੰਗਣ ਨਾਲ ਦੇਸ਼ ਦਾ ਸਿਰ ਝੁਕਦਾ ਹੈ ਅਤੇ ਸਾਨੂੰ ਆਪਣੇ ਸਵੈ-ਮਾਣ ਦੀ ਕੀਮਤ 'ਤੇ ਕਈ ਅਣਉਚਿਤ ਸਮਝੌਤੇ ਕਰਨੇ ਪੈਂਦੇ ਹਨ।

ਉਨ੍ਹਾਂ ਨੇ ਪਿਛਲੇ ਸਾਲ ਦੇ ਉਸ ਦੌਰ ਨੂੰ ਯਾਦ ਕੀਤਾ ਜਦੋਂ ਪਾਕਿਸਤਾਨ ਦੀਵਾਲੀਆ ਹੋਣ ਦੇ ਕੰਢੇ 'ਤੇ ਸੀ ਅਤੇ ਉਨ੍ਹਾਂ ਨੂੰ ਫੌਜ ਮੁਖੀ ਆਸਿਮ ਮੁਨੀਰ ਦੇ ਨਾਲ ਮਿਲ ਕੇ ਅਰਬਾਂ ਡਾਲਰਾਂ ਦੀ ਮਦਦ ਲਈ ਮਿੱਤਰ ਦੇਸ਼ਾਂ ਦੇ ਦਰਵਾਜ਼ੇ ਖੜਕਾਉਣੇ ਪਏ ਸਨ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਹਾਲਾਂਕਿ ਚੀਨ, ਸਾਊਦੀ ਅਰਬ ਅਤੇ ਯੂ.ਏ.ਈ. ਵਰਗੇ ਮਿੱਤਰ ਦੇਸ਼ਾਂ ਨੇ ਹਮੇਸ਼ਾ ਸਾਥ ਦਿੱਤਾ, ਪਰ ਮੰਗਣ ਵਾਲੇ ਦੀ ਸਥਿਤੀ ਬਹੁਤ ਕਮਜ਼ੋਰ ਹੁੰਦੀ ਹੈ।

ਉਨ੍ਹਾਂ ਸਵੀਕਾਰ ਕੀਤਾ ਕਿ ਕਈ ਵਾਰ ਕਰਜ਼ਾ ਦੇਣ ਵਾਲੇ ਦੇਸ਼ ਅਜਿਹੀਆਂ ਸ਼ਰਤਾਂ ਥੋਪ ਦਿੰਦੇ ਹਨ ਜਿਨ੍ਹਾਂ ਦਾ ਕੋਈ ਤਰਕ ਨਹੀਂ ਹੁੰਦਾ ਪਰ ਮਜਬੂਰੀ ਵਿੱਚ ਉਨ੍ਹਾਂ ਨੂੰ ਮੰਨਣਾ ਪੈਂਦਾ ਹੈ।

ਇਸ ਮੌਕੇ ਉਨ੍ਹਾਂ ਨੇ ਦੇਸ਼ ਦੀ ਆਰਥਿਕਤਾ ਨੂੰ ਮੁੜ ਪੈਰਾਂ 'ਤੇ ਖੜ੍ਹਾ ਕਰਨ ਲਈ ਉਦਯੋਗਾਂ ਨੂੰ ਬਿਜਲੀ ਦਰਾਂ ਵਿੱਚ 4.04 ਰੁਪਏ ਪ੍ਰਤੀ ਯੂਨਿਟ ਦੀ ਕਟੌਤੀ ਅਤੇ ਬਰਾਮਦਕਾਰਾਂ ਲਈ ਵਿਆਜ ਦਰਾਂ ਘਟਾਉਣ ਵਰਗੀਆਂ ਵੱਡੀਆਂ ਰਾਹਤਾਂ ਦੇਣ ਦਾ ਵੀ ਐਲਾਨ ਕੀਤਾ ਤਾਂ ਜੋ ਦੇਸ਼ ਦੀ ਕਰਜ਼ਿਆਂ 'ਤੇ ਨਿਰਭਰਤਾ ਘਟਾਈ ਜਾ ਸਕੇ।

# ਕੈਨੇਡੀਅਨ ਡਾਲਰ ਨੇ ਮਜ਼ਬੂਤੀ ਫੜੀ, ਇਕ ਡਾਲਰ ਦਾ ਭਾਅ 68 ਰੁਪਏ ਤੋਂ ਟੱਪਿਆ



ਲੰਮਾ ਸਮਾਂ ਹੇਠਲੇ ਪੱਧਰ 'ਤੇ ਟਿਕੇ ਰਹਿਣ ਮਗਰੋਂ ਕੈਨੇਡੀਅਨ ਡਾਲਰ ਦਿਨੋ ਦਿਨ ਮਜ਼ਬੂਤੀ ਫੜਨ ਲੱਗਾ ਹੈ। ਕਰੰਸੀ ਐਕਸਚੇਂਜ ਐਪ ਮੁਤਾਬਕ ਇਕ ਕੈਨੇਡੀਅਨ ਡਾਲਰ ਦਾ ਮੁੱਲ 68 ਭਾਰਤੀ ਰੁਪਏ ਹੋ ਗਿਆ ਹੈ। ਅਮਰੀਕੀ ਡਾਲਰ ਦੇ ਮੁਕਾਬਲੇ ਵੀ ਕੈਨੇਡਿਆਈ ਡਾਲਰ ਮਜ਼ਬੂਤ ਹੋਇਆ ਹੈ ਤੇ 74 ਸੈਂਟ ਤੋਂ ਥੋੜ੍ਹਾ ਉਪਰ ਹੋ ਗਿਆ ਹੈ, ਜਦ ਕਿ ਤਿੰਨ ਕੁ ਮਹੀਨੇ ਇਹ 68 ਅਮਰਕੀਨ ਸੈਂਟਾਂ ਦੇ ਨੇੜੇ ਤੇੜੇ ਸੀ।

ਆਰਥਿਕ ਮਾਹਰ ਕੈਨੇਡੀਅਨ ਡਾਲਰ ਦੀ ਮਜ਼ਬੂਤੀ ਨੂੰ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਵਿੱਤੀ ਮੁਹਾਰਤ ਅਤੇ ਸਫਲ ਨੀਤੀਆਂ ਨਾਲ ਜੋੜ ਕੇ ਦੇਖ ਰਹੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਟੈਰਿਫ ਸ਼ਰਤਾਂ ਮੂਹਰੇ ਗੋਡੇ ਟੇਕਣ ਦੀ ਥਾਂ ਪ੍ਰਧਾਨ ਮੰਤਰੀ ਵਲੋਂ ਆਲਮੀ ਨਿਰਭਰਤਾ ਘਟਾ ਕੇ ਘਰੇਲੂ ਉਦਯੋਗ ਲਈ ਨਵੀਆਂ ਮੰਡੀਆਂ ਤਲਾਸ਼ੇ ਜਾਣ ਦੇ ਯਤਨਾਂ ਕਾਰਨ ਦੇਸ਼ ਦੇ ਅਰਥਚਾਰੇ ਦਾ ਰੁਝਾਨ ਮਜ਼ਬੂਤੀ ਵੱਲ ਰਿੜ ਪਿਆ ਹੈ।

ਪਿਛਲ ਝਾਤ ਮਾਰੀਏ ਤਾਂ 2013-14 ਵਿੱਚ ਕੈਨੇਡੀਅਨ ਡਾਲਰ ਅਮਰੀਕੀ ਡਾਲਰ ਤੋਂ ਥੋੜਾ ਉੱਚਾ ਹੁੰਦਾ ਸੀ, ਪਰ ਤੱਤਕਾਲੀ ਪ੍ਰਧਾਨ ਮੰਤਰੀ ਸਟੀਵਨ ਹਾਰਪਰ ਵਲੋਂ ਆਪਣੀ ਸੱਤਾ ਦੇ ਆਖਰੀ ਸਾਲਾਂ ਵਿਚ ਕੁਝ ਗਲਤੀਆਂ ਕਰਕੇ ਡਾਲਰ ਹੇਠਾਂ ਵੱਲ ਰਿੜਨ ਲੱਗਾ। ਇਹ ਰੁਝਾਨ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੋਂ ਵੀ ਨਾ ਸੰਭਲਿਆ ਤੇ ਕੈਨੇਡੀਅਨ ਡਾਲਰ ਡਿਗਦਾ ਡਿਗਦਾ ਅਮਰੀਕਾ ਦੇ 68 ਸੈਂਟਾਂ ਦੇ ਹੇਠਲੇ ਪੱਧਰ ਤੱਕ ਚਲਾ ਗਿਆ ਸੀ। ਪਹਿਲਾਂ ਬੈਂਕ ਆਫ ਕੈਨੇਡਾ ਅਤੇ ਮਗਰੋਂ ਬੈਂਕ ਆਫ ਇੰਗਲੈਂਡ ਦਾ ਗਵਰਨਰ ਰਹਿਣ ਕਰਕੇ ਮਾਰਕ ਕਾਰਨੀ ਦੀ ਵਿੱਤੀ ਮੁਹਾਰਤ ਪ੍ਰਧਾਨ ਮੰਤਰੀ ਬਣ ਕੇ ਹੋਰ ਨਿੱਖਰ ਗਈ ਹੈ।

ਸਿਡਨੀ ਦੀ ਇੱਕ ਸੀਨੀਅਰ ਸਿਟੀਜਨਜ਼ ਦੀ ਸੱਥ ਵਿੱਚ ਦੋ 83 ਸਾਲ ਅਤੇ 85 ਸਾਲ ਦੇ ਬਜ਼ੁਰਗ ਆਉਂਦੇ ਹੁੰਦੇ ਸਨ। ਇੱਕ ਦਾ ਨਾਮ ਰਾਮ ਸਿੰਘ ਸੀ ਤੇ ਦੂਜੇ ਦਾ ਨਾਮ ਰਲਾ ਸਿੰਘ। ਸ਼ਾਇਦ ਇਹਨਾਂ ਦੇ ਪੋਤੇ/ਪੋਤੀਆਂ ਜਾਂ ਦਹੋਤੇ/ਦੋਹਤੀਆਂ ਇਹਨਾਂ ਨੂੰ ਸੱਥ ਵਿੱਚ ਛੱਡ ਜਾਇਆ ਕਰਦੇ ਸਨ। ਸੱਥ ਸਿਰਫ ਐਤਵਾਰ ਵਾਲੇ ਦਿਨ ਹੀ ਲਗਦੀ ਹੁੰਦੀ ਸੀ। ਬਜ਼ੁਰਗ ਪਹਿਲਾਂ ਨੇੜੇ ਪੈਂਦੇ ਗੁਰੂ ਘਰ ਵਿੱਚ ਮੱਥਾ ਟੇਕਿਆ ਕਰਦੇ ਸਨ। ਫਿਰ ਲੰਗਰ ਛੱਕ ਕੇ ਸੱਥ ਵੱਲ ਦੇ ਪਾਸੇ ਨੂੰ ਆ ਜਾਇਆ ਕਰਦੇ ਸਨ। ਸੱਥ ਵਿੱਚ ਹਲਕਾ ਫੁਲਕਾ ਸੱਭਿਆਚਾਰਕ ਪ੍ਰੋਗਰਾਮ ਹੋਇਆ ਕਰਦਾ ਸੀ। ਬਹੁਤੇ ਸੀਨੀਅਰਜ਼ ਕੁਝ ਨਾ ਕੁਝ ਸੁਣਾਇਆ ਕਰਦੇ ਸਨ। ਕੋਈ ਕਵਿਤਾ ਸੁਣਾਉਂਦਾ ਸੀ, ਕੋਈ ਛੋਟੀ ਮੋਟੀ ਕਹਾਣੀ ਸੁਣਾਉਂਦਾ ਸੀ, ਕੋਈ ਇੱਕ ਦੋ ਚੁਟਕਲੇ ਸੁਣਾ ਦਿਆ ਕਰਦਾ ਸੀ, ਕੋਈ ਇਤਿਹਾਸ ਨਾਲ ਸੰਬੰਧਿਤ ਕੋਈ ਗੱਲ ਕਰਦਾ ਸੀ ਤੇ ਕੋਈ ਆਪਣੀ ਹੱਡਬੀਤੀ ਸੁਣਾ ਦਿਆ ਕਰਦਾ ਸੀ। ਸੱਥ ਖਤਮ ਹੋਣ ਤੋਂ ਬਾਅਦ ਗਰੁੱਪ ਫੋਟੋ ਹੁੰਦੀ ਸੀ। ਮੈਂ ਇਸ ਸੱਥ ਵਿੱਚ ਬਤੌਰ ਪੱਤਰਕਾਰ ਜਾਂ ਸੀਨੀਅਰ ਸਿਟੀਜ਼ਨ ਜਾਇਆ ਕਰਦਾ ਸਾਂ। ਮੈਂ ਇਹ ਫੋਟੋ ਅਤੇ ਸੱਥ ਦੀ ਰਿਪੋਰਟ ਆਪਣੀ ਅਖਬਾਰ ਵਿੱਚ ਲਗਾ ਦਿਆ ਕਰਦਾ ਸਾਂ।

ਰਾਮ ਸਿੰਘ ਤੇ ਰਲਾ ਸਿੰਘ ਹਮਉਮਰ ਤਾਂ ਸਨ ਹੀ। ਉਹਨਾਂ ਦੇ ਘਰ ਦੇ ਹਾਲਾਤ ਵੀ ਤਕਰੀਬਨ ਮਿਲਦੇ ਜੁਲਦੇ ਹੀ ਸਨ। ਇੱਕ ਸ਼ਾਇਦ ਆਪਣੇ ਲੜਕੇ ਦੇ ਪਰਿਵਾਰ ਨਾਲ ਰਹਿੰਦਾ ਸੀ ਤੇ ਦੂਜਾ ਆਪਣੀ ਲੜਕੀ ਦੇ ਪਰਿਵਾਰ ਨਾਲ। ਦੋਨੋ ਬਜ਼ੁਰਗ ਪੁਰਾਣੇ ਦਸਵੀਂ ਪਾਸ ਤਾਂ ਲਗਦੇ ਹੀ ਸਨ। ਸ਼ਾਇਦ ਇਸ ਤੋਂ ਵੱਧ ਵੀ ਮਾੜੇ ਮੋਟੇ ਹੋਣ। ਇੱਕ ਦਿਨ ਸੱਥ ਵਿੱਚ ਰਾਮ ਸਿੰਘ ਨੇ ਆਪਣੇ ਪਿੰਡ ਮਹਿਲਾਂ ਮਾਜਰੀ ਨਾਲ ਸੰਬੰਧਿਤ ਇੱਕ ਘਟਨਾ ਸੁਣਾਈ। ਘਟਨਾ ਭਾਰੀ ਹੜ੍ਹਾਂ ਨਾਲ ਸੰਬੰਧਤ ਸੀ। ਇਹ ਹੜ੍ਹ ਦੋ ਕੁ ਸਾਲ ਪਹਿਲਾਂ ਹੀ ਪੰਜਾਬ ਵਿੱਚ ਆਏ ਸਨ। ਸੂਬੇ ਦੇ ਹੇਠਲੇ ਜਿਲ੍ਹਿਆਂ ਵਿੱਚ ਦੋਹਾਂ ਦਰਿਆਵਾਂ ਸਤਲੁਜ ਅਤੇ ਬਿਆਸ ਦਾ ਪਾਣੀ ਦੂਰ ਦੂਰ ਤੱਕ ਫੈਲ ਗਿਆ ਸੀ ਤੇ ਜਾਨੀ ਅਤੇ ਮਾਲੀ ਨੁਕਸਾਨ ਕਾਫੀ ਹੋਇਆ ਸੀ।

ਰਾਮ ਸਿੰਘ ਹੌਲੀ ਹੌਲੀ ਸਟੇਜ ਤੱਕ ਪਹੁੰਚਿਆ ਤੇ ਆਪਣੇ ਪਿੰਡ ਦੇ ਹੜ੍ਹਾਂ ਬਾਰੇ ਬੋਲਣ ਲੱਗ ਪਿਆ। ਕਹਿੰਦਾ, "ਪਹਿਲਾਂ ਇੱਕ ਦਿਨ ਮੀਂਹ ਦਾ ਛਰਾਟਾ ਪਿਆ ਤੇ ਲੋਕਾਂ ਨੇ ਅੰਤਾਂ ਦੀ ਤਪਸ਼ ਤੋਂ ਰਾਹਤ ਮਹਿਸੂਸ ਕੀਤੀ। ਇਹ ਛਰਾਟਾ ਬਾਸਮਤੀ ਦੀ ਫਸਲ ਲਈ ਬੜਾ ਸੁਖਾਵਾਂ ਤੇ ਲਾਹੇਮੰਦ ਸੀ। ਇਸ ਰਾਤ ਕਿਸਾਨ ਇਹ ਸੋਚ ਕੇ ਬੜੇ ਹੀ ਆਰਾਮ ਨਾਲ ਸੁੱਤੇ ਕਿ ਮੀਂਹ ਦੀ ਇਸ ਸਲ੍ਹਾਬ ਕਾਰਨ ਖੇਤਾਂ ਨੂੰ ਬੜੇ ਹੀ ਆਰਾਮ ਨਾਲ ਵਾਹਿਆ ਜਾ ਸਕਦਾ ਸੀ ਤੇ ਇਹਨਾਂ ਝੋਨਾ ਵੱਢੇ ਖੇਤਾਂ ਵਿੱਚ ਕਣਕ ਦੀ ਬਿਜਾਈ ਕੀਤੀ ਜਾ ਸਕਦੀ ਸੀ। ਝੋਨਾ ਬਾਸਮਤੀ ਤੋਂ ਪਹਿਲਾਂ ਵੱਢ ਲਿਆ ਜਾਂਦਾ ਸੀ ਤੇ ਇਹਨਾਂ ਖੇਤਾਂ ਵਿੱਚ ਕਿਸਾਨ ਅਕਸਰ ਪਛੇਤੀ ਕਣਕ ਬੀਜਿਆ ਕਰਦੇ ਸਨ। ਪਿੰਡ ਦੇ ਉੱਚੇ ਹਿੱਸੇ ਵਿੱਚ ਅਜੇ ਲੋਕ ਸੁੱਤੇ ਹੀ ਪਏ ਸਨ ਕਿ ਪਿੰਡ ਦੇ ਕੁਝ ਨੀਵੇਂ ਹਿੱਸਿਆਂ ਵਿੱਚ ਲੋਕਾਂ ਨੇ ਮਹਿਸੂਸ ਕੀਤਾ ਜਿਵੇਂ ਪਾਣੀ ਉਹਨਾਂ ਦੇ ਮੰਜਿਆਂ ਉੱਪਰ ਬਿਸਤਰਿਆਂ ਨੂੰ ਛੂਹ ਰਿਹਾ ਹੋਵੇ। ਜ਼ਿਆਦਾ ਮੀਹ ਉੱਪਰਲੇ ਇਲਾਕਿਆਂ ਵਿੱਚ ਪਿਆ ਸੀ, ਹੇਠਾਂ ਅਜੇ ਥੋੜਾ ਸਮਾਂ ਪਹਿਲਾਂ ਮੀਂਹ ਸ਼ੁਰੂ ਹੋਇਆ ਸੀ। ਪਾਣੀ ਇੰਨੀ ਤੇਜ਼ੀ ਨਾਲ ਉੱਚਾ ਉੱਠਦਾ ਜਾ ਰਿਹਾ ਸੀ ਕਿ ਲੋਕਾਂ ਨੇ ਜਾਗ ਖੁੱਲ੍ਹਦੇ ਸਾਰ ਹੀ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਸੀ: 'ਹੜ੍ਹ ਓਏ! ਹੜ੍ਹ ਓਏ! ਦੌੜੋ! ਦੌੜੋ! ਮਰ ਗਏ ਓ ਲੋਕੋ! ਡੁੱਬ ਗਏ ਓ ਲੋਕੋ!!'

ਬਚਨਾ ਪਿੰਡ ਦੇ ਨੀਵੇਂ ਪਾਸੇ ਰਹਿ ਰਿਹਾ ਸੀ। ਇੱਕ ਮੱਧ ਵਰਗੀ ਕਿਸਾਨ ਸੀ। ਉਸਦਾ ਘਰ ਅੱਧਾ ਪੱਕਾ ਸੀ ਤੇ ਅੱਧਾ ਕੱਚਾ। ਉਸਦੇ ਨਾਲ ਲਗਦਾ ਮਾਰ ਖੁੰਢਿਆਂ ਦੇ ਭੂਰੇ ਹੋਰਾਂ ਦਾ ਘਰ ਨਵਾਂ ਬਣਿਆ ਹੋਇਆ ਸੀ ਤੇ ਪੂਰਾ ਮਜਬੂਤ ਸੀ। ਭੂਰੇ ਹੋਰਾਂ ਦੀ ਆਦਤ ਵੈਸੇ ਵੀ ਲੋਕਾਂ ਨੂੰ ਤੰਗ ਕਰਨ ਦੀ ਹੁੰਦੀ ਸੀ। ਲੋਕਾਂ ਦੀਆਂ ਚੀਜ਼ਾਂ ਚੋਰੀ ਵੀ ਕਰ ਲਿਆ ਕਰਦੇ ਸਨ।

# ਮੈਹਲੇ ਮਾਜਰਾ

ਇੱਕ ਵਾਰ ਭੂਰੇ ਹੋਰੀਂ ਬਚਨੇ ਦੇ ਤੰਗੜ ਚੋਰੀ ਕਰਕੇ ਲੈ ਗਏ ਸਨ। ਪੰਚਾਇਤ ਦਾ ਇਕੱਠ ਹੋਇਆ ਸੀ ਤੇ ਤੰਗੜ ਮੁਸ਼ਕਿਲ ਨਾਲ ਲੱਭੇ ਸਨ। ਭੂਰੇ ਹੁਰੀਂ ਇੱਕ ਵਾਰ ਖੂਨੀਆਂ ਦੇ ਟੱਬਰ ਦੇ ਖੇਤਾਂ ਵਿੱਚੋਂ 30-40 ਹਲਵਾ ਕੱਦੂ ਤੋੜ ਲਿਆਏ ਸਨ। ਇਸ ਪ੍ਰਕਾਰ ਦੇ ਕੱਦੂ ਲੰਮਾ ਸਮਾਂ ਸੰਭਾਲੇ




ਜਾ ਸਕਦੇ ਹੁੰਦੇ ਸਨ। ਜਦੋਂ ਝੋਨਾ ਲਗਾਉਣ ਦਾ ਸਮਾਂ ਆਉਂਦਾ ਹੁੰਦਾ ਸੀ ਉਦੋਂ ਬਰਸਾਤਾਂ ਵਿੱਚ ਲਾਵਿਆਂ ਲਈ ਸਬਜੀ ਬਰਸਾਤ ਵਿੱਚ ਅੰਤਾਂ ਦੀ ਮਹਿੰਗੀ ਮਿਲਦੀ ਸੀ ਜਾਂ ਔਖੀ ਮਿਲਦੀ ਹੁੰਦੀ ਸੀ। ਲੋਕ ਉਦੋਂ ਆਪਣੀ ਪੜਛੱਤੀ ਉੱਪਰੋਂ ਕੱਦੂ ਚੁੱਕ ਕੇ ਵਿੱਚ ਮੇਥੇ ਪਾ ਕੇ ਕਰਾਰੇ ਜਿਹੇ ਬਣਾ ਕੇ ਲਾਵਿਆਂ ਦੀ ਰੋਟੀ ਦਾ ਡੰਗ ਸਾਰ ਲਿਆ ਕਰਦੇ ਸਨ। ਲੋਕਾਂ ਨੂੰ 10-15 ਲਾਵੇ ਲੱਭਣੇ ਪੈਂਦੇ ਹੁੰਦੇ ਸਨ ਇਹ ਲਾਵੇ ਆਪਣੇ ਮਿਹਨਤਾਨੇ ਦੇ ਨਾਲ ਦੋ ਡੰਗ ਦੀ ਰੋਟੀ ਵੀ ਮੰਗਿਆ ਕਰਦੇ ਸਨ। ਲਾਵਿਆਂ ਨੂੰ ਕੱਦੂ ਦੀ ਸਬਜੀ ਨਾਲ ਲੱਸੀ ਦਾ ਬਾਲਟਾ ਤੇ ਉਹਨਾਂ ਨਾਲ ਅੰਬ ਦਾ ਅਚਾਰ - ਸਸਤਾ, ਸਵਾਦ ਤੇ ਸੌਖਾ ਭੋਜਨ। ਭੁੱਖ ਵਿੱਚ ਛੋਲੇ ਵੀ ਬਦਾਮ। ਕਿਸਾਨ ਵੀ ਖੁਸ਼ ਤੇ ਲਾਵੇ ਵੀ ਖੁਸ਼। ਲਾਵੇ ਉਸ ਸਮੇਂ ਪਿੰਡ ਦੇ ਆਦਿਧਰਮੀ ਹੀ ਹੋਇਆ ਕਰਦੇ ਸਨ। ਯੂ. ਪੀ ਤੇ ਬਿਹਾਰ ਦੇ ਭਈਏ ਘੱਟ ਹੁੰਦੇ ਸਨ। ਹੜ੍ਹਾਂ ਦਾ ਪਾਣੀ ਆਉਣ ਨਾਲ ਬਚਨਾ ਬਹੁਤ ਡਰ ਗਿਆ ਸੀ। ਜਿੰਨਾ ਹੋ ਸਕਿਆ ਉਸਨੇ ਕਾਹਲੀ ਕਾਹਲੀ ਸਮਾਨ ਆਪਣੀ ਰੇਹੜੀ ਤੇ ਲੱਦ ਲਿਆ। ਉਸਨੇ ਬਲਦ ਪਹਿਲਾਂ ਹੀ ਉੱਚੀ ਥਾਂ ਤੇ ਬੰਨ੍ਹੇ ਹੋਏ ਸਨ। ਮਸਲਾ ਇੱਕ ਵੱਡੀ ਲੋਹੇ ਦੀ ਪੇਟੀ ਦਾ ਸੀ। ਬਚਨੇ ਤੇ ਉਸਦੀ ਘਰਵਾਲੀ ਨੇ ਵੱਡੀ ਲੋਹੇ ਦੀ ਪੇਟੀ ਪੱਠੇ ਕੁਤਰਨ ਵਾਲੀ ਗੇੜੀ ਨਾਲ ਸੰਗਲ ਲਗਾ ਕੇ ਬੰਨ੍ਹ ਦਿੱਤੀ। ਬਚਨੇ ਨੂੰ ਉਮੀਦ ਸੀ ਕਿ ਘਰਾਂ ਵਿੱਚ ਵੜਿਆ ਪਾਣੀ ਦੋ ਤਿੰਨ ਦਿਨ ਵਿੱਚ ਉੱਤਰ ਜਾਵੇਗਾ ਤੇ ਉਹ ਆਪਣੀ ਬਹੁਮੁੱਲੀ ਪੇਟੀ ਆ ਕੇ ਸੰਭਾਲ ਲਵੇਗਾ। ਘਰ ਨੇੜੇ ਦੀ ਸੜਕ ਉੱਪਰ ਨੂੰ ਅਰਧ ਪਹਾੜੀ ਇਲਾਕੇ ਵੱਲ ਨੂੰ ਜਾਂਦੀ ਸੀ। ਅੱਗੇ ਇਹ ਸੜਕ ਬਚਨੇ ਦੇ ਸਹੁਰੇ ਪਿੰਡ ਨੂੰ ਚਲੀ ਜਾਂਦੀ ਸੀ। ਬਚਨੇ ਦਾ ਸਹੁਰਾ ਪਿੰਡ ਉੱਪਰ ਉੱਚੀ ਥਾਂ ਤੇ ਸੁਰੱਖਿਅਤ ਸੀ। ਜਿਸ ਸਮੇਂ ਬਚਨੇ ਤੇ ਉਸਦੀ ਘਰਵਾਲੀ ਨੇ ਪੇਟੀ ਨੂੰ ਜੰਦਰੇ ਨਾਲ ਚਾਰਾ ਕੁਤਰਣ ਵਾਲੀ ਮਸ਼ੀਨ ਨਾਲ ਬੰਨ੍ਹਿਆ, ਉਸ ਸਮੇਂ ਭੂਰੇ ਹੋਰੀਂ ਉਹਨਾਂ ਨੂੰ ਆਪਣੇ ਅਹਾਤੇ ਵਿੱਚੋਂ ਇੱਕ ਬਿਰਲ ਰਾਹੀਂ ਦੇਖ ਰਹੇ ਸਨ। ਭੂਰੇ ਹੋਰੀਂ ਸੋਚਦੇ ਸਨ ਕਿ ਪਾਣੀ ਦਾ ਪਹਿਲਾ ਉਛਾਲਾ ਥੋੜ੍ਹੇ ਚਿਰ ਲਈ ਹੈ। ਇਸ ਲਈ ਬਚਨੇ ਦੇ ਘਰ ਅੰਦਰ ਵੜ ਕੇ ਸੰਗਲ ਵੱਢ ਕੇ ਪੇਟੀ ਨੂੰ ਕਾਬੂ ਕਰ ਲਿਆ ਜਾਵੇ। ਉਹਨਾਂ ਨੇ ਲੋਹਾ ਕੱਟਣ ਵਾਲੇ ਔਜ਼ਾਰ ਆਪਣੇ ਘਰ ਦੇ ਪਿਛਵਾੜਿਓਂ ਚੁੱਕੇ ਤੇ ਬਚਨੇ ਦੇ ਵਾੜੇ ਵਿੱਚ ਜਾ ਵੜੇ।

ਉਹ ਇੱਕ ਦੂਜੇ ਨੂੰ ਹੱਲਾਸ਼ੇਰੀ ਦੇ ਕੇ ਸੰਗਲ ਤੋੜਨ ਦੀ ਕੋਸਸ਼ਿ ਕਰ ਰਹੇ ਸਨ ਕਿ ਉੱਪਰੋਂ ਪਾਣੀ ਦੀ ਇੱਕ ਵੱਡੀ ਛੱਲ ਆਈ ਤੇ ਦੋਹਾਂ ਭਰਾਵਾਂ ਨੂੰ ਹੜ੍ਹਾ ਕੇ ਲੈ ਗਈ। ਪਾਣੀ ਇੰਨਾ ਆਇਆ ਕਿ ਪਿੰਡ ਦਾ ਨੀਵਾਂ ਪਾਸਾ ਪਾਣੀ ਨਾਲ ਭਰ ਗਿਆ। ਪਿੰਡ ਦਾ ਉੱਚਾ ਪਾਸਾ ਪੂਰਾ ਸੁਰੱਖਿਅਤ ਸੀ। ਪਿੰਡ ਦੇ ਨੀਵੇਂ ਪਾਸੇ ਬੈਠੇ ਗੱਡੀਆਂ ਵਾਲੇ ਵੀ ਜਾਨੀ ਨੁਕਸਾਨ ਤੋਂ ਬਚ ਗਏ ਸਨ ਪਰ ਉਹਨਾਂ ਦੀਆਂ ਚੀਜ਼ਾਂ ਵਸਤਾਂ ਹੜ੍ਹ ਗਈਆਂ ਸਨ। ਜਦ ਚਾਰ ਪੰਜ ਦਿਨਾਂ ਬਾਅਦ ਵਰਖਾ ਘਟੀ ਤਾਂ ਹੜ੍ਹ ਉੱਤਰ ਗਏ। ਸਮਾਜ ਸੇਵੀ ਸੰਸਥਾਵਾਂ ਰਾਹਤ ਦਾ ਸਮਾਨ ਲੈ ਕੇ ਪਹੁੰਚ ਗਈਆਂ। ਲੋਕਾਂ ਨੇ ਤੇ ਇਹਨਾਂ ਸਮਾਜ ਸੇਵੀ ਸੰਸਥਾਵਾਂ ਨੇ ਦੇਖਿਆ ਕਿ ਭੂਰੇ ਹੋਰਾਂ ਦੀਆਂ ਲਾਸ਼ਾਂ ਪਾਣੀ ਉੱਪਰ ਤੈਰ ਰਹੀਆਂ ਸਨ। ਪੁਲਿਸ ਨੇ ਆ ਕੇ ਇਹਨਾਂ ਲਾਸ਼ਾਂ ਨੂੰ ਬਾਹਰ ਕਢਵਾਇਆਂ ਤੇ ਇਹਨਾਂ ਦਾ ਦਾਹ ਸੰਸਕਾਰ ਕਰਵਾਇਆ।

ਹੜ੍ਹ ਠਲ੍ਹਣ ਤੋਂ ਬਾਅਦ ਬਚਨਾਂ ਤੇ ਉਸਦੀ ਘਰਵਾਲੀ ਆਪਣਾ ਘਰ ਦੇਖਣ ਆਏ। ਉਹਨਾਂ ਨੂੰ ਬਹੁਤਾ ਫਿਕਰ ਆਪਣੀ ਪੇਟੀ ਦਾ ਸੀ ਜਿਸ ਵਿੱਚ ਉਸਨੇ ਆਪਣੇ ਗਹਿਣੇ ਤੇ ਪੈਸੇ ਮੋਟੇ ਪਲਾਸਟਿਕ ਦੇ ਲਿਫਾਫਿਆਂ ਵਿੱਚ ਪਾ ਕੇ ਸੰਭਾਲੇ ਹੋਏ



ਅਵਤਾਰ ਐਸ.ਸੰਘਾ
Avtar S. Sangha
Sydney
ਮੋਬਾ:0437641033

ਸਨ। ਸਰਕਾਰ ਦੀ ਨੋਟਬੰਦੀ ਪਾਲਸੀ ਤੋਂ ਬਾਅਦ ਉਹ ਆਪਣੇ ਪੈਸੇ ਘਰ ਹੀ ਰੱਖਦੇ ਹਨ। ਨੋਟਬੰਦੀ ਨੇ ਲੋਕਾਂ ਨੂੰ ਇਨਾ ਖੱਜਲ ਖੁਆਰ ਕੀਤਾ ਸੀ ਕਿ ਲੋਕਾਂ ਦੇ ਮਨਾਂ ਵਿੱਚ ਬੈਂਕਾਂ ਵੀ ਸ਼ੱਕੀ ਬਣਦੀਆਂ ਜਾ ਰਹੀਆਂ ਸਨ। ਜਦ ਉਹ ਆਪਣੇ ਘਰ ਵਾਲੀ ਥਾਂ ਤੇ ਪਹੁੰਚੇ ਤਾਂ ਉਹਨਾਂ ਨੂੰ ਆਪਣੀ ਪੇਟੀ ਵੀ ਨਜ਼ਰ ਨਾ ਆਈ। ਉਹਨਾਂ ਨੂੰ ਪੂਰਾ ਯਕੀਨ ਸੀ ਕਿ ਗੁਆਂਢੀ ਭੂਰੇ ਹੋਰੀਂ ਕੋਈ ਕਾਰਾ ਕੀਤਾ ਹੋਊ ਪਰ ਹੈਰਾਨੀ ਇਹ ਸੀ ਕਿ ਉਹ ਤਾਂ ਖੁਦ ਹੀ ਹੜ੍ਹ ਵਿੱਚ ਰੁੜ੍ਹ ਗਏ ਸਨ। ਕੋਈ ਹੋਰ ਬੰਦਾ ਦੂਰੋਂ ਆ ਕੇ ਚੋਰੀ ਕਰਦਾ - ਇਹ ਅਸੰਭਵ ਸੀ। ਪੇਟੀ ਕਿੱਧਰ ਗਈ ਸੀ - ਇਹ ਬਚਨੇ ਵਾਸਤੇ ਬਿਲਕੁਲ ਬੁਝਾਰਤ ਬਣ ਗਈ। ਕੁਝ ਦਿਨਾਂ ਬਾਅਦ ਸਰਪੰਚ ਪਾਸ ਖਬਰ ਪੁੱਜੀ ਕਿ ਪੇਟੀ ਰਾਮ ਗਲੋਲੀਆਂ ਦੇ ਘਰ ਦੇ ਪਿਛਵਾੜੇ ਥੋੜ੍ਹੇ ਡੂੰਗੇ ਪਾਣੀ ਵਿੱਚ ਪਈ ਸੀ।ਇਸਦਾ ਮਤਲਬ ਇਹ ਕਿ ਭੂਰੇ ਹੋਰੀਂ ਸੰਗਲ ਤਾਂ ਕੱਟ ਦਿੱਤਾ ਹੋਊ ਪਰ ਜਦੋਂ ਖਿੱਚਣ ਲੱਗੇ ਹੋਊ ਉਦੋਂ ਉੱਪਰੋਂ ਪਾਣੀ ਆ ਗਿਆ ਹੋਊ। ਸਰਪੰਚ ਨੇ ਹੁਸ਼ਿਆਰੀ ਵਰਤ ਕੇ ਆਪਣੇ ਲੜਕੇ ਨੂੰ ਨਾਲ ਲੈ ਕੇ ਪੇਟੀ ਖਿੱਚ ਕੇ ਕਾਬੂ ਕਰ ਲਈ। ਦੋ ਤਿੰਨ ਰਾਹਗੀਰਾਂ ਨੇ ਸਰਪੰਚ ਨਾਲ ਸਤਿ ਸ਼੍ਰੀ ਅਕਾਲ ਸਾਂਝੀ ਵੀ ਕੀਤੀ ਪਰ ਉਹਨਾਂ ਨੂੰ ਪਤਾ ਹੀ ਨਾ ਲੱਗਿਆ ਕਿ ਸਰਪੰਚ ਛੱਪੜ ਵਿੱਚ ਬਾਸਮਤੀ ਦੀ ਪਰਾਲੀ ਭਿਓਂ ਰਿਹਾ ਸੀ ਜਾਂ ਪੇਟੀ ਕੱਢ ਰਿਹਾ ਸੀ। ਪਰਾਲੀ ਦੀਆਂ ਬੇੜਾਂ ਵੱਟ ਕੇ ਪਛੇਤੀ ਕਣਕ ਦੀਆਂ ਭਰੀਆਂ ਬੰਨ੍ਹਣੀਆਂ ਸਨ। ਸਰਪੰਚ ਨੇ ਪੇਟੀ ਚਕਾ ਕੇ ਟਰੈਕਟਰ ਦੀ ਟਰਾਲੀ ਤੇ ਲੱਦੀ। ਪਰਾਲੀ ਹੇਠ ਲਗਵਾਈ ਤੇ ਆਪਣੀ ਟਰਾਲੀ ਆਪਣੀ ਹਵੇਲੀ ਵੱਲ ਲੈ ਗਿਆ। ਕੁਝ ਚੀਜ਼ਾਂ ਦੂਰੋਂ ਹੜ੍ਹ ਕੇ ਪਿੰਡ ਦੇ ਛੱਪੜ ਵਿੱਚ ਪਹੁੰਚ ਗਈਆਂ ਸਨ। ਇਹਨਾਂ ਵਿੱਚ ਟਾਹਲੀ ਦੀ ਕਾਲੀ ਸ਼ਿਆਹ ਲੱਕੜੀ ਦਾ ਇੱਕ ਮੇਛਾ ਸੀ ਜਿਹੜਾ ਜਿਆਦਾ ਭਾਰਾ ਹੋਣ ਕਰਕੇ ਤੇ ਅੱਕਾਂ ਵਿੱਚ ਫਸਣ ਕਰਕੇ ਪਾਣੀ ਉੱਪਰ ਨਹੀਂ ਤੈਰਿਆ ਸੀ। ਸਰਪੰਚ ਨੇ ਕਿਸੇ ਨੂੰ ਪਤਾ ਨਾ ਲੱਗਣ ਦਿੱਤਾ। ਇਹ ਵੀ ਚੁੱਕਿਆ ਤੇ ਟਰਾਲੀ ਤੇ ਲੱਦੀ ਪਰਾਲੀ ਹੇਠ ਛੁਪਾ ਲਿਆ। ਜੋ ਰਾਹਤ ਸਰਕਾਰ ਨੇ ਪਿੰਡ ਵਾਸਤੇ ਭੇਜੀ ਸੀ ਉਹ ਵੀ ਪੰਚਾਇਤ ਨੇ ਬੜੀ ਘੱਟ ਮਾਤਰਾ ਵਿੱਚ ਹੜ੍ਹ ਪੀੜ੍ਹਤਾਂ ਤੱਕ ਪਹੁੰਚਾਈ। ਪਤਾ ਲੱਗਾ ਸੀ ਕਿ ਗੱਡੀਆਂ ਵਾਲਿਆਂ ਦਾ ਕੁਝ ਸਮਾਨ ਵੀ ਪੰਚਾਇਤ ਦੇ ਹੱਥ ਲੱਗ ਗਿਆ ਸੀ। ਇਹਦੇ ਵਿੱਚੋਂ ਵੀ ਮਸਾਂ ਅੱਧਾ ਕੁ ਸਮਾਨ ਉਹਨਾਂ ਨੂੰ ਵਾਪਸ ਕੀਤਾ। ਪੰਚਾਇਤ ਇਵੇਂ ਅਕਸਰ ਹੀ ਕਰਦੀ ਆਈ ਸੀ। ਪਿਛਲੇ ਸਾਲ ਕਣਕ ਦੀ ਫਸਲ ਭਾਰੀ ਵਰਖਾ ਨਾਲ ਤਬਾਹ ਹੋ ਗਈ ਸੀ। ਸਰਕਾਰ ਨੇ ਪਿੰਡਾਂ ਲਈ ਖਰਾਬੇ ਦੇ ਪੈਸੇ ਭੇਜੇ ਸਨ। ਇਹ ਪੈਸੇ ਵੀ ਚੰਦ ਚਲਦੇ ਪੁਰਜੇ ਬੰਦੇ ਲੈ ਗਏ ਸਨ। ਗਰੀਬ ਤਬਕਾ ਇਹਨਾਂ ਤੋਂ ਰਹਿ ਹੀ ਗਿਆ ਸੀ। ਜਿੰਨੀ ਵਾਰੀ ਵੀ ਪਿੰਡ ਤੇ ਭਾਰੀ ਪਈ ਪੰਚਾਇਤ ਆਪਣੀ ਮੀਟਿੰਗ ਬੁਲਾ ਕੇ ਇਸ ਤੇ ਵਿਚਾਰ ਕਰਦੀ ਰਹੀ। ਪੰਚਾਇਤ ਮੈਂਬਰ ਅਕਸਰ ਆਪਣਾ ਤੇ ਆਪਣੇ ਖਾਸ ਖਾਸ ਬੰਦਿਆਂ ਦਾ ਪੇਟ ਪਾਲਦੇ ਰਹੇ। ਗਰੀਬ ਜਨਤਾ ਉਵੇਂ ਦੀ ਉਵੇਂ ਰਹਿੰਦੀ ਰਹੀ, ਬਲਕਿ ਗਰੀਬ ਲੋਕ ਹੋਰ ਗਰੀਬ ਹੁੰਦੇ ਗਏ। ਆਖਰਕਾਰ ਸਧਾਰਨ ਲੋਕ ਆਪਣੀਆਂ ਜੱਦੀ ਜਾਇਦਾਦਾਂ ਕੌਡੀਆਂ ਦੇ ਭਾਅ ਵੇਚ ਕੇ, ਟਰੈਵਲ ਏਜੈਂਟਾਂ ਦੇ ਹੱਥੇ ਚੜ੍ਹ ਕੇ, ਬਾਹਰ ਨੂੰ ਦੌੜਨ ਲੱਗ ਪਏ।ਕਰਜ਼ਈ ਕਿਸਾਨ ਆਤਮ ਹੱਤਿਆਵਾਂ ਕਰਦੇ ਰਹੇ। ਰਹਿੰਦਾ ਖੂੰਹਦਾ ਦੀਵਾਲਾ ਨਸਿਆਂ ਨੇ ਕੱਢ ਦਿੱਤਾ। ਨੇਤਾ ਖੁਦ ਨਸ਼ਿਆਂ ਦਾ ਧੰਦਾ ਕਰਦੇ ਰਹੇ। ਸਰਕਾਰਾਂ ਦੀ ਹੜ੍ਹ ਨੀਤੀ ਬਾਰੇ ਸੁਣ ਲਓ। ਨਾ ਕਦੀ ਡੈਮਾਂ ਨੂੰ ਚੱਜ ਨਾਲ ਮੁਰੰਮਤ ਕਰਵਾਇਆ ਜਾਂਦਾ ਤੇ ਨਾ ਹੀ ਦਰਿਆਵਾਂ ਦੇ ਮੱਧ ਵਿੱਚੋਂ ਰੇਤ ਚੁੱਕ ਕੇ ਉਹਨਾਂ ਨੂੰ ਡੂੰਘਾ ਕੀਤਾ ਜਾਂਦਾ ਏ। ਦਰਿਆਵਾਂ ਦਾ ਮੱਧ ਆਲੇ ਦੁਆਲੇ ਦੇ ਖੇਤਾਂ ਤੋਂ ਉੱਚਾ ਹੋ ਰਿਹਾ ਹੈ। ਚੋਰੀ ਛਿਪੇ ਟਿੱਪਰ ਦੌੜੇ ਦੌੜੇ ਆਉਂਦੇ ਹਨ ਤੇ ਦਰਿਆਵਾਂ ਦੇ ਕੰਢਿਆਂ ਤੋਂ ਮਾਈਨਿੰਗ ਕਰਕੇ ਦੌੜ ਜਾਂਦੇ ਹਨ।"ਗਿਰਝਾਂ ਗਾਲੜ ਦੇਵਣ ਦਾਦ, ਉੱਲੂ ਗਾਉਣ ਬਸੰਤ ਬਹਾਰ।"

"ਬਾਈ ਜੀ, ਭਾਖੜਾ ਡੈਮ ਬਾਰੇ ਕੁਝ?" ਸੱਥ ਚ ਬੈਠੇ ਸੇਵਾ ਮੁਕਤ ਬੈਂਕ ਮੈਨੇਜਰ ਧਨੋਆ ਸਾਹਿਬ ਨੇ ਰਾਮ ਸਿੰਘ ਨੂੰ ਸਵਾਲ ਪੁੱਛ ਲਿਆ।

"ਕਹਿੰਦੇ, ਬਣਵਾਇਆ ਤਾਂ ਅਮਰੀਕਾ ਦੇ ਇੱਕ ਇੰਜੀਨੀਅਰ ਨੇ ਸੀ। ਨਾਮ ਮੈਨੂੰ ਭੁੱਲ ਗਿਆ।"

"ਬਾਈ ਜੀ, ਉਹਦਾ ਨਾਮ ਸਲੋਕਮ ਸੀ।"

"ਤੁਸੀਂ ਠੀਕ ਫਰਮਾਇਆ। ਉਸਨੇ ਡੈਮ ਦੀ ਮਨਿਆਦ 100 ਸਾਲ ਕਹੀ ਸੀ। 100 ਸਾਲ ਹੋਣ ਵਾਲੇ ਹਨ। ਇਹ ਡੈਮ ਸਰ ਛੋਟੂ ਰਾਮ ਦੇ ਦਿਮਾਗ ਦੀ ਉਪਜ ਸੀ। ਸੁਣਿਐ ਸਭ ਤੋਂ ਪਹਿਲਾਂ ਉਸਨੇ ਬਿਲਾਸਪੁਰ ਦੇ ਰਾਜੇ ਨਾਲ 1944 ਵਿੱਚ ਡੈਮ ਬਾਰੇ ਇਕਰਾਰਨਾਮੇ ਤੇ ਦਸਤਖਤ ਕੀਤੇ ਤੇ ਕਰਵਾਏ ਸਨ। ਡੈਮ 1948 ਵਿੱਚ ਬਣਨਾ ਸ਼ੁਰੂ ਹੋ ਗਿਆ ਸੀ। ਕਹਿੰਦੇ, ਨਹਿਰੂ ਨੇ ਕੰਕਰੀਟ ਦੀ ਪਹਿਲੀ ਬਾਲਟੀ ਦਰਿਆ ਵਿੱਚ ਡੈਮ ਵਾਲੀ ਥਾਂ ਤੇ ਸੁੱਟ ਕੇ ਇਸ ਨੂੰ ਸ਼ੁਰੂ ਕਰਵਾਇਆ ਸੀ। ਡੈਮ 1963 ਤੱਕ ਬਣ ਕੇ ਪੂਰਾ ਹੋ ਗਿਆ ਸੀ। ਸਰਕਾਰ ਨੂੰ ਡੈਮ ਦੀ ਮੁਰੰਮਤ ਵੱਲ ਉਚੇਚਾ ਧਿਆਨ ਦੇਣਾ ਚਾਹੀਦਾ ਏ। ਜਦ ਹੜ੍ਹ ਆਉਂਦੇ ਹਨ ਤਾਂ ਸਰਕਾਰਾਂ ਮਾੜੀਆਂ ਮਾੜੀਆਂ ਜਾਗਦੀਆਂ ਹਨ। ਨੇੜੇ ਆਈ ਜੰਝ ਵਿੰਨ੍ਹੋ ਕੁੜੀ ਦੇ ਕੰਨ। ਲੋਕ ਡੁੱਬਣੇ ਸ਼ੁਰੂ ਹੋ ਜਾਂਦੇ ਹਨ ਤੇ ਸਰਕਾਰ ਹੈਲੀਕਾਪਟਰ ਤੇ ਬੈਠ ਕੇ ਪਾਣੀ ਦੀਆਂ ਛੱਲਾਂ ਦੇ ਨਜ਼ਾਰੇ ਦੇਖ ਕੇ ਮਗਰਮੱਛ ਦੇ ਹੰਝੂ ਵਹਾਉਣ ਲੱਗ ਪੈਂਦੀ ਏ। ਤੁਸੀਂ ਸਾਰੇ ਤਾਂ ਬਹੁਤ ਪੜ੍ਹੇ ਲਿਖੇ ਹੋ। ਵੱਡੀਆਂ ਵੱਡੀਆਂ ਨੌਕਰੀਆਂ ਤੋਂ ਸੇਵਾ ਮੁਕਤ ਹੋ ਕੇ ਇਸ ਦੇਸ਼ ਵਿੱਚ ਆਪਣੇ ਬੱਚਿਆਂ ਪਾਸ ਆਏ ਹੋਏ ਹੋ। ਸੁਣਿਐ, ਡੈਮ ਨੂੰ ਮੁਰੰਮਤ ਕਰਨ ਵਾਲਾ ਵੀ ਕੋਈ ਪ੍ਰੋਜੈਕਟ ਹੁੰਦਾ ਏ। ਮੈਨੂੰ ਨਾਮ ਯਾਦ ਨਹੀਂ ਆ ਰਿਹਾ-----।"

"ਬਾਈ ਜੀ, ਉਹ ਡਰਿਪ (DRIP) ਹੁੰਦਾ ਏ",ਦਰਸ਼ਕਾਂ 'ਚ ਬੈਠੇ ਇੱਕ ਸਰਦਾਰ ਜੀ ਬੋਲੇ। ਉਹ ਕਿਸੇ ਡੈਮ ਤੋਂ ਹੀ ਸੇਵਾ ਮੁਕਤ ਹੋਏ ਸਨ।

"ਇਸ ਦਾ ਕੀ ਭਾਵ?" ਇੱਕ ਹੋਰ ਬੋਲ ਪਿਐ।

"ਡਰਿੱਪ ਦਾ ਪੂਰਾ ਮਤਲਬ ਏ - (The Dam Rehabilitation and Improvement Project." ਉਹੀ ਸਰਦਾਰ ਜੀ ਫਿਰ ਬੋਲ ਪਏ। ਰਾਮ ਸਿੰਘ ਨੇ ਇੱਕਦਮ ਹੁੰਗਾਰਾ ਭਰ ਦਿੱਤਾ, "ਹਾਂ, ਹਾਂ, ਇਹੀ ਹੁੰਦਾ ਏ। ਇਸਦਾ ਕੰਮ ਡੈਮ ਦੀ ਸਮੇਂ ਸਮੇਂ ਤੇ ਦੇਖਭਾਲ ਕਰਨੀ ਹੁੰਦਾ ਏ। ਡੈਮ ਚੋਂ ਗਾਰ ਕੱਢਣੀ ਹੁੰਦਾ ਏ। ਇਹ ਵੀ ਤਾਂ ਹੀ ਕੰਮ ਕਰੂ ਜੇ ਇਹਨੂੰ ਕੋਈ ਸਰਕਾਰ ਚੋਂ ਕਹੂ। ਜੇ ਫੱਟਾ ਸਾਹ ਦੇਊ ਤਾਂਹੀ ਬਾਜ਼ੀਗਰ ਛਾਲ ਮਾਰੂ।"

ਇੰਨਾ ਕੁਝ ਕਹਿ ਕੇ ਰਾਮ ਸਿੰਘ ਮਾਈਕ ਤੋਂ ਪਰੇ ਹੋਣ ਹੀ ਲੱਗਾ ਸੀ ਤਾਂ ਸੱਥ ਵਿੱਚੋਂ ਸੂਬੇਦਾਰ ਵਰਿਆਮ ਸਿੰਘ ਬੋਲ ਪਿਆ, "ਬਾਈ ਜੀ, ਜੇ ਪੇਟੀ ਲੋਕਾਂ ਦੇ ਸਾਹਮਣੇ ਵੀ ਆ ਜਾਂਦੀ ਫਿਰ ਉਹਦੇ ਮਾਲਕ ਦੀ ਸ਼ਨਾਖਤ ਕਿਵੇਂ ਹੁੰਦੀ? ਪੰਚਾਇਤ ਕਿਵੇਂ ਫੈਸਲਾ ਕਰਦੀ ਕਿ ਪੇਟੀ ਕਿਹਨੂੰ ਦਿੱਤੀ ਜਾਵੇ?"

"ਸੂਬੇਦਾਰਾ ਫੈਸਲੇ ਕਰਨੇ ਬਹੁਤ ਔਖੇ ਨਹੀਂ ਹੁੰਦੇ। ਨੀਤ ਸਾਫ ਹੋਣੀ ਚਾਹੀਦੀ ਏ। ਸਾਰਾ ਮਸਲਾ ਵੋਟਾਂ ਲੈਣ ਦਾ ਹੀ ਹੁੰਦਾ ਏ। ਵੋਟਾਂ ਤੋਂ ਬਾਅਦ ਤੂੰ ਕੌਣ ਤੇ ਮੈਂ ਕੌਣ। ਨੇਤਾ ਦੱਸ ਦੇ ਕਸਤੂਰੀ ਹਨ, ਵੇਚਦੇ ਹਿੰਗ ਹਨ। ਉਦਾਂ ਪਾਣੀ ਨੂੰ 'ਪਿਤਾ' ਕਹੀ ਜਾਣਗੇ। ਆਪਣੇ ਸਵਾਰਥ ਲਈ ਬਣਾਉਟੀ ਹੜ੍ਹ ਛੱਡ ਕੇ ਤਬਾਹੀ ਦੇ ਮੰਜ਼ਰ ਖੜ੍ਹੇ ਕਰ ਦੇਣਗੇ।"

"ਬਾਈ ਜੀ, ਮੰਨ ਲਓ, ਤੁਸੀਂ ਸਰਪੰਚ ਹੁੰਦੇ, ਤੁਸੀਂ ਪੇਟੀ ਦੇ ਮਾਲਕ ਦੀ ਸ਼ਨਾਖਤ ਕਿਵੇਂ ਕਰਦੇ? ਕੀ ਸ਼ਨਾਖਤ ਨਾ ਹੋਣ ਦੀ ਸੂਰਤ ਵਿੱਚ ਪੇਟੀ ਮਾਲਖਾਨੇ ਜਮ੍ਹਾ ਕਰਵਾ ਦਿੰਦੇ?" ਸੂਬੇਦਾਰ ਫਿਰ ਬੋਲ ਪਿਆ।

"ਸੂਬੇਦਾਰਾ, ਕਿਉਂ ਬੱਚਿਆਂ ਵਾਲੀਆਂ ਗੱਲਾਂ ਕਰਦੇ ਹੋ? ਜੇ ਮੈਂ ਸਰਪੰਚ ਹੁੰਦਾ ਤਾਂ

ਮੈਂ ਦੇਖਦਾ ਕਿ ਕੌਣ ਕੌਣ ਆਪਣੇ ਆਪ ਨੂੰ ਮਾਲਕ ਕਹਿੰਦਾ ਏ।ਫਿਰ ਮੈਂ ਕਹਿੰਦਾ 'ਜਿਹੜਾ ਬੰਦਾ ਪੇਟੀ ਵਿੱਚ ਸਮਾਨ ਚੋਂ ਅੱਧਾ ਪਚੱਧਾ ਸਮਾਨ ਦਾ ਨਾਮ ਵੀ ਦੱਸ ਦੇਵੇ, ਪੇਟੀ ਉਹਦੀ ਹੋਣੀ ਸੀ। ਇੰਜ ਕਰਨ ਨਾਲ ਝੂਠ ਸੱਚ ਦੀ ਇੱਕਦਮ ਪਰਖ ਹੋ ਜਾਣੀ ਸੀ।ਦਿਲ ਚੰਗਾ ਤਾਂ ਕਟੋਰੇ ਵਿੱਚ ਗੰਗਾ।"

"ਗੱਲ ਬਾਈ ਜੀ ਠੀਕ ਏ। ਚਾਹੀਦਾ ਇਵੇਂ ਹੀ ਸੀ। ਬਾਈ ਫਿਰ ਵੀ ਪੂਰਾ ਹੰਢਿਆ ਬੰਦਾ ਏ", ਕਈਆਂ ਨੇ ਬਾਈ ਦਾ ਪੱਖ ਲੈ ਕੇ ਸੂਬੇਦਾਰ ਨੂੰ ਚੁੱਪ ਕਰਾ ਦਿੱਤਾ।

ਇੰਨੇ ਚਿਰ ਨੂੰ ਰਲਾ ਸਿੰਘ ਵੀ ਬੋਲ ਪਿਆ, "ਸਕੱਤਰ ਸਾਹਿਬ ਮੈਨੂੰ ਵੀ ਆਪਣੇ ਪਿੰਡ ਦੀ ਇੱਕ ਪੁਰਾਣੀ ਘਟਨਾ ਯਾਦ ਆ ਗਈ। ਕੀ ਮੈਂ ਵੀ ਆਪਣੀ ਗੱਲ ਕਰ ਲਵਾਂ ?"

"ਕਿਉਂ ਨਹੀਂ, ਬਾਈ ਜੀ। ਤੁਸੀਂ ਤਾਂ ਹੁਣ 85 ਟੱਪ ਗਏ ਲਗਦੇ ਹੋ। ਤੁਹਾਨੂੰ ਤਾਂ ਪੁਰਾਣੀਆਂ ਬਥੇਰੀਆਂ ਗੱਲਾਂ ਯਾਦ ਹੋਣਗੀਆਂ। ਹੋ ਜਾਵੇ ਫਿਰ ਕੋਈ ਕਰਾਰੀ ਕਰਾਰੀ ਪੁਰਾਣੀ ਯਾਦ ਸਾਂਝੀ", ਸਕੱਤਰ ਨੇ ਸਭ ਨੂੰ ਬਾਈ ਰਲਾ ਸਿੰਘ ਦੀ ਗੱਲ ਸੁਣਨ ਲਈ ਤਿਆਰ ਕਰ ਲਿਆ, "ਕੀ ਬੈਠੇ ਬੈਠੇ ਹੀ ਬੋਲੋਗੇ ਜਾਂ ਉੱਠ ਕੇ ਮੂਹਰੇ ਆਓਗੇ ?"

---------------- "ਜੋਰਾ ਸਿੰਹਾ, ਮੈਥੋਂ ਮਾਈਕ ਮੂਹਰੇ ਨਹੀਂ ਖੜ੍ਹ ਹੋਣਾ। ਮੈਂ ਮੂਹਰੇ ਆ ਕੇ ------------- ਕੁਰਸੀ ਤੇ ਬੈਠ ਜਾਂਦਾ ਹਾਂ। ------------ ਤੁਸੀਂ ਮਾਈਕ ---------- ਮੇਰੇ ਮੂਹਰੇ ਸੈੱਟ ਕਰ ਦਿਓ। ਮੈਂ ਬੈਠਾ ਬੈਠਾ---------- ਹੀ ਬੋਲਾਂਗਾ।"

"ਬਹੁਤ ਅੱਛਾ, ਬਾਈ ਜੀ, ਆ ਜਾਓ।"

ਰਲਾ ਸਿੰਘ ਸੋਟੀ ਨਾਲ ਤੁਰਦਾ ਮੂਹਰੇ ਨੂੰ ਆ ਗਿਆ ਤੇ ਆ ਕੇ ਮਾਈਕ ਦੇ ਮੂਹਰੇ ਕੁਰਸੀ ਤੇ ਬੈਠ ਗਿਆ। ਕਹਿਣ ਲੱਗਾ, "ਵੀਰੋ ਤੇ ਭੈਣੋ, ਮੈਨੂੰ ਸ. ਰਾਮ ਸਿੰਘ ਦੇ ਪਿੰਡ ਮਹਿਲਾਂ ਮਾਜਰੀ ਤੋਂ ਆਪਣਾ ਪਿੰਡ ---------- ਮੈਹਲੇ ਮਾਜਰਾ ਯਾਦ ਆ ਗਿਆ। ਮੈਂ ਪੁਆਧ ਦੇ ਉਸ ਇਲਾਕੇ ਤੋਂ ਹਾਂ ਜਿੱਥੇ ਚੰਡੀਗੜ੍ਹ ਸ਼ਹਿਰ ਵਸਿਆ ਹੋਇਆ ਏ। ਇਹ ਖੂਬਸੂਰਤ ਸ਼ਹਿਰ ---------- 1950 ਵਿੱਚ 28 ਪਿੰਡ ਉਜਾੜ ਕੇ ਬਣਿਆ ਸੀ। ਅੱਜ ਦੀ ਪੀ.ਜੀ.ਆਈ ਦੀ ਥਾਂ ਤੇ ਵਸਦਾ ਰਸਦਾ ਪਿੰਡ ਸ਼ਹਿਜਾਦਪੁਰ ਹੁੰਦਾ ਸੀ। ਸਭ ਤੋਂ ਪਹਿਲਾਂ 19 ਸੈਕਟਰ ਦੀ ਥਾਂ ਤੇ ---------- ਵਸਿਆ ਹੋਇਆ ਪਿੰਡ ਨਗਲਾ ਉਜਾੜ ਕੇ ਇੱਥੇ ਚੰਡੀਗੜ੍ਹ ਦੀ ਪਲਾਨਿੰਗ ਕਰਨ ਵਾਲੇ ਫਰਾਂਸੀਸੀ ਕਾਰੀਗਰ ਕਾਰਬੂਜ਼ੀਏ ਨੇ ---------- ਆਪਣਾ ਦਫਤਰ ਬਣਾਇਆ ਸੀ। ਇੱਥੇ ਹੀ 1952 ਵਿੱਚ ਪਹਿਲਾਂ ਬੱਸ ਅੱਡਾ ਤੇ ਪਹਿਲਾ ---------- ਡਾਕਖਾਨਾ ਬਣਿਆ ਸੀ। ਕਾਰਬੂਜ਼ੀਏ ਨੂੰ ਬੱਸ ਅੱਡੇ ਤੇ ਡਾਕਖਾਨੇ ਦੀ ਆਪ ਵੀ ਬਹੁਤ ਜਰੂਰਤ ਹੋਇਆ ਕਰਦੀ ਸੀ। ਉਦੋਂ ਇਸ ਪ੍ਰਕਾਰ ਦੀਆਂ ਸੇਵਾਵਾਂ ---------- ਅਤਿ ਜਰੂਰੀ ਸੇਵਾਵਾਂ ਵਿੱਚੋਂ ਹੁੰਦੀਆਂ ਸਨ। ਸੈਕਟਰ 17 ਤੇ ਸੈਕਟਰ 22 ਪਿੰਡ ---------- ਰੁੜਕੀ ਪੜਾਓ ਤੇ ਕਾਲੀਬੜ ਉਜਾੜ ਕੇ ਬਣੇ ਸਨ। ਸੈਕਟਰ 17 ਵਿੱਚ ---------- ਨੀਲਮ ਸਿਨਮਾ ਦੀ ਥਾਂ ਤੇ ਇੱਕ ਕਿਸਾਨ ਬਸਤਾ ਸਿੰਘ ਦੇ ਖੇਤ ਹੋਇਆ ਕਰਦੇ ਸਨ। ਸੁਖਨਾ ਝੀਲ ਦੀ ਥਾਂ ਤੇ ---------- ਭੰਗੀ ਮਾਜਰਾ ਹੁੰਦਾ ਸੀ ਤੇ ਇੱਥੇ ਦਾ ਵਰਿਆਮੇ ਦਾ ਛੱਪੜ ਬੜਾ ਮਸ਼ਹੂਰ ਹੁੰਦਾ ਸੀ। ਹੁਣ ਵਾਲ਼ੇ ਸੈਕਟਰ 2 ਤੇ 3 ਦੀ ਥਾਂ ਤੇ ਪਿੰਡ ---------- ਮੈਹਲੇ ਮਾਜਰਾ ਹੁੰਦਾ ਸੀ। ਹੁਣ ਇੱਥੇ ਸਕੱਤਰੇਤ ਏ ---------- ਤੇ ਵੱਡੇ ਵੱਡੇ ਰਾਜਨੇਤਾਵਾਂ ਦੀਆਂ ਰਿਹਾਇਸ਼ਾਂ ਹਨ। ਕੇਂਦਰ ਵਿੱਚ ਨਹਿਰੂ ਦੀ ਸਰਕਾਰ ਸੀ ਤੇ ਪੰਜਾਬ ਵਿੱਚ ---------- ਕੈਰੋਂ ਦੀ। ਜਦ ਇਹ ਪਿੰਡ ਉਜਾੜੇ ਗਏ ਉਦੋਂ ---------- ਨਾ ਤਾਂ ਸਰਕਾਰ ਨੇ ਕੋਈ ਰਸਤਿਆਂ ਦਾ, ਨਾ ਛੱਪੜਾਂ ਦੀਆਂ ਥਾਵਾਂ ਦਾ ਤੇ ਨਾ ਹੀ ਸ਼ਾਮਲਾਟਾਂ ਦਾ ਕੋਈ ਮੁਆਵਜ਼ਾ ਦਿੱਤਾ। ਲੋਕਾਂ ਨੂੰ ਘਰਾਂ ਦੀਆਂ ਕੀਮਤਾਂ ਵੀ ---------- ਮਾੜੀਆਂ ਮੋਟੀਆਂ ਹੀ ਦਿੱਤੀਆਂ ਗਈਆਂ। ਸਭ ਨੂੰ ਘਰ ਛੱਡਣ ਲਈ ਮਜਬੂਰ ਕਰ ਦਿੱਤਾ ਗਿਆ। ਸਾਨੂੰ ---------- ਨਾਲ ਲਗਦੇ ਮਨੀਮਾਜਰੇ ਦੇ ਨੇੜੇ ਨਿੱਕੇ ਨਿੱਕੇ ਜ਼ਮੀਨ ਦੇ ਪਲਾਟ ਦੇ ਦਿੱਤੇ। ਸਾਡੀ ਜਮੀਨ ---------- ਭੰਗ ਦੇ ਭਾਅ ਅਕਵਾਇਰ ਕਰ ਲਈ ਗਈ। ਅੱਜ ਇਸ ਥਾਂ ਤੇ ਮੁੱਖ ਮੰਤਰੀ ਤੇ ਹੋਰ ਰਾਜਨੇਤਾਵਾਂ ਦੀਆਂ ਰਿਹਾਇਸ਼ਾਂ ---------- ਤੇ ਨਿਆਂ ਦੇਣ ਦਾ ਵੱਡਾ ਅਦਾਰਾ ਸਕੱਤਰੇਤ ਹੈ। ਇਸਨੂੰ ਮਜ਼ਾਕ ਨਾ ਕਿਹਾ ਜਾਵੇ ---------- ਤਾਂ ਹੋਰ ਕੀ ਏ ? ਮੈਨੂੰ ਉੱਠ ਕੇ ਤੁਹਾਡੇ ਸਾਹਮਣੇ ਇਸ ਲਈ ਆਉਣਾ ਪਿਆ ਕਿਉਂਕਿ ਮੇਰਾ ਸਾਥੀ ---------- ਰਾਮ ਸਿੰਘ ਵੀ ਪੰਜਾਬ ਦੇ ਇਸੇ ਪ੍ਰਕਾਰ ਦੇ ਨਾਮ ਦੇ ਕਿਸੇ ਪਿੰਡ ਦਾ ਰਹਿਣ ਵਾਲਾ ਏ। ਜਦ ਉਸਨੇ ਆਪਣੇ ਪਿੰਡ ਦਾ ਨਾਮ ਮਹਿਲਾਂ ਮਾਜਰੀ ਦੱਸਿਆ ---------- ਤਾਂ ਮੇਰੇ ਮਨ ਵਿੱਚ ਵੀ ਇਕਦਮ ਖਿਆਲ ਆ ਗਿਆ ਕਿ ---------- ਮੈਂ ਵੀ ਦੇਸ਼ ਦੇ ਰਾਜਨੇਤਾਵਾਂ ਦੇ ਪਾਜ ਖੋਲਾਂ। ਸਾਨੂੰ ਸਿਰਫ 1952 ਵਿੱਚ ਹੀ ਨਹੀਂ ਉਜਾੜਿਆ ਗਿਆ ---------- ਸਾਡੇ ਨਾਲ 1966 ਵਿੱਚ ਵੀ ਬਹੁਤ ਬੁਰੀ ਹੋਈ। ਜਿੱਥੇ ਸਾਨੂੰ ਆਬਾਦ ਕੀਤਾ ਗਿਆ ਸੀ ਉਹ ਥਾਂ 1966 ਵਿੱਚ ---------- ਹਰਿਆਣਾ ਬਣਨ ਨਾਲ ਹਰਿਆਣਾ ਵਿੱਚ ਆ ਗਿਆ। ਫਿਰ ਸਾਨੂੰ ਉਜਾੜ ਕੇ ਉਸ ਪਾਸੇ ਪਲਾਟ ਦਿੱਤੇ ਜਿੱਧਰ ਪੰਜਾਬ ਦਾ ਇਲਾਕਾ ਸੀ। ਇਸ ਪ੍ਰਕਾਰ ਅਸੀਂ ---------- ਜੀਵਨ ਵਿੱਚ ਉੱਜੜਦੇ ਪੁੱਜੜਦੇ ਹੀ ਰਹੇ। ਸਿਆਸੀ ਲੋਕ ਸਾਨੂੰ ਮੋਹਰਾ ਬਣਾ ਕੇ ਆਪਣੀਆਂ ਸਿਆਸੀ ਰੋਟੀਆਂ ਸੇਕਦੇ ਰਹੇ ---------- ਵਾਹਿਗੁਰੂ ਨੇ ਸਾਡੀ ਸਾਰ ਜਰੂਰ ਲਈ ਏ ---------- ਆਖਰ ਕਾਰ ਘੁੰਮਦੇ ਘੁੰਮਦੇ ਅਸੀਂ ਸਿਡਨੀ ਪਹੁੰਚ ਗਏ ਹਾਂ। ਜੋ ਵਾਅਦੇ ---------- ਨਹਿਰੂ ਤੇ ਗਾਂਧੀ ਨੇ ਸਾਡੇ ਨਾਲ ਸਨ 47 ਵਿੱਚ ਕੀਤੇ, ਉਹ ਵੀ ਪੂਰੇ ਨਾ ਕੀਤੇ ਗਏ। ਇਨਾ ਕੁਝ ਕਹਿੰਦਾ ਹੋਇਆ ---------- ਖਿਮਾ ਦਾ ਜਾਚਕ ਹਾਂ।"

ਸੂਬੇਦਾਰ ਨੇ ਰਲਾ ਸਿੰਘ ਨੂੰ ਵੀ ਸਵਾਲ ਕਰ ਦਿੱਤਾ, "ਬਾਈ ਜੀ, ਤੁਸੀਂ ਤਾਂ ਫਿਰ ਸਾਰੀ ਜ਼ਿੰਦਗੀ ਚੰਡੀਗੜ੍ਹ ਹੀ ਰਹੇ ਹੋਵੋਗੇ। ਸ਼ਹਿਰ ਦੇ ਵਸਣ ਵੇਲੇ ਦੀ ਕੋਈ ਹੋਰ ਗੱਲ ਵੀ ਸੁਣਾ ਜਾਓ।"

ਰਲਾ ਸਿੰਘ ਉੱਠਦਾ ਉੱਠਦਾ ਫਿਰ ਬੈਠ ਗਿਆ ਤੇ ਕਹਿਣ ਲੱਗਾ, "ਜਿੱਥੇ ਪੰਜਾਬ ਯੂਨੀਵਰਸਿਟੀ ਏ ਉੱਥੇ ਪਿੰਡ ---------- ਕਾਂਜੀ ਮਾਜਰਾ ਹੁੰਦਾ ਸੀ। ਜੇ ਤੁਸੀਂ ਹੁਣ ਵੀ 19 ਸੈਕਟਰ ਦੇ ਟੈਕਸੀ ਸਟੈਂਡ ਤੇ ਜਾਓ ਤਾਂ ਦੇਖੋਗੇ ਕਿ ਡਰਾਈਵਰਾਂ ਨੇ ---------- ਅਜੇ ਤੱਕ ਵੀ ਉਸਦਾ ਨਾਮ ਨਾਗਲਾ ਟੈਕਸੀ ਸਟੈਂਡ ਹੀ ਰੱਖਿਆ ਹੋਇਆ ਏ। ਜਿੱਥੇ 36 ਸੈਕਟਰ ਵਾਲਾ ---------- ਲੜਕੀਆਂ ਦਾ ਡੀ.ਏ.ਵੀ ਕਾਲਜ ਏ ---------- ਉੱਥੇ ਅਜਮੇਰ ਸਿੰਘ ਦੀ ਜ਼ਮੀਨ ਹੁੰਦੀ ਸੀ ਤੇ ਕਾਬਲ ਸਿੰਘ ਦਾ ---------- ਅੰਬਾਂ ਦਾ ਬਾਗ ਹੁੰਦਾ ਸੀ। ਟ੍ਰਿਬਿਊਨ ਦੇ ਦਫਤਰ ਵਾਲੇ ਥਾਂ ਤੇ ਪਿੰਡ ਕਾਂਥਲਾ ਹੁੰਦਾ ਸੀ। ਅਲਾਂਟੇ ਮਾਲ ਵਾਲੀ ਥਾਂ ਤੇ ---------- ਪਿੰਡ ਜੈਪੁਰਾ ਸੀ। ਇੱਥੋਂ ਦੇ ਤਿੰਨ ਹਲਟ ਬੜੇ ਮਸ਼ਹੂਰ ਹੋਇਆ ਕਰਦੇ ਸਨ। ਸੈਣੀ ਮਾਜਰਾ ਦੀ ਥਾਂ ਤੇ ---------- ਸੈਕਟਰ 25 ਏ। ਅਜੇ ਕੱਲ ਦੀਆਂ ਤਾਂ ਗੱਲਾਂ ਹਨ।"

"1952 ਵਿੱਚ ਤੁਹਾਡੀ ਉਮਰ ਕਿੰਨੀ ਸੀ, ਬਾਈ ਜੀ?"

"ਤਕਰੀਬਨ ---------- 15 ਸਾਲ। ਅਸੀਂ ਤਾਂ ਢਿੱਲੋਂ ਥੀਏਟਰ ਵਾਲੀ ਥਾਂ ਤੇ ਮੱਝਾਂ ਚਾਰਦੇ ਹੁੰਦੇ ਸੀ। ਮਨੀ ਮਾਜਰੇ ਦੇ ---------- ਜੱਗਰ ਬੜੇ ਮਸ਼ਹੂਰ ਹੁੰਦੇ ਸਨ। ਨੀਲਮ ਥੀਏਟਰ ਵਾਲੀ ਥਾਂ ਤੇ ਬਸਤਾ ਸਿਹੁੰ ਦੇ ---------- ਖੇਤਾਂ ਪਾਸ ਡੇਅਰੀ ਹੁੰਦੀ ਸੀ। ਮੈਂ ਉੱਥੇ ---------- ਮੱਝ ਦਾ ਦੁੱਧ ਵੇਚਣ ਜਾਂਦਾ ਹੁੰਦਾ ਸੀ। ਸ਼ੁਕਰ ਹੈ ਰੱਬ ਦਾ। ਲੀਡਰਾਂ ਨੇ ਸਾਨੂੰ ---------- ਉਜਾੜਨ ਦੀ ਕੋਈ ਕਸਰ ਨਹੀਂ ਛੱਡੀ। ਰੱਬ ਨੇ ਸਾਡਾ ਵਾਸਾ ---------- ਸਿਡਨੀ ਵਿੱਚ ਕਰ ਦਿੱਤਾ। ਉਸ ਦੇਸ਼ ਵਿੱਚ ਉਜਾੜੇ ਤਾਂ ---------- ਹੁੰਦੇ ਹੀ ਰਹਿੰਦੇ ਹਨ ਪਰ ਸਰਕਾਰਾਂ ਵਸੇਬੇ ਚੱਜ ਨਾਲ ਨਹੀਂ ਕਰਦੀਆਂ।"

"ਬਾਈ ਜੀ, ਬਹੁਤ ਖੂਬ ?"

ਰਲਾ ਸਿੰਘ ਉੱਠ ਕੇ ਹੌਲੀ ਹੌਲੀ ਆਪਣੀ ਸੀਟ ਤੇ ਜਾ ਬੈਠਾ। ਫਿਰ ਸਟੇਜ ਚਾਲਕ ਸੱਥ ਨੂੰ ਇਵੇਂ ਮੁਖਾਤਿਬ ਹੋਇਆ, "ਅੱਜ ਦੀ ਸੱਥ ਵਿੱਚ ਤੁਸੀਂ ਦੋ ਬਜ਼ੁਰਗਾਂ ਦੇ ਵਿਚਾਰ ਵੀ ਸੁਣੇ ਹਨ। ਦੋਹਾਂ ਬਜ਼ੁਰਗਾਂ ਨੇ ਭਾਰਤ ਦੇ ਸਿਆਸੀ ਘੜੰਮ ਚੌਧਰੀਆਂ ਦੀਆਂ ਕੋਝੀਆਂ ਚਾਲਾਂ ਤੇ ਬੜਾ ਸੋਹਣਾ ਚਾਨਣਾ ਪਾਇਆ ਹੈ। ਚੰਡੀਗੜ੍ਹ ਦੀ ਥਾਂ ਉਜੜੇ ਪਿੰਡਾਂ ਬਾਰੇ ਸੋਚ ਕੇ ਮੈਨੂੰ ਦੇਵ ਥਰੀਕੇ ਵਾਲੇ ਦੀ ਕਵਿਤਾ **ਕੋਠੀਆਂ ਹੀ ਕੋਠੀਆਂ** ਯਾਦ ਆ ਗਈ:-

ਹਾਏ ਓਏ ਰੱਬਾ ਮੇਰਿਆ ਮੈਂ ਪਿੰਡ ਹੈ ਗਵਾ ਲਿਆ
ਸ਼ਹਿਰ ਦੀਆਂ ਕੋਠੀਆਂ ਨੇ ਪਿੰਡ ਮੇਰਾ ਖਾ ਲਿਆ
ਦਿਸਣ ਸਵੇਰੇ ਹੁਣ ਕੋਠੀਆਂ ਕੋਠੀਆਂ
ਪਿੰਡ ਦੇ ਚੁਫੇਰੇ ਹੁਣ ਕੋਠੀਆਂ ਕੋਠੀਆਂ
ਕੱਚਿਆਂ ਬਨੇਰਿਆਂ ਨੂੰ ਕੋਠੀਆਂ ਨੇ ਖਾ ਲਿਆ
ਹਾਏ ਉਏ ਰੱਬਾ ਮੇਰਿਆ ਮੈਂ ਪਿੰਡ ਹੈ ਗਵਾ ਲਿਆ।

ਪਿੰਡ ਵੀ ਉਦਾਸ ਏ ਤੇ ਦੇਵ ਵੀ ਉਦਾਸ ਏ
ਪੈਸਾ ਭਾਵੇਂ ਬਹੁਤ ਹੀ ਥਰੀਕਿਆਂ ਦੇ ਪਾਸ ਏ
ਪਹਿਲਾਂ ਵਾਲਾ ਮੋਹ ਹੁਣ ਦਿਲਾਂ ਚੋਂ ਗਵਾ ਲਿਆ
ਹਾਏ ਓਏ ਰੱਬਾ ਮੇਰਿਆ ਮੈਂ ਪਿੰਡ ਹੈ ਗਵਾ ਲਿਆ।

ਇਨਾਂ ਕੁਝ ਕਹਿੰਦਾ ਹੋਇਆ ਮੈਂ ਤੁਹਾਡਾ ਸਭ ਦਾ ਧੰਨਵਾਦ ਕਰਦਾ ਹਾਂ। ਇਸ ਦੇ ਨਾਲ ਹੀ ਅੱਜ ਦੀ ਇਹ ਮਹਿਫਿਲ ਖਤਮ ਕਰਦਾ ਹਾਂ।"

ਇਸ ਪ੍ਰਕਾਰ ਸੱਥ ਖਤਮ ਹੋ ਗਈ।

# ਜਨਤਕ ਸਿਹਤ ਲਈ ਵਿਸ਼ੇਸ਼ ਗਰਾਂਟ ਦੀ ਲੋੜ

ਸਿਹਤ ਅਤੇ ਸਿੱਖਿਆ ਕਿਸੇ ਵੀ ਦੇਸ ਅਤੇ ਸਮਾਜ ਦੇ ਵਿਕਾਸ ਲਈ ਸਭ ਤੋਂ ਬੁਨਿਆਦੀ ਸਰਤਾਂ ਹਨ। ਚੰਗੀ ਤਰ੍ਹਾਂ ਸਿੱਖਿਅਤ ਅਤੇ ਤੰਦਰੁਸਤ ਲੋਕ ਹੀ ਦੇਸ ਦੀ ਆਰਥਿਕ ਅਤੇ ਸਮਾਜਿਕ ਤਰੱਕੀ ਵਿੱਚ ਅਰਥਪੂਰਨ ਯੋਗਦਾਨ ਪਾ ਸਕਦੇ ਹਨ। ਦੁੱਖ ਦੀ ਗੱਲ ਹੈ ਕਿ ਭਾਰਤ ਹਾਲੇ ਵੀ ਇਨ੍ਹਾਂ ਬੁਨਿਆਦੀ ਮਾਪਦੰਡਾਂ ਤੋਂ ਕਾਫੀ ਪਿੱਛੇ ਹੈ, ਜਿਸ ਦੀ ਝਲਕ ਮਨੁੱਖੀ ਵਿਕਾਸ ਦੇ ਮਹੱਤਵਪੂਰਨ ਸੂਚਕਾਂ 'ਚ ਇਸ ਦੀ ਕਮਜੋਰ ਕਾਰਗੁਜਾਰੀ ਤੋਂ ਮਿਲਦੀ ਹੈ।



ਮਨੁੱਖੀ ਵਿਕਾਸ ਸੂਚਕ ਅੰਕ ਅਤੇ ਵਿਸਵ ਭੁੱਖ ਸੂਚਕ ਅੰਕ ਦੋਹਾਂ ਵਿੱਚ ਭਾਰਤ ਬਹੁਤ ਪੱਛੜਿਆ ਹੋਇਆ ਹੈ। 'ਕਨਸਰਨ ਵਰਲਡਵਾਈਡ' ਅਤੇ 'ਵੈਲਟਹੰਗਰਹਿਲਫ' - ਇਹ ਸ਼ਬਦਾਂ ਵੈਲਟ, ਹੰਗਰ ਤੇ ਹਿਲਫ ਤੋਂ ਬਣਿਆ ਹੈ ਜਿਨ੍ਹਾਂ ਦਾ ਮਤਲਬ ਕ੍ਰਮਵਾਰ ਦੁਨੀਆ, ਭੁੱਖ ਤੇ ਮਦਦ ਹੈ) ਵੱਲੋਂ ਜਾਰੀ ਵਿਸਵ ਭੁੱਖ ਸੂਚਕ ਅੰਕ 2025 ਅਨੁਸਾਰ, 123 ਦੇਸਾਂ ਵਿੱਚੋਂ ਭਾਰਤ 102ਵੇਂ ਸਥਾਨ 'ਤੇ ਹੈ। 25.8 ਅੰਕਾਂ ਨਾਲ ਇਸ ਨੂੰ 'ਗੰਭੀਰ' ਸ੍ਰੇਣੀ 'ਚ ਰੱਖਿਆ ਗਿਆ ਹੈ। ਇਹ ਸੂਚਕ ਅੰਕ ਬੱਚਿਆਂ ਦੇ ਕੁਪੋਸਣ ਤੇ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਮੌਤ ਦਰ 'ਤੇ ਆਧਾਰਿਤ ਹੈ। ਚਿੰਤਾ ਦੀ ਗੱਲ ਇਹ ਹੈ ਕਿ ਇਸ ਸੂਚੀ ਵਿੱਚ ਭਾਰਤ ਆਪਣੇ ਕਈ ਗੁਆਂਢੀਆਂ- ਪਾਕਿਸਤਾਨ (94ਵੇਂ), ਬੰਗਲਾਦੇਸ (88ਵੇਂ) ਅਤੇ ਸ੍ਰੀਲੰਕਾ (66ਵੇਂ) ਤੋਂ ਵੀ ਪਿੱਛੇ ਹੈ। ਉਂਜ, ਜੱਚਾ ਮੌਤ ਦਰ ਅਤੇ ਬੱਚਾ ਮੌਤ ਦਰ ਵਿੱਚ ਕੁਝ ਸੁਧਾਰ ਹੋਇਆ ਹੈ, ਪਰ ਫਿਰ ਵੀ ਭਾਰਤ ਹੋਰਨਾਂ ਬ੍ਰਿਕਸ ਦੇਸਾਂ ਨਾਲੋਂ ਹਾਲੇ ਵੀ ਬਹੁਤ ਪਿੱਛੇ ਹੈ। ਭਾਰਤ ਸਰਕਾਰ ਦੇ ਨੈਸਨਲ ਹੈਲਥ ਮਿਸਨ ਦੇ ਅੰਕੜਿਆਂ ਅਨੁਸਾਰ, 2020-2023 ਦੌਰਾਨ ਭਾਰਤ ਵਿੱਚ ਬੱਚਾ ਮੌਤ ਦਰ 1,000 ਜਣੇਪਿਆਂ ਪਿੱਛੇ 25 ਤੋਂ 28 ਹੈ ਅਤੇ 2020-22 ਦੌਰਾਨ ਜੱਚਾ ਮੌਤ ਦਰ 1,00,000 ਜਣੇਪਿਆਂ ਪਿੱਛੇ 88 ਹੈ। ਇਸ ਦੇ ਮੁਕਾਬਲੇ ਵਿੱਚ ਬ੍ਰਾਜੀਲ ਦੀ ਬੱਚਾ ਮੌਤ ਦਰ 10.42 ਤੇ ਜੱਚਾ ਮੌਤ ਦਰ 49.9 ਹੈ; ਕਿਊਬਾ 'ਚ ਇਹ ਕ੍ਰਮਵਾਰ 3.94 ਅਤੇ 35-40; ਰੂਸ 'ਚ 4.54 ਅਤੇ 9; ਚੀਨ 'ਚ 7.93 ਅਤੇ 11.04 ਹੈ; ਜਦੋਂਕਿ ਦੱਖਣੀ ਅਫਰੀਕਾ ਵਿੱਚ ਬੱਚਾ ਮੌਤ ਦਰ 22.69 ਅਤੇ ਜੱਚਾ ਮੌਤ ਦਰ 118 ਦਰਜ ਕੀਤੀ ਗਈ ਹੈ। ਇਹ ਅੰਕੜੇ ਦਰਸਾਉਂਦੇ ਹਨ ਕਿ ਭਾਰਤ ਵਿੱਚ ਜੱਚਾ ਅਤੇ ਬੱਚਾ ਦੀ ਤੰਦਰੁਸਤੀ ਲਈ ਜਨਤਕ ਪੱਧਰ 'ਤੇ ਫੌਰੀ ਮਜਬੂਤ ਅਤੇ ਕਾਰਗਰ ਨੀਤੀਆਂ ਲਾਗੂ ਕਰਨ ਦੀ ਲੋੜ ਹੈ।

ਇਸ ਲੋੜ ਦੇ ਮੱਦੇਨਜਰ ਭਾਰਤ ਦੇ ਯੋਜਨਾ ਆਯੋਗ ਨੇ ਅਕਤੂਬਰ 2010 ਵਿੱਚ ਯੂਨੀਵਰਸਲ ਹੈਲਥ ਕਵਰੇਜ (ਯੂ ਐੱਚ ਸੀ) ਲਈ ਇੱਕ ਉੱਚ-ਪੱਧਰੀ ਮਾਹਿਰਾਂ ਦਾ ਸਮੂਹ ਕਾਇਮ ਕੀਤਾ, ਜਿਸ ਦੀ ਅਗਵਾਈ ਡਾ. ਕੇ. ਸ੍ਰੀਨਾਥ ਰੈੱਡੀ ਨੇ ਕੀਤੀ। ਇਸ ਸਮੂਹ ਨੇ ਸਾਰਿਆਂ ਦੀ ਪਹੁੰਚ ਵਾਲੀਆਂ ਤੇ ਸਸਤੀਆਂ ਸਿਹਤ ਸੇਵਾਵਾਂ ਲਈ ਇੱਕ ਢਾਂਚਾ ਤਿਆਰ ਕਰਨਾ ਸੀ, ਜਿਸ ਦਾ ਕੇਂਦਰੀ ਉਦੇਸ ਵਿੱਤੀ ਸੁਰੱਖਿਆ ਸੀ। ਮਾਹਿਰਾਂ ਦੇ ਇਸ ਸਮੂਹ ਨੇ ਯੂਨੀਵਰਸਲ ਹੈਲਥ ਕਵਰੇਜ ਲਈ ਕਈ ਮਹੱਤਵਪੂਰਨ ਸਿਫਾਰਸਾਂ ਕੀਤੀਆਂ। ਭਾਰਤ ਵਿੱਚ ਜਨਤਕ ਸਿਹਤ ਖੇਤਰ 'ਚ ਨਿਵੇਸ ਹਾਲੇ ਵੀ ਬਹੁਤ ਘੱਟ ਹੈ। ਪਿਛਲੇ ਕੇਂਦਰੀ ਬਜਟ ਵਿੱਚ ਸਰਕਾਰ ਨੇ ਸਿਹਤ ਲਈ 95,958 ਕਰੋੜ ਰੁਪਏ ਦੀ ਵੰਡ ਕੀਤੀ, ਜੋ ਕੁਲ ਬਜਟ ਦੇ 2 ਫੀਸਦੀ ਤੋਂ ਵੀ ਘੱਟ ਹੈ। ਇਹ ਪ੍ਰਤੀ ਵਿਅਕਤੀ ਲਗਭਗ 696 ਰੁਪਏ ਸਾਲਾਨਾ ਜਨਤਕ ਸਿਹਤ ਖਰਚ ਬਣਦਾ ਹੈ, ਜੋ ਕੌਮਾਂਤਰੀ ਮਿਆਰਾਂ ਅਨੁਸਾਰ ਬਹੁਤ ਹੀ ਘੱਟ ਹੈ। ਭਾਰਤ ਨੂੰ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਵਜੋਂ ਦਰਸਾਇਆ ਜਾਂਦਾ ਹੈ ਜਦੋਂਕਿ ਸੋਮਾਲੀਆ, ਦੱਖਣੀ ਸੁਡਾਨ, ਚਾਡ, ਸੈਂਟਰਲ ਅਫਰੀਕਨ ਰਿਪਬਲਿਕ, ਅਫਗਾਨਿਸਤਾਨ, ਯਮਨ, ਹੈਤੀ, ਨਾਇਜੀਰੀਆ, ਪਾਕਿਸਤਾਨ ਤੇ ਬੰਗਲਾਦੇਸ ਵਰਗੇ ਅਸਥਿਰ ਅਰਥਵਿਵਸਥਾ ਵਾਲੇ, ਸੰਘਰਸ ਪ੍ਰਭਾਵਿਤ ਜਾਂ ਬਹੁਤ ਗਰੀਬ ਸਮਝੇ ਜਾਂਦੇ ਦੇਸ਼ਾਂ ਵਿੱਚ ਵੀ ਸਰਕਾਰੀ ਸਿਹਤ ਖਰਚ ਭਾਰਤ ਨਾਲੋਂ ਘੱਟ ਹੈ।

ਸਰਕਾਰ ਆਯੂਸਮਾਨ ਭਾਰਤ ਨੂੰ ਦੁਨੀਆ ਦੀ ਸਭ ਤੋਂ ਵੱਡੀ ਸਿਹਤ ਬੀਮਾ ਯੋਜਨਾ ਵਜੋਂ ਪੇਸ ਕਰਦੀ ਹੈ ਪਰ ਧਿਆਨ ਨਾਲ ਦੇਖਣ 'ਤੇ ਇਸ ਦੀਆਂ ਗੰਭੀਰ ਸੀਮਾਵਾਂ ਸਾਹਮਣੇ ਆਉਂਦੀਆਂ ਹਨ। ਇਹ ਯੋਜਨਾ ਲਗਭਗ 80 ਕਰੋੜ ਲੋਕਾਂ ਨੂੰ ਕਵਰ ਕਰਦੀ ਹੈ ਅਤੇ ਲਗਭਗ ਪੂਰੀ ਤਰ੍ਹਾਂ ਇਨਪੇਸੈਂਟ (ਹਸਪਤਾਲ ਵਿੱਚ ਦਾਖਲਾ) ਇਲਾਜ ਤੱਕ ਸੀਮਿਤ ਹੈ। ਇਸ ਵਿੱਚ ਓ ਪੀ ਡੀ (ਬਾਹਰਲੇ ਮਰੀਜਾਂ) ਦੀ ਸੇਵਾ, ਦਵਾਈਆਂ ਤੇ ਬਿਨਾਂ ਦਾਖਲੇ ਵਾਲੀਆਂ ਜਾਂਚਾਂ ਸਾਮਲ ਨਹੀਂ ਹਨ ਜਦੋਂਕਿ ਕਰੀਬ 70 ਫੀਸਦੀ ਬਿਮਾਰੀਆਂ ਦਾ ਇਲਾਜ ਓ ਪੀ ਡੀ ਵਿੱਚ ਹੀ ਹੁੰਦਾ ਹੈ।

ਇਸ ਤੋਂ ਇਲਾਵਾ ਦੋ, ਤਿੰਨ ਜਾਂ ਚਾਰ ਪਹੀਆ ਵਾਹਨ ਰੱਖਣ ਵਾਲੇ; ਮਕੈਨੀਕਲ ਖੇਤੀ ਸਾਜੋ-ਸਾਮਾਨ ਜਾਂ ਮੱਛੀ ਫੜਨ ਵਾਲੀਆਂ ਕਿਸਤੀਆਂ ਦੇ ਮਾਲਕ; 50,000 ਤੋਂ ਵੱਧ ਸੀਮਾ ਵਾਲੇ ਕਿਸਾਨ ਕਰੈਡਿਟ ਕਾਰਡ ਧਾਰਕ; ਸਰਕਾਰੀ ਕਰਮਚਾਰੀ; ਸਰਕਾਰੀ ਪ੍ਰਬੰਧਿਤ ਗੈਰ-ਖੇਤੀ ਉਦਯੋਗਾਂ ਦੇ ਕਰਮਚਾਰੀ; ਹਰ ਮਹੀਨੇ 10,000 ਤੋਂ ਵੱਧ ਕਮਾਈ ਵਾਲੇ ਵਿਅਕਤੀ; ਫਰਿੱਜ ਜਾਂ ਲੈਂਡਲਾਈਨ ਰੱਖਣ ਵਾਲੇ; ਪੱਕੇ ਘਰਾਂ ਵਿੱਚ ਰਹਿਣ ਵਾਲੇ ਅਤੇ ਪੰਜ ਏਕੜ ਜਾਂ ਉਸ ਤੋਂ ਵੱਧ ਖੇਤੀਬਾੜੀ ਜਮੀਨ ਰੱਖਣ ਵਾਲੇ ਪਰਿਵਾਰਾਂ ਸਣੇ ਆਬਾਦੀ ਦਾ ਇੱਕ ਵੱਡਾ ਹਿੱਸਾ ਇਸ ਯੋਜਨਾ ਦਾ ਲਾਭ ਲੈਣ ਵਾਲੇ ਪੈਮਾਨਿਆਂ ਤੋਂ ਬਾਹਰ ਕਰ ਦਿੱਤਾ ਜਾਂਦਾ ਹੈ।

ਇਸ ਦੇ ਉਲਟ ਯੂਨੀਵਰਸਲ ਹੈਲਥ ਕੇਅਰ (ਯੂ ਐੱਚ ਸੀ) ਕੋਈ ਬੀਮਾ ਯੋਜਨਾ ਨਹੀਂ ਹੈ। ਇਹ ਜਨਤਕ ਤੌਰ 'ਤੇ ਫੰਡ ਕੀਤੀ ਸਿਹਤ ਪ੍ਰਣਾਲੀ ਹੈ ਜੋ ਕੁਝ ਚੁਣੇ ਗਏ ਲਾਭਪਾਤਰੀਆਂ ਨੂੰ ਨਹੀਂ ਸਗੋਂ ਹਰੇਕ ਲਈ ਸਿਹਤ ਸੇਵਾਵਾਂ ਦੀ ਗਾਰੰਟੀ ਦਿੰਦੀ ਹੈ। ਇਸ ਅਧੀਨ ਮੁਫਤ ਜਾਂ ਸਸਤੀਆਂ ਓ ਪੀ ਡੀ ਸੇਵਾਵਾਂ, ਜਰੂਰੀ ਦਵਾਈਆਂ ਤੇ ਪਹੁੰਚ, ਰੋਕਥਾਮੀ ਅਤੇ ਮੁੱਢਲੀ ਸਿਹਤ ਸੇਵਾ, ਮਾਨਸਿਕ ਸਿਹਤ ਸੇਵਾਵਾਂ ਅਤੇ ਜੇਬ ਵਿੱਚੋਂ ਘੱਟ ਤੋਂ ਘੱਟ ਖਰਚ ਹੋਣਾ ਯਕੀਨੀ ਬਣਾਇਆ ਜਾਣਾ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਕਈ ਅਜਿਹੇ ਦੇਸ਼ਾਂ ਨੇ ਵੀ ਅਜਿਹੀਆਂ ਪ੍ਰਣਾਲੀਆਂ ਸਫਲਤਾਪੂਰਵਕ ਲਾਗੂ ਕੀਤੀਆਂ ਹਨ, ਜਿਨ੍ਹਾਂ ਦੀ ਅਰਥਵਿਵਸਥਾ ਭਾਰਤ ਨਾਲੋਂ ਕਿਤੇ ਹੇਠਾਂ ਹੈ।ਇਲਾਜ ਦੌਰਾਨ ਜੇਬ 'ਚੋਂ ਹੋਣ ਵਾਲਾ ਖਰਚ ਹਾਲੇ ਵੀ ਕਰੀਬ 45 ਫੀਸਦੀ ਹੈ, ਜੋ ਦੁਨੀਆ ਵਿੱਚ ਸਭ ਤੋਂ ਵੱਧ ਖਰਚਿਆਂ ਵਿੱਚੋਂ ਇੱਕ ਹੈ। ਆਯੂਸਮਾਨ ਭਾਰਤ ਹੇਠ ਨਿੱਜੀ ਹਸਪਤਾਲਾਂ ਦਾ ਵੱਡਾ ਦਬਦਬਾ ਹੈ ਜਦੋਂਕਿ ਸਰਕਾਰੀ ਹਸਪਤਾਲ ਘੱਟ ਫੰਡ, ਘੱਟ ਸਟਾਫ ਅਤੇ ਕੰਮ ਦੇ ਵਾਧੂ ਬੋਝ ਨਾਲ ਜੂਝ ਰਹੇ ਹਨ। ਮਾਹਿਰਾਂ ਨੇ ਸਪੱਸਟ ਚਿਤਾਵਨੀ ਦਿੱਤੀ ਸੀ ਕਿ ਬੀਮਾ ਆਧਾਰਿਤ ਮਾਡਲ ਜਨਤਕ ਫੰਡਾਂ ਨੂੰ ਨਿੱਜੀ ਹਸਪਤਾਲਾਂ ਵੱਲ ਮੋੜ ਦਿੰਦੇ ਹਨ ਅਤੇ ਜਨਤਕ ਸਿਹਤ ਪ੍ਰਣਾਲੀ ਨੂੰ ਕਮਜੋਰ ਕਰਦੇ ਹਨ। ਮਜਬੂਤ ਮੁੱਢਲੀ ਸਿਹਤ ਸੇਵਾ ਤੋਂ ਬਿਨਾਂ ਹਸਪਤਾਲ-ਕੇਂਦਰਿਤ ਇਲਾਜ ਖਰਚ ਵਧਾਉਂਦਾ, ਇਲਾਜ ਵਿੱਚ ਦੇਰੀ ਕਰਦਾ ਅਤੇ ਪਰਿਵਾਰਾਂ ਨੂੰ ਕਰਜੇ ਵੱਲ ਧੱਕਦਾ ਹੈ।

ਯੂਨੀਵਰਸਲ ਹੈਲਥ ਕੇਅਰ ਦਾ ਮਤਲਬ ਹੈ ਕਿ ਪ੍ਰਚਾਰ, ਰੋਕਥਾਮੀ, ਇਲਾਜ ਅਤੇ ਪੁਨਰਵਾਸ ਸੇਵਾਵਾਂ, ਸਭ ਪੱਧਰਾਂ ਤੱਕ ਪਹੁੰਚ; ਸਮਾਜ ਦੇ ਸਾਰੇ ਵਰਗ ਯੋਗ ਹੋਣ। ਇਹ ਸੇਵਾਵਾਂ ਸਸਤੀਆਂ ਹੋਣੀਆਂ ਲਾਜਮੀ ਹਨ ਤਾਂ ਜੋ ਚੰਗੀ ਸਿਹਤ ਲਈ ਲੋਕਾਂ ਨੂੰ ਕਰਜਿਆਂ ਦੀ ਮਾਰ ਨਾ ਝੱਲਣੀ ਪਵੇ। ਮਾਹਿਰ ਡਾਕਟਰਾਂ ਦੇ ਸਮੂਹ ਨੇ ਜੋਰ ਦਿੱਤਾ ਕਿ ਪੋਸਣ, ਸਫਾਈ, ਸਿੱਖਿਆ, ਰਿਹਾਇਸ ਅਤੇ ਵਾਤਾਵਰਣਕ ਹਾਲਾਤ ਵਰਗੇ ਸਮਾਜਿਕ ਨਿਰਣਾਇਕ, ਸਿਹਤ ਨਤੀਜਿਆਂ ਅਤੇ ਸੇਵਾਵਾਂ ਤੱਕ ਪਹੁੰਚ 'ਤੇ ਡੂੰਘਾ ਅਸਰ ਪਾਉਂਦੇ ਹਨ। ਇਸ ਲਈ ਯੂ ਐੱਚ ਸੀ ਰਾਜ ਦੀ ਸਭ ਤੋਂ ਪਹਿਲੀ ਜਿੰਮੇਵਾਰੀ ਹੈ ਕਿ ਉਹ ਲੋੜੀਂਦਾ ਭੋਜਨ ਤੇ ਪੋਸਣ, ਸੁਰੱਖਿਅਤ ਪੀਣ ਵਾਲਾ ਪਾਣੀ, ਸਫਾਈ, ਸਿੱਖਿਆ, ਸਿਹਤ ਜਾਣਕਾਰੀ ਅਤੇ ਸਿਹਤ ਦੀਆਂ ਹੋਰ ਬੁਨਿਆਦੀ ਲੋੜਾਂ ਨੂੰ ਯਕੀਨੀ ਬਣਾਏ। ਯੂ ਐੱਚ ਸੀ ਦੇ ਸਿਧਾਂਤ ਹਨ: ਸਭਨਾਂ ਲਈ ਸਿਹਤ, ਸਮਾਨਤਾ, ਭੇਦਭਾਵ ਦੀ ਅਣਹੋਂਦ, ਗੁਣਵੱਤਾ ਵਾਲੀ ਸੇਵਾ, ਵਿੱਤੀ ਸੁਰੱਖਿਆ, ਮਰੀਜਾਂ ਦੇ ਅਧਿਕਾਰ, ਜਵਾਬਦੇਹੀ, ਪਾਰਦਰਸਤਾ, ਭਾਈਚਾਰਕ ਹਿੱਸੇਦਾਰੀ ਤੇ ਮਜਬੂਤ ਜਨਤਕ ਸਿਹਤ ਪ੍ਰਣਾਲੀ ਮੁਹੱਈਆ ਕਰਵਾਉਣਾ।

ਅਮਲੀ ਰੂਪ ਵਿੱਚ ਯੂ ਐੱਚ ਸੀ ਤਹਿਤ ਪੋਸਣ ਅਤੇ ਭੋਜਨ ਸੁਰੱਖਿਆ, ਪਾਣੀ ਅਤੇ ਸਫਾਈ, ਲਿੰਗ, ਜਾਤ, ਧਰਮ ਅਤੇ ਆਦਿਵਾਸੀ ਭਾਈਚਾਰਿਆਂ ਦੀ ਸਮੂਲੀਅਤ, ਉਚਿਤ ਰਿਹਾਇਸ, ਸਾਫ ਵਾਤਾਵਰਣ, ਰੁਜਗਾਰ ਸੁਰੱਖਿਆ ਅਤੇ ਕਿਸੇ ਵੀ ਆਫਤ ਸਬੰਧੀ ਤਿਆਰੀ 'ਤੇ ਧਿਆਨ ਦੇਣ ਦੀ ਲੋੜ ਹੈ। ਅਜਿਹੀ ਪ੍ਰਣਾਲੀ ਨੂੰ ਵਿੱਤੀ ਮਜਬੂਤੀ ਦੇਣ ਲਈ ਜਨਤਕ ਸਿਹਤ ਖਰਚ ਵਧਾ ਕੇ ਜੀ ਡੀ ਪੀ ਦੇ ਘੱਟੋ-ਘੱਟ 5 ਫੀਸਦੀ ਤੱਕ ਲਿਜਾਣਾ ਲਾਜਮੀ ਹੈ, ਜੋ ਸਰਕਾਰੀ ਅੰਦਾਜਿਆਂ ਅਤੇ ਕੌਮੀ ਸਿਹਤ ਨੀਤੀ ਵਿੱਚ ਦਰਸਾਈਆਂ ਲੋੜਾਂ ਦੇ ਮੁਤਾਬਿਕ ਹੈ। ਸਿਹਤ ਸੇਵਾ ਵਿੱਚ ਪ੍ਰਚਾਰ, ਰੋਕਥਾਮ ਤੇ ਦੇਖਭਾਲ ਨੂੰ ਮੁੱਖ ਸਿਹਤ ਸੇਵਾਵਾਂ ਵਜੋਂ ਸਾਮਲ ਕਰਨਾ ਅਤਿ-ਜਰੂਰੀ ਹੈ। ਸਿਰਫ ਅਜਿਹੀ ਵਚਨਬੱਧਤਾ ਨਾਲ ਹੀ ਹਰ ਕਿਸੇ ਲਈ ਸਿਹਤ ਸਹੂਲਤਾਂ, ਸਮਾਜਿਕ ਨਿਆਂ ਅਤੇ ਅਸਲ ਕੌਮੀ ਵਿਕਾਸ ਯਕੀਨੀ ਬਣਾਇਆ ਜਾ ਸਕਦਾ ਹੈ।

ਡਾ ਅਰੁਣ ਮਿਤਰਾ

# ਭਾਰਤੀ ਅਰਥਚਾਰੇ ਦੀਆਂ ਨਾਕਾਮੀਆਂ ਤੇ ਚੁਣੌਤੀਆਂ

ਸਾਲ 2026 ਦੀ ਸ਼ੁਰੂਆਤ ਭਾਰਤ ਦੀ ਕੇਂਦਰ ਸਰਕਾਰ, ਇਸ ਦੇ ਪ੍ਰਤੀਨਿਧੀਆਂ, ਸਮਰਥਕਾਂ ਅਤੇ ਹਮਾਇਤੀ ਅਰਥਸ਼ਾਸਤਰੀਆਂ ਲਈ ਸਫਲਤਾ ਦੇ ਮੌਕੇ ਲੈ ਕੇ ਆਈ ਹੈ। ਸਰਕਾਰ ਦੁਆਰਾ ਜਾਰੀ ਆਰਥਿਕ ਸਮੀਖਿਆ ਨੇ ਦਰਸਾਇਆ ਕਿ ਭਾਰਤ ਹੁਣ 4.18 ਟ੍ਰਿਲੀਅਨ ਡਾਲਰ ਦੀ ਜੀ ਡੀ ਪੀ ਨਾਲ ਜਾਪਾਨ ਨੂੰ ਪਛਾੜ ਕੇ ਦੁਨੀਆ ਦੀ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਗਿਆ ਹੈ। ਇਹ ਵੀ ਦੱਸਿਆ ਗਿਆ ਕਿ ਅਗਲੇ ਤਿੰਨ ਕੁ ਸਾਲਾਂ ਵਿੱਚ ਜਰਮਨੀ ਨੂੰ ਪਿੱਛੇ ਛੱਡਦਿਆਂ ਭਾਰਤ ਤੀਜੇ ਸਥਾਨ 'ਤੇ ਪਹੁੰਚ ਜਾਵੇਗਾ ਅਤੇ 2030 ਤੱਕ 7.3 ਟ੍ਰਿਲੀਅਨ ਡਾਲਰ ਦੀ ਅਰਥਵਿਵਸਥਾ ਬਣ ਜਾਵੇਗਾ। ਪ੍ਰਧਾਨ ਮੰਤਰੀ ਨੇ ਵੀ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਵੱਲ ਇਸ਼ਾਰਾ ਕਰਦਿਆਂ ਵਿਅੰਗਾਤਮਕ ਤਰੀਕੇ ਨਾਲ ਬਿਆਨ ਦਿੱਤਾ ਕਿ ਦੁਨੀਆ ਹੁਣ ਦਿੱਲੀ ਵੱਲ ਦੇਖ ਰਹੀ ਹੈ। ਪਿਛਲੇ ਦਸ ਸਾਲਾਂ ਵਿੱਚ ਭਾਰਤ ਦੀ ਅਰਥਵਿਵਸਥਾ ਦਾ ਆਕਾਰ ਦੁੱਗਣਾ ਹੋ ਗਿਆ ਹੈ ਅਤੇ ਹੁਣ ਅਸੀਂ ਦੁਨੀਆ ਵਿੱਚ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣਨਾ ਲੋਚਦੇ ਹਾਂ। 7 ਜਨਵਰੀ 2026 ਨੂੰ ਜਾਰੀ ਰਾਸ਼ਟਰੀ ਅੰਕੜਾ ਦਫਤਰ ਦੀ ਰਿਪੋਰਟ ਦੇ ਮੁਤਾਬਿਕ ਭਾਰਤ ਦੀ ਅਰਥਵਿਵਸਥਾ ਦੇ ਚਾਲੂ ਵਿੱਤੀ ਸਾਲ ਦੌਰਾਨ 7.4 ਫੀਸਦੀ ਦਰ ਨਾਲ ਵਧਣ ਦਾ ਅਨੁਮਾਨ ਹੈ, ਜੋ ਪਿਛਲੇ ਵਿੱਤੀ ਸਾਲ ਦੇ 6.5 ਫੀਸਦੀ ਤੋਂ ਕਿਤੇ ਬਿਹਤਰ ਹੈ। ਇਸ ਤੋਂ ਪਹਿਲਾਂ ਭਾਰਤ ਦੇ ਕੇਂਦਰੀ ਬੈਂਕ ਦੇ ਮੁਦਰਾ ਨੀਤੀ ਪੈਨਲ ਨੇ ਪਿਛਲੇ ਸਾਲ ਦੀ ਆਖਰੀ ਸਮੀਖਿਆ ਦੌਰਾਨ ਖਪਤ ਮਹਿੰਗਾਈ ਸੂਚਕ ਅੰਕ ਦੇ ਅਨੁਮਾਨਾਂ ਨੂੰ 4 ਫੀਸਦੀ ਦੀ ਸਹਿਣਸ਼ੀਲਤਾ ਸੀਮਾ ਤੋਂ ਘੱਟ 2 ਫੀਸਦੀ 'ਤੇ ਰਹਿਣ ਦਾ ਅਨੁਮਾਨ ਦਿੱਤਾ। ਇਸ ਦਾ ਅਰਥ ਹੈ ਕਿ ਮੌਜੂਦਾ ਵਿੱਤੀ ਸਾਲ ਦੌਰਾਨ ਆਮ ਲੋਕਾਂ ਨੂੰ ਮਹਿੰਗਾਈ ਦੀ ਵੱਧ ਮਾਰ ਦਾ ਸਾਹਮਣਾ ਨਹੀਂ ਕਰਨਾ ਪੈ ਰਿਹਾ ਅਤੇ ਕੀਮਤਾਂ ਵੱਡੇ ਪੱਧਰ 'ਤੇ ਕਾਬੂ ਵਿੱਚ ਹਨ। ਸੱਚਮੁੱਚ ਇਨ੍ਹਾਂ ਬੇਮਿਸਾਲ ਪ੍ਰਾਪਤੀਆਂ ਦੀ ਲੋਅ ਵਿੱਚ ਜਾਪਦਾ ਹੈ ਕਿ ਕਿਸੇ ਵੀ ਮੌਕੇ ਹੁਣ ਭਾਰਤ ਦੇ ਵਿਸ਼ਵਗੁਰੂ ਬਣਨ ਦਾ ਐਲਾਨ ਹੋ ਸਕਦਾ ਹੈ, ਪਰ ਇਸ ਆਰਥਿਕ ਆਸ਼ਾਵਾਦ ਹੇਠਾਂ ਦੱਬੀਆਂ ਕੁਝ ਢਾਂਚਾਗਤ ਚੁਣੌਤੀਆਂ ਵਿਕਾਸ ਦੇ ਰਾਹ ਨੂੰ ਧੁੰਦਲਾ ਅਤੇ ਅਨਿਸ਼ਚਿਤ ਬਣਾ ਰਹੀਆਂ ਹਨ।

ਵਿਕਾਸ ਵਿੱਚ ਢਾਂਚਾਗਤ ਚੁਣੌਤੀਆਂ

ਦੇਸ਼ ਦੀ ਅਨੁਮਾਨਿਤ 7.4 ਫੀਸਦੀ ਵਿਕਾਸ ਦਰ ਨੂੰ ਉਪਲਬਧੀ ਵਜੋਂ ਦਿਖਾਇਆ ਜਾ ਰਿਹਾ ਹੈ, ਪਰ ਤਿਮਾਹੀ ਅੰਕੜਿਆਂ ਦੀ ਗਹਿਰਾਈ ਨਾਲ ਜਾਂਚ ਇਹ ਦਰਸਾਉਂਦੀ ਹੈ ਕਿ ਵਿਕਾਸ ਦੀ ਅਸਲ ਰਫਤਾਰ ਘਟ ਰਹੀ ਹੈ। ਪਹਿਲੀ (ਅਪਰੈਲ 2025 ਤੋਂ ਜੂਨ 2025) ਅਤੇ ਦੂਜੀ (ਜੁਲਾਈ 2025 ਤੋਂ ਸਤੰਬਰ 2025) ਤਿਮਾਹੀ ਵਿੱਚ ਵਿਕਾਸ ਦਰ ਕ੍ਰਮਵਾਰ 7.8 ਅਤੇ 8.2 ਫੀਸਦੀ ਰਹਿਣ ਦੇ ਬਾਵਜੂਦ ਪੂਰੇ ਸਾਲ ਦੀ 7.4 ਫੀਸਦੀ ਅਨੁਮਾਨਿਤ ਵਿਕਾਸ ਦਰ ਇਹ ਸੰਕੇਤ ਦਿੰਦੀ ਹੈ ਕਿ ਦੂਜੇ ਅੱਧ (ਅਕਤੂਬਰ 2025 ਤੋਂ ਮਾਰਚ 2026) ਵਿੱਚ ਵਿਕਾਸ ਲਗਭਗ 6.9 ਫੀਸਦੀ ਤੱਕ ਡਿੱਗ ਸਕਦਾ ਹੈ, ਜੋ ਘਰੇਲੂ ਮੰਗ ਦੀ ਕਮਜ਼ੋਰੀ ਅਤੇ ਵਿਸ਼ਵ ਪੱਧਰੀ ਅਨਿਸ਼ਚਿਤਤਾਵਾਂ ਨੂੰ ਬੇਪਰਦ ਕਰਦਾ ਹੈ।

ਇਸ ਦੇ ਨਾਲ ਹੀ ਰਾਸ਼ਟਰੀ ਅੰਕੜਾ ਦਫਤਰ ਦੇ ਅਨੁਮਾਨ ਦਰਸਾਉਂਦੇ ਹਨ ਕਿ ਭਾਰਤ ਦੀ ਲਗਭਗ 45-47 ਫੀਸਦੀ ਕਾਰਜਸ਼ੀਲ ਆਬਾਦੀ ਨੂੰ ਰੁਜ਼ਗਾਰ ਪ੍ਰਦਾਨ ਕਰਨ ਵਾਲਾ ਖੇਤੀਬਾੜੀ ਖੇਤਰ ਸਾਲ 2025-26 ਦੌਰਾਨ ਵਿਕਾਸ ਦੀ ਰਫਤਾਰ ਨਾਲ ਕਦਮ ਮਿਲਾਉਣ ਵਿੱਚ ਅਸਫਲ ਰਿਹਾ ਹੈ। ਮੋਟੇ ਤੌਰ 'ਤੇ ਅਨੁਕੂਲ ਮੌਨਸੂਨ ਦੇ ਬਾਵਜੂਦ ਖੇਤੀ ਖੇਤਰ ਵਿੱਚ ਕੁੱਲ ਮੁੱਲ ਵਾਧਾ ਦਰ ਸਿਰਫ 3.1 ਫੀਸਦੀ ਆਂਕੀ




ਗਈ ਹੈ, ਜੋ ਪਿਛਲੇ ਸਾਲ ਦੇ ਔਸਤ ਨਾਲੋਂ ਘੱਟ ਹੈ। ਇਸ ਦੇ ਨਾਲ ਹੀ ਕਪਾਹ, ਕਣਕ, ਦਾਲਾਂ ਅਤੇ ਤੇਲ ਬੀਜ ਵਰਗੀਆਂ ਮੁੱਖ ਫਸਲਾਂ ਦੀਆਂ ਬਾਜ਼ਾਰ ਕੀਮਤਾਂ ਸਮਰਥਨ ਮੁੱਲ ਤੋਂ ਹੇਠਾਂ ਰਹਿਣ ਕਾਰਨ ਕਿਸਾਨੀ ਆਮਦਨ 'ਤੇ ਦਬਾਅ ਬਣਿਆ ਰਹਿਣ ਦਾ ਖ਼ਦਸ਼ਾ ਹੈ। ਇਸ ਦਾ ਸਿੱਧਾ ਅਸਰ ਪਿੰਡਾਂ ਦੀ ਖਪਤ ਸਮਰੱਥਾ 'ਤੇ ਪੈਂਦਾ ਹੈ ਅਤੇ ਇਉਂ ਸ਼ਹਿਰਾਂ ਅਤੇ ਪਿੰਡਾਂ ਦੀ ਆਰਥਿਕ ਅਸਮਾਨਤਾ ਵਿੱਚ ਪਾੜਾ ਹੋਰ ਵਧਦਾ ਹੈ।

ਇਹ ਸਥਿਤੀ ਮੰਗ-ਪੱਖੀ ਢਾਂਚਾਗਤ ਕਮਜ਼ੋਰੀ ਵੱਲ ਵੀ ਇਸ਼ਾਰਾ ਕਰਦੀ ਹੈ। 22 ਸਤੰਬਰ 2025 ਤੋਂ ਲਾਗੂ ਕੀਤੇ ਜੀ ਐੱਸ ਟੀ 2.0 ਸੁਧਾਰ ਨੇ ਜੀ ਐੱਸ ਟੀ ਸਲੈਬ ਨੂੰ ਸਰਲ ਕੀਤਾ ਤਾਂ ਜੋ ਬੱਚਤ ਉਤਸਵ ਅਧੀਨ ਆਮ ਆਦਮੀ ਸਸਤੇ ਭਾਅ 'ਤੇ ਵੱਧ ਖਰੀਦਦਾਰੀ ਕਰ ਸਕੇ ਅਤੇ ਸਰਕਾਰ ਨੂੰ ਵਧੇਰੇ ਖਰੀਦਦਾਰੀ ਦੀ ਮਾਤਰਾ ਦੇ ਉਛਾਲ ਤੋਂ ਟੈਕਸ ਮਾਲੀਏ ਦਾ ਲਾਭ ਮਿਲ ਸਕੇ, ਪਰ ਇਹ ਪ੍ਰਯੋਗ ਅਸਫਲ ਹੁੰਦਾ ਜਾਪਦਾ ਹੈ। ਅੰਕੜਿਆਂ ਮੁਤਾਬਿਕ ਸਰਕਾਰ ਦੇ ਸੰਗ੍ਰਹਿ ਵਿੱਚ ਅਪਰੈਲ ਤੋਂ ਸਤੰਬਰ ਦੌਰਾਨ ਪ੍ਰਤੀ ਮਹੀਨਾ ਲਗਭਗ 2 ਲੱਖ ਕਰੋੜ ਰੁਪਏ ਆਏ ਸਨ, ਜੋ ਅਕਤੂਬਰ ਤੋਂ ਦਸੰਬਰ ਦੌਰਾਨ ਘਟ ਕੇ 1.80ਕਰੋੜ ਰੁਪਏ ਰਹਿ ਗਏ। ਇਸੇ ਦਾ ਸਿੱਟਾ ਹੈ ਕਿ ਸਰਕਾਰ ਦੇ ਵਾਰ-ਵਾਰ ਯਤਨਾਂ ਦੇ ਬਾਵਜੂਦ ਨਿੱਜੀ ਖੇਤਰ ਦਾ ਪੂੰਜੀਗਤ ਖਰਚ ਅਜੇ ਵੀ ਵਧ ਨਹੀਂ ਰਿਹਾ। ਜ਼ਿਕਰਯੋਗ ਹੈ ਕਿ ਖਪਤ ਨੂੰ ਉਤਸ਼ਾਹਿਤ ਕਰਨ ਲਈ ਇਸ ਵਿੱਤੀ ਸਾਲ ਵਿੱਚ ਸਰਕਾਰ ਨੇ 12 ਲੱਖ ਰੁਪਏ ਤੱਕ ਦੀ ਆਮਦਨ 'ਤੇ ਕਰ ਛੋਟ, ਰਿਜ਼ਰਵ ਬੈਂਕ ਵੱਲੋਂ ਵਿਆਜ ਦਰਾਂ ਵਿੱਚ ਕਟੌਤੀ ਅਤੇ ਜੀ ਐੱਸ ਟੀ ਦਰਾਂ ਘਟਾਉਣ ਵਰਗੇ ਮਹੱਤਵਪੂਰਨ ਕਦਮ ਚੁੱਕੇ ਸਨ। ਹਾਲਾਂਕਿ ਵਿੱਤੀ ਸਾਲ 2025-26 ਵਿੱਚ ਕੁੱਲ ਪੂੰਜੀਗਤ ਖਰਚ ਦੀ ਵਿਕਾਸ ਦਰ ਪਿਛਲੇ ਸਾਲ ਨਾਲੋਂ ਬਿਹਤਰ ਹੈ, ਪਰ ਇਸ ਵਿੱਚ ਨਿੱਜੀ ਖੇਤਰ ਦਾ ਹਿੱਸਾ ਬਹੁਤ ਘੱਟ ਜਾਪ ਰਿਹਾ ਹੈ। ਇਹ ਸਥਿਤੀ ਭਾਰਤੀ ਅਰਥ-ਵਿਵਸਥਾ ਵਿੱਚ ਮੰਗ ਘਟਣ ਅਤੇ ਅਨਿਸ਼ਚਿਤਤਾ ਨੂੰ ਪ੍ਰਤੱਖ ਕਰਦੀ ਹੈ। ਇਹ ਗੁੰਝਲਦਾਰ ਹਾਲਾਤ ਆਉਣ ਵਾਲੇ ਕੇਂਦਰੀ ਬਜਟ ਲਈ ਵੱਡੀਆਂ ਚੁਣੌਤੀਆਂ ਪੈਦਾ ਕਰ ਰਹੇ ਹਨ। ਸਰਕਾਰ ਨੂੰ ਅਰਥਵਿਵਸਥਾ ਵਿੱਚ ਮੰਗ ਵਧਾਉਣ ਲਈ ਆਪਣੇ ਖਰਚੇ ਜਾਰੀ ਰੱਖਣੇ ਪੈਣਗੇ ਜਦੋਂਕਿ ਵਿੱਤੀ ਘਾਟੇ ਨੂੰ ਨਿਯੰਤਰਿਤ ਰੱਖਣ ਦੇ ਟੀਚੇ ਨੂੰ ਪੂਰਾ ਕਰਨ ਲਈ ਕਰਜ਼ੇ ਨੂੰ ਸੀਮਤ ਰੱਖਣਾ ਵੀ ਜ਼ਰੂਰੀ ਹੋਵੇਗਾ। ਇਸ ਦੂਹਰੇ ਦਬਾਅ ਵਿੱਚ ਸੰਤੁਲਨ ਬਣਾਉਣਾ ਸਰਕਾਰ ਲਈ ਸਭ ਤੋਂ ਵੱਡਾ ਇਮਤਿਹਾਨ ਸਾਬਿਤ ਹੋਵੇਗਾ।

ਸਰਕਾਰ ਦੀਆਂ ਵਿੱਤੀ ਚੁਣੌਤੀਆਂ

ਭਾਵੇਂ ਬਜਟ ਬਣਾਉਣ ਦੀ ਪ੍ਰਕਿਰਿਆ ਅਕਤੂਬਰ-ਨਵੰਬਰ ਵਿੱਚ ਸ਼ੁਰੂ ਹੁੰਦੀ ਹੈ, ਪਰ ਵਿੱਤ ਮੰਤਰਾਲਾ ਬਜਟ ਪੇਸ਼ ਹੋਣ ਤੱਕ ਆਰਥਿਕ ਅੰਕੜਿਆਂ ਦੇ ਆਧਾਰ 'ਤੇ ਅਰਥਵਿਵਸਥਾ ਦਾ ਲਗਾਤਾਰ ਮੁਲਾਂਕਣ ਕਰਦਾ ਰਹਿੰਦਾ ਹੈ। ਸਰਕਾਰ ਦੁਆਰਾ ਜਾਰੀ ਨਵੀਨਤਮ ਅੰਕੜਿਆਂ ਦੀ ਰੋਸ਼ਨੀ 'ਚ ਚਾਲੂ ਸਾਲ ਦੌਰਾਨ ਵਿੱਤੀ ਘਾਟੇ ਨੂੰ ਕਾਬੂ ਰੱਖਣਾ ਚੁਣੌਤੀਪੂਰਨ ਦਿਸਦਾ ਹੈ। ਜੀ ਐੱਸ ਟੀ ਸੰਗ੍ਰਹਿ ਦੀ ਰਫਤਾਰ ਹੌਲੀ ਹੋਣ ਦੇ ਬਾਵਜੂਦ ਇਸ ਸਾਲ ਦਾ ਬਜਟ ਵਿੱਤੀ ਘਾਟੇ ਦੇ ਮੋਰਚੇ 'ਤੇ ਕਿਸੇ ਨਾ ਕਿਸੇ ਤਰ੍ਹਾਂ ਸੰਭਾਲਿਆ ਜਾ ਸਕਦਾ ਹੈ, ਪਰ ਅਸਲ ਇਮਤਿਹਾਨ ਅਗਲੇ ਸਾਲ ਹੋਵੇਗਾ, ਜਦੋਂ ਜੀ ਐੱਸ ਟੀ 2.0 ਦੀਆਂ ਛੋਟਾਂ ਦਾ ਪੂਰਾ ਅਸਰ ਖਜ਼ਾਨੇ 'ਤੇ ਪਵੇਗਾ।

ਬਜਟ ਬਣਾਉਂਦੇ ਸਮੇਂ ਵਿੱਤ ਮੰਤਰੀ ਸਾਹਮਣੇ ਮੋਟੇ ਤੌਰ 'ਤੇ ਤਿੰਨ ਵਿਕਲਪ ਹੋਣਗੇ। ਪਹਿਲਾ, ਅਮੀਰ ਵਰਗ 'ਤੇ ਟੈਕਸ ਦਾ ਬੋਝ ਵਧਾਉਣਾ, ਜਿਸ ਦੀ ਮਿਸਾਲ ਸਾਨੂੰ ਅੰਤਰਰਾਸ਼ਟਰੀ ਪੱਧਰ 'ਤੇ ਵੀ ਮਿਲਦੀ ਹੈ। ਯੂ ਕੇ ਨੇ 2025 ਦੇ ਬਜਟ ਵਿੱਚ ਟੈਕਸ ਵਾਧੇ ਕਰਕੇ ਉੱਚੀ ਆਮਦਨ ਤੇ ਜਾਇਦਾਦ ਵਾਲੇ ਵਰਗ ਤੋਂ ਮਾਲੀਆ ਇਕੱਠਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਉਂ ਫਰਾਂਸ ਨੇ ਵੀ 8 ਲੱਖ ਯੂਰੋ ਤੋਂ ਉੱਪਰ ਦੀ ਸੰਪਤੀ 'ਤੇ 1.5 ਫੀਸਦੀ ਤੱਕ ਦਾ ਟੈਕਸ ਲਾਗੂ ਕੀਤਾ ਹੋਇਆ ਹੈ। ਭਾਰਤ ਵਿੱਚ ਵੀ ਅਮੀਰਾਂ ਦੀ ਸੰਪਤੀ 'ਤੇ ਟੈਕਸ ਲਾਗੂ ਕਰਕੇ ਵਿੱਤੀ ਘਾਟੇ ਨੂੰ ਘਟਾਇਆ ਜਾ ਸਕਦਾ ਹੈ। ਦੂਜਾ ਵਿਕਲਪ ਸਮਾਜਿਕ ਖਰਚ ਵਿੱਚ ਕਟੌਤੀ ਦਾ ਹੈ, ਖਾਸਕਰ ਕੇਂਦਰ ਜਾਂ ਕੇਂਦਰ ਦੀਆਂ ਸੂਬਾ ਸਰਕਾਰਾਂ ਨਾਲ ਰਲ ਕੇ ਚਲਾਈਆਂ ਜਾ ਰਹੀਆਂ ਸਕੀਮਾਂ ਜਿਵੇਂ ਮਨਰੇਗਾ (ਜੀ ਰਾਮ ਜੀ), ਆਵਾਸ ਯੋਜਨਾਵਾਂ, ਸਿੱਖਿਆ ਅਤੇ ਸਿਹਤ ਯੋਜਨਾਵਾਂ ਆਦਿ ਵਿੱਚ ਜੋ ਕਰੋੜਾਂ ਗਰੀਬ ਜਾਂ ਮੱਧਵਰਗੀ ਪਰਿਵਾਰਾਂ ਲਈ ਜੀਵਨ ਜਿਉਣ ਦਾ ਸਹਾਰਾ ਹਨ। ਭਾਵੇਂ ਇਸ ਨਾਲ ਵਿੱਤੀ ਘਾਟਾ ਘਟਾਉਣ ਲਈ ਹਜ਼ਾਰਾਂ ਕਰੋੜ ਰੁਪਏ ਬਚ ਸਕਦੇ ਹਨ, ਪਰ ਖੇਤੀ ਖੇਤਰ ਵਿੱਚ ਗਿਰਾਵਟ, ਆਮਦਨ ਵਿੱਚ ਕਮੀ ਅਤੇ ਬੇਤਹਾਸ਼ਾ ਬੇਰੁਜ਼ਗਾਰੀ ਦੇ ਦੌਰ ਵਿੱਚ ਇਹ ਕਦਮ ਆਰਥਿਕ ਅਸੰਤੁਲਨ ਵਧਾ ਕੇ ਸਮਾਜਿਕ ਬੇਚੈਨੀ ਪੈਦਾ ਕਰ ਸਕਦਾ ਹੈ। ਤੀਜਾ ਰਾਹ ਹੈ ਕਿ ਸਰਕਾਰ ਆਪ ਸਿੱਧੇ ਤੌਰ 'ਤੇ ਕਰਜ਼ੇ ਨਾ ਲੈ ਕੇ ਜਨਤਕ ਖੇਤਰ ਦੀਆਂ ਇਕਾਈਆਂ (ਭਾਰਤੀ ਖ਼ੁਰਾਕ ਨਿਗਮ, ਭਾਰਤੀ ਰਾਸ਼ਟਰੀ ਰਾਜਮਾਰਗ ਅਥਾਰਟੀ ਆਦਿ) ਰਾਹੀਂ ਕਰਜ਼ੇ ਲਵੇ। ਇਸਦੇ ਨਾਲ ਹੀ ਸਰਕਾਰ ਕੇਂਦਰੀ ਬੈਂਕ ਤੋਂ ਵੀ ਵੱਧ ਤੋਂ ਵੱਧ ਡਿਵੀਡੈਂਡ ਹਾਸਲ ਕਰ ਸਕਦੀ ਹੈ। ਪਿਛਲੇ ਅਨੁਭਵਾਂ ਤੋਂ ਪਤਾ ਲੱਗਦਾ ਹੈ ਕਿ ਭਾਵੇਂ ਜਨਤਕ ਇਕਾਈਆਂ ਰਾਹੀਂ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਕਰਵਾਉਣ ਨਾਲ ਸਰਕਾਰ ਨੂੰ ਵਧੇਰੇ ਲਚਕ ਮਿਲਦੀ ਹੈ, ਪਰ ਇਸ ਨਾਲ ਪਾਰਦਰਸ਼ਤਾ ਅਤੇ ਕਰਜ਼ੇ ਦੀ ਜਟਿਲਤਾ ਵੀ ਜਨਮ ਲੈਂਦੀ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਭਾਰਤ ਇੱਕ ਵੱਡੀ ਅਰਥਵਿਵਸਥਾ ਹੈ ਅਤੇ ਜੇ ਇਹ ਮੰਨ ਵੀ ਲਿਆ ਜਾਵੇ ਕਿ ਅਸੀਂ ਬਹੁਤ ਤੇਜ਼ੀ ਨਾਲ ਅੱਗੇ ਵਧ ਰਹੇ ਹਾਂ ਤਾਂ ਵੀ ਚਮਕਦਾਰ ਅੰਕੜੇ ਅਤੇ ਉੱਚੀ ਜੀ ਡੀ ਪੀ ਦਰ ਖ਼ੁਦ-ਬ-ਖ਼ੁਦ ਲੋਕਾਂ ਦੀ ਜ਼ਿੰਦਗੀ ਨਹੀਂ ਬਦਲ ਸਕਦੇ। ਅਸਲ ਅਜ਼ਮਾਇਸ਼ ਇਹ ਹੈ ਕਿ ਕੀ ਸਰਕਾਰ ਆਪਣੀਆਂ ਨੀਤੀਆਂ ਜਾਂ ਬਜਟਾਂ ਰਾਹੀਂ ਲੋਕਾਂ ਦੀ ਖਪਤ, ਛੋਟੇ ਉਦਯੋਗ, ਕਿਸਾਨੀ ਅਤੇ ਸਮਾਜਿਕ ਸੁਰੱਖਿਆ ਨੂੰ ਮਜ਼ਬੂਤ ਕਰ ਰਹੀ ਹੈ ਜਾਂ ਨਹੀਂ। ਆਉਣ ਵਾਲਾ ਸਮਾਂ ਹੀ ਇਹ ਨਿਰਣਾ ਕਰ ਸਕਦਾ ਹੈ ਕਿ ਭਾਰਤ ਸਿਰਫ ਅੰਕੜਿਆਂ ਦੀ ਚਮਕ 'ਤੇ ਨਿਰਭਰ ਰਿਹਾ ਹੈ ਜਾਂ ਅਸਲ ਤਾਕਤ 'ਤੇ, ਜੋ ਲੋਕਾਂ ਦੀ ਭਲਾਈ, ਸਮਾਜਿਕ ਸਮਾਨਤਾ ਅਤੇ ਸਰਕਾਰਾਂ ਦੇ ਪੂੰਜੀਗਤ ਵਿਕਾਸ ਤੋਂ ਆਉਂਦੀ ਹੈ। ਮੌਜੂਦਾ ਹਾਲਾਤ ਮੰਗ ਕਰਦੇ ਹਨ ਕਿ ਸਰਕਾਰ ਅੰਕੜਿਆਂ ਦੀ ਖੇਡ ਤੋਂ ਬਚ ਕੇ ਸਿਰਫ ਅਮਲੀ ਰੂਪ ਵਿੱਚ ਲੋਕ-ਪੱਖੀ ਵਿਕਾਸ ਯੋਜਨਾਵਾਂ 'ਤੇ ਧਿਆਨ ਦੇਵੇ। ਲੋਕ-ਕੇਂਦਰਿਤ ਬਜਟ ਇਸ ਦਿਸ਼ਾ ਵੱਲ ਸਹੀ ਕਦਮ ਹੋ ਸਕਦਾ ਹੈ, ਜੋ ਨਿਵੇਸ਼, ਮੰਗ ਅਤੇ ਸਮਾਜਿਕ ਭਲਾਈ ਵਿੱਚ ਸੰਤੁਲਨ ਸਥਾਪਤ ਕਰਕੇ ਭਾਰਤ ਦੇ ਆਰਥਿਕ ਭਵਿੱਖ ਨੂੰ ਮਜ਼ਬੂਤ ਅਤੇ ਸਥਿਰ ਬਣਾਏ। ਇਸ ਪੱਧਰ 'ਤੇ ਭਾਰਤ ਦੀ ਅਸਲੀ ਤਾਕਤ ਇਹ ਹੀ ਹੈ ਕਿ ਕੀ ਸਰਕਾਰਾਂ ਵਿਕਾਸ ਦੇ ਪੈਮਾਨਿਆਂ ਨੂੰ ਹਰ ਵਰਗ ਅਤੇ ਹਰ ਪਿੰਡ ਤੱਕ ਪਹੁੰਚਾ ਸਕੀਆਂ ਹਨ ਜਾਂ ਨਹੀਂ।

ਡਾ: ਰਾਜੀਵ ਖੋਸਲਾ

# ਹੁਨਰ ਦੀ ਪਛਾਣ

ਸਮਾਂ ਬਹੁਤ ਬਲਵਾਨ ਹੈ। ਕੁਝ ਦਿਨ ਪਹਿਲਾਂ ਮੇਰੇ ਕੋਲ ਦਫਤਰ ਵਿੱਚ ਰੁਟੀਨ ਅਨੁਸਾਰ ਆਪਣੇ ਬੱਚਿਆਂ ਦੀ ਸ਼ਿਕਾਇਤ ਸਬੰਧੀ ਆਉਂਦੇ ਮਾਪਿਆਂ ਵਾਂਗ ਇੱਕ ਵਿਅਕਤੀ ਆਇਆ। ਜਦੋਂ ਗੱਲਾਂ ਹੋਈਆਂ ਤਾਂ ਉਹ ਮੇਰਾ ਪ੍ਰਾਇਮਰੀ ਸਕੂਲ ਦਾ ਜਮਾਤੀ ਨਿਕਲਿਆ। ਮੈਂ ਕਿਹਾ, "ਯਾਰ, ਤੂੰ ਤਾਂ ਬਿੰਦਰ ਹੈਂ, ਮੇਰੇ ਪਿੰਡ ਵਾਲਾ।" ਤੇ ਮੇਰਾ ਮਨ ਸਾਲ 1992-93 'ਚ ਚਲਾ ਗਿਆ। ਸੱਚਮੁੱਚ ਬਚਪਨ ਦੇ ਸਾਥੀ ਕਦੇ ਵੀ ਨਹੀਂ ਭੁੱਲਦੇ। ਪੰਜਵੀਂ ਜਮਾਤ ਵਿੱਚ ਵਿਦਿਆਰਥੀਆਂ ਦੀ ਗਿਣਤੀ ਵੀ ਮੇਰੇ ਚੇਤੇ ਹੈ ਕਿ ਦਸ ਬਾਰਾਂ ਦੇ ਕਰੀਬ ਹੀ ਹੁੰਦੀ ਸੀ, ਪਰ ਬਿੰਦਰ ਸਾਰੀ ਕਲਾਸ ਵਿੱਚੋਂ ਸ਼ਰੀਫ ਬੱਚਾ ਸੀ। ਘੱਟ ਬੋਲਣਾ, ਚੁੱਪ ਰਹਿਣਾ ਉਸ ਦੀ ਆਦਤ ਹੁੰਦੀ ਸੀ। ਪੜ੍ਹਾਈ ਵਿੱਚ ਉਹ ਬਹੁਤ ਕਮਜ਼ੋਰ ਹੁੰਦਾ ਸੀ। ਜਦੋਂ ਸਾਡੇ ਅਧਿਆਪਕ ਬੋਰਡ ਉੱਤੇ ਸਵਾਲ ਲਿਖਦੇ ਤਾਂ ਬਿੰਦਰ ਤੋਂ ਸੌਖਾ ਸਵਾਲ ਵੀ ਹੱਲ ਨਾ ਹੁੰਦਾ। ਅਧਿਆਪਕ ਕਹਿੰਦੇ, "ਬਿੰਦਰ, ਤੇਰਾ ਕੀ ਬਣੂਗਾ?" ਪਰ ਬਿੰਦਰ ਵਿਚਾਰੇ ਨੇ ਮੂੰਹੋਂ ਕੁਝ ਨਾ ਬੋਲਣਾ ਅਤੇ ਡੰਡੇ ਖਾਣ ਲਈ ਹੱਥ ਚੁੱਪਚਾਪ ਅੱਗੇ ਕਰ ਦੇਣੇ। ਮੈਨੂੰ ਬਹੁਤ ਤਰਸ ਆਉਂਦਾ, ਪਰ ਬਿੰਦਰ ਅੰਦਰ ਕੁਝ ਹੋਰ ਕਰਨ ਦੀ ਚਿਣਗ ਸੀ। ਜਿਵੇਂ ਕਿਹਾ ਜਾਂਦਾ ਹੈ ਕਿ ਹਰ ਇਨਸਾਨ ਅੰਦਰ ਕੋਈ ਨਾ ਕੋਈ ਗੁਣ ਹੁੰਦਾ ਹੈ, ਪਰ ਉਹ ਗੁਣ ਪਛਾਣਨ ਦੀ ਸ਼ਕਤੀ ਪਰਮਾਤਮਾ ਵਿਅਕਤੀ ਨੂੰ ਖ਼ੁਦ ਬਖਸ਼ਦਾ ਹੈ। ਜੋ ਵਿਅਕਤੀ ਆਪਣੇ ਗੁਣ ਪਛਾਣ ਕੇ ਉਸ ਅਨੁਸਾਰ ਮੰਜ਼ਿਲ ਮਿਥ ਕੇ ਮਿਹਨਤ ਕਰਨੀ ਸ਼ੁਰੂ ਕਰ ਦੇਵੇ ਤਾਂ ਉਹ ਜ਼ਿੰਦਗੀ ਵਿੱਚ ਕਦੇ ਵੀ ਨਾਕਾਮ ਨਹੀਂ ਹੁੰਦਾ। ਸਾਡੀ ਪੁਰਾਣੀ ਸਿੱਖਿਆ ਪ੍ਰਣਾਲੀ ਵੀ ਬਹੁਤ ਵਧੀਆ ਸੀ ਕਿ ਪੰਜਵੀਂ ਜਮਾਤ 'ਚੋਂ ਫੇਲ੍ਹ ਵਿਦਿਆਰਥੀ ਵੀ ਬਹੁਤ ਵਧੀਆ ਕਿੱਤਾਕਾਰ ਬਣੇ ਜਾਂ ਅੱਠਵੀਂ ਦਸਵੀਂ ਵਿੱਚ ਅਜਿਹਾ ਝਾਰਨਾ ਲੱਗਦਾ ਕਿ ਪੱਕੇ ਬੇਰ ਹੀ ਰਹਿ ਜਾਂਦੇ, ਬਾਕੀ ਸਾਰੇ ਝੜ ਕੇ ਆਪਣੇ ਪਿਤਾ ਪੁਰਖੀ ਕੰਮਾਂ



'ਤੇ ਲੱਗ ਜਾਂਦੇ ਅਤੇ ਜ਼ਿੰਦਗੀ ਵਿੱਚ ਵੱਡੀ ਕਾਮਯਾਬੀ ਹਾਸਲ ਕਰਦੇ। ਜਦੋਂ ਮੈਂ ਸਵਾਲ ਕੀਤਾ, "ਬਿੰਦਰ ਯਾਰ, ਤੂੰ ਅੱਜਕੱਲ੍ਹ ਕੀ ਕਰ ਰਿਹਾ ਹੈਂ?" ਉਸ ਦੇ ਜਵਾਬ ਨੇ ਮੇਰੀ ਰੂਹ ਖ਼ੁਸ਼ ਕਰ ਦਿੱਤੀ। ਬਾਬਾ ਮੋਤੀ ਰਾਮ ਮਹਿਰਾ ਜੀ ਦੀ ਫੁਲਵਾੜੀ ਵਿੱਚੋਂ ਹੋ ਕੇ ਰਾਜਗਿਰੀ ਵਿੱਚ ਝੰਡਾ ਗੱਡਣਾ ਕੋਈ ਛੋਟੀ ਗੱਲ ਨਹੀਂ। ਉਸ ਨੇ ਕਿਹਾ, "ਹਰਸੰਤ ਬਾਈ ਜੀ, ਕਾਲਬੰਜਾਰੇ ਵਾਲੇ ਛੱਜੂ ਪ੍ਰਧਾਨ ਦੀ ਕੋਠੀ ਮੈਂ ਪਾਈ ਹੈ।" ਮੈਂ ਕਿਹਾ, "ਬਿੰਦਰ, ਉਸ ਨੂੰ ਕੋਠੀ ਨਾ ਕਹਿ। ਉਹ ਤਾਂ ਹਵੇਲੀ ਹੈ।"

ਲਸਣ ਦੀ ਗੰਢੀ ਵਾਂਗ ਹਰ ਇੱਕ ਮਨੁੱਖ ਵਿੱਚ ਕੋਈ ਨਾ ਕੋਈ ਵਿਸ਼ੇਸ਼ ਗੁਣ ਹੁੰਦਾ ਹੈ, ਪਰ ਉਸ ਨੂੰ ਪਛਾਣਨ ਦੀ ਲੋੜ ਹੁੰਦੀ ਹੈ। ਬਿੰਦਰ ਨੇ ਆਪਣਾ ਗੁਣ ਪਛਾਣਿਆ ਤਾਂ ਅੱਜ ਉਹ ਆਪਣੇ ਕਿੱਤੇ ਵਿੱਚ ਵੱਡਾ ਨਾਂ ਬਣਾ ਚੁੱਕਿਆ ਹੈ। ਉਸ ਨੇ ਪੂਰੇ ਹੌਸਲੇ ਨਾਲ ਸਮਾਰਟ ਫੋਨ ਉੱਤੇ ਵੱਡੀਆਂ ਵੱਡੀਆਂ ਕੋਠੀਆਂ ਦਿਖਾਈਆਂ, ਜੋ ਉਸ ਨੇ ਤਿਆਰ ਕੀਤੀਆਂ ਹਨ। ਉਹ ਕਹਿਣ ਲੱਗਿਆ, "ਬਾਈ ਜੀ, ਮੇਰੇ ਕੋਲ ਇੰਨਾ ਕੰਮ ਹੈ ਕਿ ਮੈਥੋਂ ਸਾਂਭਿਆ ਨਹੀਂ ਜਾਂਦਾ।" ਇਉਂ ਬਿੰਦਰ ਨੂੰ ਮਿਲ ਕੇ ਮੇਰਾ ਦਿਲ ਬਹੁਤ ਖ਼ੁਸ਼ ਹੋਇਆ। ਸਾਡਾ ਪਿੰਡ ਵਿਦਿਅਕ ਤੌਰ 'ਤੇ ਭਾਵੇਂ ਬਹੁਤ ਪੱਛੜਿਆ ਰਿਹਾ, ਪਰ ਹੋਰ ਕੰਮਾਂ ਵਿੱਚ ਸਾਡੇ ਪਿੰਡ ਦੇ ਵਿਅਕਤੀਆਂ ਨੇ ਬਹੁਤ ਤਰੱਕੀ ਕੀਤੀ, ਨਾਮ ਕਮਾਇਆ। ਸੁਨਾਮ ਵਿੱਚ ਮਾਰੂਤੀ ਕਾਰ ਦੀ ਪਾਣੀ ਵਾਲੀ ਟੈਂਕੀ ਬਣਾਉਣ ਵਾਲਾ ਸਾਡੇ ਪਿੰਡ ਦਾ ਵਾਲਮੀਕ ਦੀ ਫੁਲਵਾੜੀ ਵਿੱਚੋਂ ਸ. ਬਲਵੀਰ ਸਿੰਘ ਰੋਡਾ ਸੀ। ਸੁਨਾਮ ਵਿੱਚ ਸਭ ਤੋਂ ਪਹਿਲਾਂ ਵਿਕਰਮ ਹੋਟਲ ਵੀ ਉਸੇ ਨੇ ਹੀ ਬਣਾਇਆ।

ਮੈਨੂੰ ਇੱਕ ਮਰਹੂਮ ਆਗੂ ਦੀ ਗੱਲ ਚੇਤੇ ਆ ਗਈ। ਉਨ੍ਹਾਂ ਇੱਕ ਵਾਰ ਕਿਹਾ ਸੀ ਕਿ ਅੱਜ ਵਿਦਿਆਰਥੀਆਂ ਨੂੰ ਹੁਨਰ ਪੈਦਾ ਕਰਨ ਦੀ ਜ਼ਰੂਰਤ ਹੈ; ਜਿਸ ਵਿੱਚ ਹੁਨਰ ਹੈ, ਉਹ ਕਦੇ ਵੀ ਭੁੱਖਾ ਨਹੀਂ ਮਰੇਗਾ। ਉਨ੍ਹਾਂ ਕਿਹਾ ਕਿ ਇੱਕ ਪਲੰਬਰ ਵੀ ਡਿਪਟੀ ਕਮਿਸ਼ਨਰ ਨਾਲੋਂ ਵੱਧ ਪੈਸੇ ਕਮਾ ਲੈਂਦਾ ਹੈ। ਗੱਲ ਹੁਨਰ ਦੀ ਹੈ। ਉਨ੍ਹਾਂ ਕਿਹਾ ਕਿ ਅੱਜ ਬੜਾ ਅਫਸੋਸ ਹੈ ਕਿ ਗ੍ਰੈਜੂਏਸ਼ਨ ਪਾਸ ਕਈ ਵਿਦਿਆਰਥੀਆਂ ਨੂੰ ਵੀ ਪੰਜਾਬੀ ਵਿੱਚ ਅਰਜ਼ੀ ਲਿਖਣੀ ਨਹੀਂ ਆਉਂਦੀ।

ਦਿਨੋ-ਦਿਨ ਵਧ ਰਹੀ ਬੇਰੁਜ਼ਗਾਰੀ ਦੇ ਦੌਰ ਵਿੱਚ ਸਾਨੂੰ ਆਪਣਾ ਹੁਨਰ ਪਛਾਣ ਕੇ ਮਿਹਨਤ ਕਰਨੀ ਚਾਹੀਦੀ ਹੈ। ਜਿਹੜਾ ਵਿਦਿਆਰਥੀ ਹੁਨਰ ਅਨੁਸਾਰ ਮਿਹਨਤ ਕਰੇਗਾ, ਉਹ ਜ਼ਿੰਦਗੀ ਵਿੱਚ ਕਦੇ ਵੀ ਨਾਕਾਮ ਨਹੀਂ ਹੋਵੇਗਾ।

ਹਰਸੰਤ ਸਿੰਘ ਢੀਂਡਸਾ

# ਰਣਨੀਤਕ ਅਸਪੱਸਟਤਾ ਦਾ ਅੰਤ



ਦਹਾਕਿਆਂ ਤੋਂ ਰਣਨੀਤਕ ਅਸਪੱਸਟਤਾ ਨੂੰ ਸਿਆਣਪ, ਕਾਰਵਾਈ ਲਈ ਸਮਾਂ ਲੈਣ ਅਤੇ ਤਣਾਅ ਘਟਾਉਣ ਦਾ ਤਰੀਕਾ ਮੰਨਿਆ ਜਾਂਦਾ ਸੀ, ਜਿਸ ਦੇ ਸਹੀ ਜਾਂ ਗਲਤ ਹੋਣ ਬਾਰੇ ਇਤਿਹਾਸ ਹੀ ਆਪਣਾ ਨਿਰਣਾ ਦੇ ਸਕਦਾ ਹੈ। ਉਸ ਸੰਤੁਲਿਤ ਸੰਸਾਰ ਵਿੱਚ ਇਹ ਸਥਿਰਤਾ ਕਾਇਮ ਕਰਨ ਵਾਲਾ ਇੱਕ ਕਾਰਕ ਹੁੰਦੀ ਸੀ। ਇਸ ਦੇ ਉਲਟ ਅਜੋਕੀ ਵਿਸ਼ਵ ਵਿਵਸਥਾ ਵਿੱਚ ਇਹ ਫੈਸਲਿਆਂ ਨੂੰ ਮੁਲਤਵੀ ਕਰਨ, ਸਹਿਣਸ਼ੀਲਤਾ ਦੀ ਪਰਖ ਅਤੇ ਜਵਾਬਦੇਹੀ ਤੋਂ ਬਿਨਾਂ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦਾ ਸਾਧਨ ਬਣ ਗਈ ਹੈ। ਕਦੇ ਸਾਂਤੀ ਕਾਇਮ ਰੱਖਣ ਵਾਲੀ ਪਹੁੰਚ ਹੁਣ ਅਨਿਸਚਿਤਤਾ 'ਚ ਵਾਧਾ ਕਰਨ ਲੱਗੀ ਹੈ। ਇਸ ਦੇ ਸਿੱਟੇ ਵਜੋਂ ਰੁਖ ਬਦਲ ਦਿੱਤਾ ਗਿਆ। ਰਣਨੀਤਕ ਅਸਪੱਸਟਤਾ ਮਹਿਜ ਇਤਫਾਕਵੱਸ ਅਸਫਲ ਨਹੀਂ ਹੋਈ; ਇਸ ਨੂੰ ਜਾਣਬੁੱਝ ਕੇ ਪਛਾੜਿਆ ਗਿਆ ਹੈ।

ਕੌਮਾਂਤਰੀ ਵਿਵਸਥਾ ਨੇ ਹੌਲੀ-ਹੌਲੀ ਨਿਯੰਤਰਣ ਨੂੰ ਚੁੱਪ ਦਰਸਾਉਣਾ ਸਿੱਖ ਲਿਆ ਹੈ। ਔਖੇ ਸਵਾਲਾਂ ਦੇ ਜਵਾਬ ਨਾ ਦਿੱਤੇ ਗਏ, ਸਪੱਸਟ ਹੱਦਾਂ ਤੈਅ ਨਾ ਕੀਤੀਆਂ ਗਈਆਂ ਅਤੇ ਸਮਾਂ-ਸੀਮਾਵਾਂ ਵੀ ਪਰਿਭਾਸਿਤ ਨਹੀਂ ਕੀਤੀਆਂ ਗਈਆਂ। ਬੇਮੇਲ ਇੱਛਾਵਾਂ ਅਤੇ ਮੌਕਾਪ੍ਰਸਤੀ ਵਾਲੇ ਸੁਧਾਰਵਾਦ ਦੇ ਇਸ ਯੁੱਗ ਵਿੱਚ ਰਣਨੀਤਕ ਅਸਪੱਸਟਤਾ ਲਾਹੇਵੰਦ ਨੀਤੀ ਤੋਂ ਗਲ ਪਏ ਢੋਲ ਵਿੱਚ ਬਦਲ ਗਈ ਹੈ, ਜਿਸ ਦਾ ਉਨ੍ਹਾਂ ਵੱਲੋਂ ਲਾਹਾ ਲਿਆ ਜਾਂਦਾ ਹੈ ਜਿਨ੍ਹਾਂ ਨੂੰ ਦੇਰੀ ਤੋਂ ਫਾਇਦਾ ਹੁੰਦਾ ਹੈ ਜਦੋਂਕਿ ਵਿਵਸਥਾ 'ਤੇ ਨਿਰਭਰ ਰਹਿਣ ਵਾਲਿਆਂ ਨੂੰ ਇਸ ਦੀ ਕੀਮਤ ਚੁਕਾਉਣੀ ਪੈਂਦੀ ਹੈ।

ਰਣਨੀਤਕ ਅਸਪੱਸਟਤਾ ਟਾਲ-ਮਟੋਲ ਦੀ ਨੀਤੀ ਵਜੋਂ ਸੁਰੂ ਨਹੀਂ ਹੋਈ ਸੀ। ਇਸ ਦਾ ਉਦੇਸ ਇਰਾਦਿਆਂ ਨੂੰ ਪਰਖਣਾ ਅਤੇ ਮੱਤਭੇਦ ਦੂਰ ਕਰਨਾ ਸੀ। ਸਬੰਧਿਤ ਧਿਰਾਂ ਦੀ ਦੁਵੱਲੀ ਨੀਤੀ ਹੋਣ ਅਤੇ ਤਵਾਜਨ ਕਾਇਮੀ ਦੇ ਇਰਾਦਿਆਂ ਕਾਰਨ ਇਹ ਕਾਰਗਰ ਸੀ। ਸਮਾਂ ਪਾ ਕੇ ਦੁਹਰਾਅ ਕਾਰਨ ਇਹ ਕਾਰਗਰ ਨਾ ਰਹੀ। ਜੋ ਢੰਗ ਤਰੀਕੇ ਅਸਥਾਈ ਹੋਣੇ ਚਾਹੀਦੇ ਸਨ ਉਹ ਆਦਤ ਹੀ ਬਣ ਗਏ; ਇਰਾਦਿਆਂ ਨੂੰ ਪਰਖਣ ਲਈ ਵਰਤੀ ਜਾਂਦੀ ਇਹ ਨੀਤੀ ਯਥਾਸਥਿਤੀ ਨੂੰ ਹੌਲੀ ਹੌਲੀ ਜਾਣਬੁੱਝ ਕੇ ਖੋਰਾ ਲਾਉਣ ਲਈ ਮੁਖੌਟਾ ਬਣ ਗਈ।

ਜਦੋਂ ਅਸਪੱਸ਼ਟਤਾ ਬੇਮੇਲ ਹੋ ਜਾਵੇ

ਅਸ਼ਾਂਤ ਸਰਹੱਦਾਂ 'ਤੇ ਇਹ ਸਭ ਤੋਂ ਪ੍ਰਤੱਖ ਦਿਸਦੀ ਹੈ। ਇਸ ਨੀਤੀ ਦੀ ਕੀਮਤ ਬਹੁਤ ਜਿਆਦਾ ਉਚਾਈ ਅਤੇ ਸਾਰਾ ਸਾਲ ਬਰਫ ਨਾਲ ਭਰੇ ਰਹਿਣ ਵਾਲੇ ਘੱਟ ਆਕਸੀਜਨ ਵਾਲੇ ਖੇਤਰਾਂ ਵਿੱਚ ਪਤਾ ਲੱਗਦੀ ਹੈ। ਇਸ ਦੀ ਕੀਮਤ ਪਹਿਲਾਂ ਨਾਗਰਿਕ ਨੂੰ ਤਾਰਨੀ ਪੈਂਦੀ ਹੈ, ਜਿਵੇਂ ਉਸ ਚਰਵਾਹੇ ਨੂੰ ਜਿਸ ਦੀ ਪੀੜ੍ਹੀਆਂ ਤੋਂ ਚਲੀ ਆ ਰਹੀ ਚਰਾਗਾਹ ਦੇ ਰਾਹ 'ਚ ਨਵੀਂ, ਅਣਜਾਣ ਵਾੜ ਲੱਗ ਜਾਵੇ ਜਾਂ ਫਿਰ ਉਸ ਪਿੰਡ ਵਾਸੀ ਨੂੰ ਜਿਸ ਦੇ ਜੱਦੀ ਪਿੰਡ ਨੂੰ ਰਾਤ ਦੀ ਗਸਤ ਪਾਰਟੀ ਚੁੱਪਚਾਪ ਆਪਣਾ ਖੇਤਰ ਸਮਝ ਕੇ ਮੱਲ ਲਵੇ। ਤੇ ਕਦੇ ਦੂਰ ਸਮੁੰਦਰੀ ਪਾਣੀਆਂ ਵਿੱਚ ਠਿੱਲੀਆਂ ਕਿਸਤੀਆਂ 'ਚ ਮਛੇਰਿਆਂ ਵੱਲੋਂ ਬੈਠ ਕੇ ਰੋਜੀ ਕਮਾਉਣ ਨੂੰ ਰਾਤੋ-ਰਾਤ ਅਪਰਾਧ ਬਣਾ ਦਿੱਤਾ ਜਾਵੇ, ਇਹ ਸਭ ਇਸ ਕਰਕੇ ਨਹੀਂ ਕਿ ਜਨਤਕ ਤੌਰ 'ਤੇ ਨਕਸ਼ੇ ਦੁਬਾਰਾ ਬਣਾਏ ਗਏ ਸਨ ਸਗੋਂ ਇਸ ਲਈ ਕਿਉਂਕਿ ਜਾਣਬੁੱਝ ਕੇ ਸਪੱਸ਼ਟ ਹੱਦ ਨਹੀਂ ਸੀ ਉਲੀਕੀ ਗਈ।

ਬੇਯਕੀਨੀ ਇਨ੍ਹਾਂ ਸਰਹੱਦਾਂ 'ਤੇ ਤਾਇਨਾਤ ਸੈਨਿਕਾਂ ਦੇ ਹੱਡੀਂ ਰਚ ਜਾਂਦੀ ਹੈ। ਉਹ ਨਿਰਵਿਘਨ ਨਿਯੰਤਰਣ ਬਣਾਈ ਰੱਖਣ ਦੇ ਪੁਰਸਲਾਤ 'ਤੇ ਤੁਰਦੇ ਰਹਿੰਦੇ ਹਨ। ਜਦੋਂ ਉਲਝਣ ਟਕਰਾਅ ਵਿੱਚ ਬਦਲ ਜਾਂਦੀ ਹੈ ਤਾਂ ਰਾਜਧਾਨੀਆਂ ਵੱਲੋਂ ਫੈਸਲੇ ਲੈਣ ਦੀ ਘਾਟ ਕਾਰਨ ਪੈਦਾ ਹੋਏ ਖਤਰਿਆਂ ਨਾਲ ਸਿੱਝਣ ਲਈ ਉਨ੍ਹਾਂ ਨੂੰ ਮਨੁੱਖੀ ਢਾਲਾਂ ਬਣਾ ਕੇ ਅੱਗੇ ਭੇਜ ਦਿੱਤਾ ਜਾਂਦਾ ਹੈ।

ਰੁਖ ਬਦਲਣ ਦੀ ਜਮਹੂਰੀ ਕੀਮਤ

ਲੰਮਾ ਸਮਾਂ ਚਲਦੀ ਰਣਨੀਤਕ ਅਸਪੱਸ਼ਟਤਾ ਦੀ ਕੀਮਤ ਸਾਰੇ ਇੱਕੋ ਜਿੰਨੀ ਨਹੀਂ ਤਾਰਦੇ। ਜਮਹੂਰੀਅਤਾਂ ਬਹਿਸ ਅਤੇ ਜਵਾਬਦੇਹੀ ਰਾਹੀਂ ਅੰਦਰੂਨੀ ਤੌਰ 'ਤੇ ਅਨਿਸਚਿਤਤਾ ਨੂੰ ਜਜ਼ਬ ਕਰਦੀਆਂ ਹਨ। ਸੁਧਾਰਵਾਦੀ ਪ੍ਰਣਾਲੀਆਂ ਹਨੇਰੇ ਵਿੱਚ ਅਸਪੱਸ਼ਟਤਾ ਨੂੰ ਅਮਲ ਵਿੱਚ ਲਿਆਉਂਦੀਆਂ ਹਨ। ਬੇਮੇਲ ਮੁਕਾਬਲਿਆਂ ਵਿੱਚ ਕਿਸੇ ਵੀ ਕਿਸਮ ਦੀ ਰਣਨੀਤਕ ਅਸਪੱਸ਼ਟਤਾ ਮਜਬੂਤ ਧਿਰ ਦਾ ਹੀ ਪੱਖ ਪੂਰਦੀ ਹੈ। ਰੁਖ ਬਦਲਣ ਜਾਂ ਮਸਲਾ ਟਾਲੀ ਰੱਖਣ ਦੀਆਂ ਕੋਸ਼ਿਸ਼ਾਂ ਦੀ ਕੀਮਤ ਵੀ ਦੋਵੇਂ ਦੁਸ਼ਮਣ ਮੁਲਕ ਇੱਕੋ ਜਿੰਨੀ ਨਹੀਂ ਤਾਰਦੇ ਅਤੇ ਕਮਜੋਰ ਮੁਲਕ ਕੋਲ ਰਸਮੀ ਚੋਣ ਕਰਨ ਦਾ ਵੀ ਵਿਕਲਪ ਨਹੀਂ ਰਹਿੰਦਾ। ਅਜਿਹੇ ਹਾਲਾਤ ਵਿੱਚ ਰਣਨੀਤਕ ਸਪੱਸਟਤਾ ਟਕਰਾਅ 'ਚ ਵਾਧਾ ਨਹੀਂ ਕਰਦੀ ਸਗੋਂ ਜਮਹੂਰੀਅਤ ਦੀ ਸਿਹਤ ਲਈ ਚੰਗੀ ਹੁੰਦੀ ਹੈ।

ਨਿਯਮ ਕੌਣ ਘੜਦਾ ਹੈ?

ਜਦੋਂ ਜਮਹੂਰੀਅਤਾਂ ਯੋਜਨਾਬੰਦੀ ਨੂੰ ਟਾਲਦੀਆਂ ਹਨ ਤਾਂ ਉਹ ਆਪਣੀ ਹੋਣੀ ਆਪ ਘੜਨ ਦੇ ਹੱਕ ਨੂੰ ਤਿਆਗ ਦਿੰਦੀਆਂ ਹਨ। ਨਿਯਮ ਸਹਿਮਤੀ ਨਾਲ ਨਹੀਂ ਸਗੋਂ ਫੌਜਾਂ ਚਾੜ੍ਹਨ ਦੇ ਡਰਾਵੇ ਨਾਲ ਬਦਲਦੇ ਹਨ। ਅਸਪੱਸ਼ਟਤਾ ਚੋਣ ਦੇ ਵਿਕਲਪਾਂ ਨੂੰ ਖਤਮ ਕਰ ਦਿੰਦੀ ਹੈ ਤੇ ਆਖਰ ਇੱਕੋ ਵਿਕਲਪ ਰਹਿ ਜਾਂਦਾ ਹੈ, ਜੋ ਚੁਣਨਾ ਕਮਜੋਰ ਧਿਰ ਦੀ ਮਜਬੂਰੀ ਹੁੰਦਾ ਹੈ। ਇੱਕ ਸਦੀ ਤੋਂ ਵੱਧ ਸਮਾਂ ਪਹਿਲਾਂ ਬਰਤਾਨਵੀ ਲਾਰਡ ਕਰਜਨ ਨੇ ਦੇਖਿਆ ਕਿ ਸਰਹੱਦਾਂ ਦੇ ਮਸਲੇ ਅਸਥਿਰ ਛੱਡਣਾ ਉਨ੍ਹਾਂ ਨੂੰ ਸੁਲਝਾਉਣ ਨਾਲੋਂ ਵਧੇਰੇ ਲਾਭਦਾਇਕ ਹੋ ਸਕਦਾ ਹੈ। ਉਸ ਨੂੰ ਇਸ ਗੱਲ ਦੀ ਸੂਝ ਸੀ ਕਿ ਅਜਿਹਾ ਕਰਕੇ ਉਹ ਆਪਣੀ ਪਕੜ ਬਣਾਈ ਰੱਖ ਸਕਦੇ ਹਨ। ਅਸਪੱਸ਼ਟਤਾ ਉਸ ਧਿਰ ਲਈ ਲਾਹੇਵੰਦ ਹੁੰਦੀ ਹੈ, ਜੋ ਨਕਸੇ ਨੂੰ ਬਦਲਣ ਯੋਗ ਸਮਝਦਿਆਂ ਸਮੇਂ ਨੂੰ ਹਥਿਆਰ ਵਜੋਂ ਵਰਤਦੀ ਹੈ।

ਸਮਾਂ-ਸੀਮਾਵਾਂ ਦਾ ਟਕਰਾਅ: 2035 ਅਤੇ 2047

ਰਣਨੀਤਕ ਅਸਪੱਸ਼ਟਤਾ ਦੇ ਤਰਕ ਦੇ ਹੁਣ ਬਹੁਤੇ ਚੰਗੇ ਸਿੱਟੇ ਨਹੀਂ ਨਿਕਲਦੇ। ਸਥਿਰਤਾ ਹੁਣ ਅਣਕਹੀ 'ਤੇ ਨਿਰਭਰ ਨਹੀਂ ਕਰਦੀ ਸਗੋਂ ਇਸ ਬਾਰੇ ਤੈਅ ਕਰਨਾ ਲਾਜਮੀ ਹੈ। ਸਮਾਂ-ਸੀਮਾਵਾਂ ਦਾ ਟਕਰਾਅ ਹੀ ਕਿਸੇ ਫੈਸਲੇ ਦੀ ਲੋੜ ਨੂੰ ਨਿਰਧਾਰਤ ਕਰਦਾ ਹੈ। ਚੀਨ ਦੀ ਸਰਕਾਰ ਨੇ ਆਪਣੇ ਦੇਸ ਦੇ ਕਾਇਆ ਕਲਪ ਲਈ ਸਾਲ 2035 ਤੱਕ ਦਾ ਸਮਾਂ ਨਿਰਧਾਰਤ ਕੀਤਾ ਹੈ ਜਦੋਂਕਿ ਭਾਰਤ ਦਾ ਸਾਲ 2047 ਦੇ ਆਜਾਦੀ ਦਿਹਾੜੇ ਤੱਕ ਮਿੱਥੇ ਟੀਚੇ ਹਾਸਲ ਕਰਨ ਦਾ ਇਰਾਦਾ ਹੈ। ਕੋਈ ਵੀ ਦੂਜਿਆਂ ਵੱਲੋਂ ਤੈਅ ਸਮਾਂ-ਸੀਮਾਵਾਂ ਮੁਤਾਬਿਕ ਦੇਸ਼ ਦੀ ਮਜਬੂਤੀ ਦਾ ਟੀਚਾ ਹਾਸਲ ਨਹੀਂ ਕਰ ਸਕਦਾ। ਜਦੋਂ ਇੱਕ ਪੱਖ ਦਹਾਕਿਆਂ ਲਈ ਯੋਜਨਾ ਬਣਾਉਂਦਾ ਹੈ ਅਤੇ ਦੂਜਾ ਰੁਕ ਰੁਕ ਕੇ ਕਦੇ-ਕਦਾਈਂ ਜਵਾਬ ਦਿੰਦਾ ਹੈ ਤਾਂ ਰਣਨੀਤਕ ਅਸਪੱਸ਼ਟਤਾ ਦੀ ਨੀਤੀ ਨਿਰਪੱਖ ਨਹੀਂ ਰਹਿੰਦੀ; ਇਹ ਦੂਜੇ ਦੀ ਮਹੱਤਵਕਾਂਖਿਆ ਲਈ ਸਹਾਇਕ ਬਣ ਜਾਂਦੀ ਹੈ।

ਹੁਣ ਸਮਾਂ ਕਿਉਂ ਮਾਅਨੇ ਰੱਖਦਾ ਹੈ

ਯੋਜਨਾਬੰਦੀ ਲਈ ਸਮੇਂ ਮੁਤਾਬਿਕ ਅਨੁਸਾਸਨ 'ਚ ਰਹਿੰਦਿਆਂ ਕੰਮ ਕਰਨ ਦੀ ਲੋੜ ਹੁੰਦੀ ਹੈ। ਸਮਾਂ-ਸੀਮਾ ਵਾਲੇ ਢਾਂਚੇ 'ਚ ਦੇਰੀ ਨਾਲ ਲਾਭ ਨਹੀਂ ਹੁੰਦਾ। ਜਦੋਂ ਇੱਕ ਵਾਰ ਸਮਾਂ-ਸੀਮਾ ਤੈਅ ਕਰ ਕੇ ਸਰਹੱਦਾਂ ਮਿਥੀਆਂ ਜਾਂਦੀਆਂ ਹਨ ਤਾਂ ਸੰਜਮ ਦਿਖਾਉਣ ਵਾਲੀ ਧਿਰ ਨੂੰ ਨਹੀਂ ਸਗੋਂ ਉਲੰਘਣਾ ਕਰਨ ਵਾਲੀ ਧਿਰ ਨੂੰ ਆਪਣੀ ਸਫਾਈ ਦੇਣ ਦੀ ਲੋੜ ਪੈਂਦੀ ਹੈ। ਵਿਹਾਰਕ ਰੂਪ ਵਿੱਚ ਇਹ ਤਰਕ ਲੰਮੇ ਸਮੇਂ ਦੀ ਸਮਾਂ-ਸੀਮਾ ਵਾਲੀ ਪਕੜ ਵੱਲ ਇਸਾਰਾ ਕਰਦਾ ਹੈ, ਜਿਸ ਨੂੰ ਮਹੀਨਿਆਂ ਵਿੱਚ ਨਹੀਂ ਸਗੋਂ ਦਹਾਕਿਆਂ ਵਿੱਚ ਮਾਪਿਆ ਜਾਂਦਾ ਹੈ। ਇਸ ਨਾਲ ਮੌਜੂਦਾ ਸਥਿਤੀ ਜਿਉਂ ਦੀ ਤਿਉਂ ਰਹਿੰਦੀ ਹੈ ਅਤੇ ਇਸ ਦਾ ਹੱਲ ਬਾਅਦ ਵਿੱਚ ਵਧੇਰੇ ਢੁਕਵੇਂ ਸਮੇਂ ਤੱਕ ਮੁਲਤਵੀ ਕਰ ਦਿੱਤਾ ਜਾਂਦਾ ਹੈ। ਪੰਦਰਾਂ ਤੋਂ ਵੀਹ ਸਾਲ ਦਾ ਸਮਾਂ ਖੇਤਰੀ ਸਥਿਰਤਾ ਲਈ ਰਿਆਇਤ ਨਹੀਂ ਹੈ ਸਗੋਂ ਇਹ ਸਬਰ ਦਾ ਪ੍ਰਗਟਾਵਾ ਹੈ। ਇਹ ਗੱਲਬਾਤ ਨੂੰ ਰੋਕ ਕੇ ਜਾਂ ਇਕਪਾਸੜ ਤਬਦੀਲੀ ਨੂੰ ਜਾਇਜ ਠਹਿਰਾਏ ਬਿਨਾਂ ਰਣਨੀਤਕ ਅਸਪੱਸ਼ਟਤਾ ਨੂੰ ਜਿੰਮੇਵਾਰੀ ਅਤੇ ਜਵਾਬਦੇਹੀ ਵਿੱਚ ਬਦਲ ਦਿੰਦਾ ਹੈ।

ਇੱਕ ਨਿਸਚਿਤ ਸਮੇਂ ਲਈ ਸਥਿਤੀ ਨੂੰ ਜਿਉਂ ਦੀ ਤਿਉਂ ਰੱਖਣਾ ਮਜਬੂਤ ਧਿਰ ਨੂੰ ਹੌਲੀ-ਹੌਲੀ ਅੱਗੇ ਵਧਣ ਤੋਂ ਰੋਕਦਾ ਹੈ ਅਤੇ ਸੁਧਾਰਵਾਰ ਨੂੰ ਚੁੱਪ-ਚੁਪੀਤੀ ਮੁਹਿਮ ਦੀ ਬਜਾਏ ਸੋਚੀ ਸਮਝੀ ਕਾਰਵਾਈ ਵਜੋਂ ਉਭਾਰਦਾ ਹੈ। ਕਿਸੇ ਵੇਲੇ ਸਕਤੀਸਾਲੀ ਧਿਰ ਦੁਆਰਾ ਹਥਿਆਰ ਵਜੋਂ ਵਰਤਿਆ ਜਾਂਦਾ ਸਮਾਂ ਉਸ ਦੇ ਇਰਾਦੇ ਦੇ ਰਾਹ 'ਚ ਰੁਕਾਵਟ ਬਣ ਜਾਂਦਾ ਹੈ। ਜਾਂ ਤਾਂ ਸਬਰ ਦੂਜੀ ਧਿਰ ਦੀ ਇੱਛਾ ਦੀ ਪੂਰਤੀ ਨੂੰ ਛੇਤੀ ਕੀਤਿਆਂ ਪੂਰੀ ਹੋਣ ਤੋਂ ਰੋਕਦਾ ਹੈ ਜਾਂ ਫਿਰ ਸਰਹੱਦਾਂ 'ਤੇ ਉਲੰਘਣਾਵਾਂ ਉਸ ਦੇ ਇਰਾਦਿਆਂ ਨੂੰ ਪ੍ਰਗਟ ਕਰ ਦਿੰਦੀਆਂ ਹਨ।

ਯੋਜਨਾਬੰਦੀ ਨਾਲ ਮਸਲਾ ਲਟਕਦਾ ਨਹੀਂ

ਯੋਜਨਾਬੰਦੀ ਨਾਲ ਮਸਲੇ ਲਟਕਦੇ ਨਹੀਂ। ਇਹ ਇੱਕ ਐਲਾਨ ਹੁੰਦੀ ਹੈ। ਇਹ ਸੋਚੀ ਸਮਝੀ ਕਾਰਵਾਈ ਹੁੰਦੀ ਹੈ, ਜਿਸ ਰਾਹੀਂ ਕੋਈ ਜਮਹੂਰੀਅਤ ਜਨਤਕ ਤੌਰ 'ਤੇ ਸਪੱਸ਼ਟ ਦੱਸਦੀ ਹੈ ਕਿ ਹੁਣ ਕਿਸ ਮਸਲੇ ਬਾਰੇ ਸਮਝੌਤਾ ਨਹੀਂ ਕੀਤਾ ਜਾਵੇਗਾ, ਕਿਸ ਗੱਲ ਦੀ ਸਮੀਖਿਆ ਕੀਤੀ ਜਾਵੇਗੀ ਅਤੇ ਕਿਸ ਕਦਮ ਦੇ ਕੀ ਸਿੱਟੇ ਨਿਕਲਣਗੇ? ਯੋਜਨਾਬੰਦੀ ਦਾ ਮਕਸਦ ਆਪਣੀ ਗੱਲ 'ਤੇ ਅੜਨਾ ਨਹੀਂ ਹੁੰਦਾ ਸਗੋਂ ਇਹ ਰਣਨੀਤਕ ਅਸਪੱਸ਼ਟਤਾ ਕਾਰਨ ਦੂਜੀ ਧਿਰ ਲਈ ਨੈਤਿਕ ਤੌਰ 'ਤੇ ਬਚ ਨਿਕਲਣ ਲਈ ਰਾਹ ਨਹੀਂ ਛੱਡਦੀ।

ਸੰਜਮ ਤੋਂ ਜਿੰਮੇਵਾਰੀ ਤੱਕ

ਸਮਾਂ-ਬੱਧ ਯੋਜਨਾਬੰਦੀ ਸਾਂਤੀ ਨੂੰ ਭੰਗ ਨਹੀਂ ਕਰਦੀ। ਇਹ ਜਿੰਮੇਵਾਰੀ ਤੈਅ ਕਰਦੀ ਹੈ। ਜਦੋਂ ਸਮੇਂ ਮੁਤਾਬਿਕ ਸੀਮਾਵਾਂ ਤੈਅ ਕੀਤੀਆਂ ਜਾਂਦੀਆਂ ਹਨ ਤਾਂ ਸੰਜਮ ਦਾ ਰਾਹ ਅਪਣਾਉਣ ਲਈ ਅਫਸੋਸ ਨਹੀਂ ਹੁੰਦਾ ਸਗੋਂ ਹੱਦ ਉਲੰਘਣ ਵਾਲੇ ਮੁਲਕ 'ਤੇ ਨੈਤਿਕ ਬੋਝ ਹੁੰਦਾ ਹੈ। ਸਪੱਸਟਤਾ ਭੜਕਾਹਟ ਨਹੀਂ ਹੈ; ਇਹ ਜਵਾਬਦੇਹ ਬਣਾਉਣ ਦੀ ਕਾਰਵਾਈ ਹੈ।

ਰਣਨੀਤਕ ਉਡੀਕ ਦਾ ਅੰਤ

ਕਿਸੇ ਵੇਲੇ ਰਣਨੀਤਕ ਅਸਪੱਸਟਤਾ ਨਾਲ ਤਵਾਜਨ ਕਾਇਮ ਰਹਿੰਦਾ ਸੀ। ਅੱਜ ਇਹ ਉਨ੍ਹਾਂ ਧਿਰਾਂ ਲਈ ਲਾਹੇਵੰਦ ਹੁੰਦੀ ਹੈ, ਜੋ ਦੇਰੀ ਤੋਂ ਲਾਭ ਉਠਾਉਂਦੇ ਹਨ। ਖਾਕਾ ਮੁੜ ਉਲੀਕਣ ਦਾ ਮਤਲਬ ਟਕਰਾਅ ਦੇ ਰਾਹ ਪੈਣਾ ਨਹੀਂ; ਇਸ ਦਾ ਅਰਥ ਹੈ ਆਪਣਾ ਭਵਿੱਖ ਆਪ ਤੈਅ ਕਰਨਾ। ਆਪਣੀਆਂ ਸਰਤਾਂ ਆਪ ਤੈਅ ਨਾ ਕਰਨ ਵਾਲੇ ਸਾਂਤੀ ਕਾਇਮ ਨਹੀਂ ਰੱਖਦੇ ਸਗੋਂ ਉਹ ਆਪਣਾ ਭਵਿੱਖ ਦੂਜਿਆਂ ਦੇ ਹੱਥੀਂ ਦੇ ਦਿੰਦੇ ਹਨ। ਵਿਹਾਰਕ ਤੌਰ 'ਤੇ ਸਮਾਂ-ਬੱਧ ਜਾਂ ਨਿਯਮਿਤ ਵਕਫੇ 'ਤੇ ਕੀਤੀ ਸਮੀਖਿਆ ਆਧਾਰਿਤ ਯੋਜਨਾਬੰਦੀ ਸੰਜਮ ਨੂੰ ਸਬਰ ਕਰਨ ਦੀ ਥਾਂ ਜਿੰਮੇਵਾਰ ਢਾਂਚੇ ਵਿੱਚ ਬਦਲਦੀ ਹੈ।

ਸੰਜਮ ਉਦੋਂ ਆਪਣੀ ਨੈਤਿਕ ਉੱਚਤਾ ਗੁਆ ਬੈਠਦਾ ਹੈ ਜਦੋਂ ਕੋਈ ਦੂਜਾ ਇਸ 'ਤੇ ਆਪਣੀ ਮਰਜੀ ਥੋਪ ਦੇਵੇ। ਜਦੋਂ ਇਕਪਾਸੜ ਲਾਭ ਹੀ ਹੋਵੇ ਤਾਂ ਸੰਵਾਦ ਵੀ ਨਿਰਜਿੰਦ ਹੁੰਦਾ ਹੈ। ਮਸਲੇ ਦੇ ਹੱਲ ਵਿੱਚ ਦੇਰੀ ਨਾਲ ਹੁਣ ਸੁਰੱਖਿਆ ਨਹੀਂ ਕੀਤੀ ਜਾ ਸਕਦੀ; ਇਹ ਸਿਰਫ ਚਰਵਾਹੇ ਤੋਂ ਲੈ ਕੇ ਗਸਤ ਅਤੇ ਸਿਪਾਹੀ ਤੱਕ ਨੂੰ ਜੋਖਮ ਵਿੱਚ ਪਾ ਸਕਦੀ ਹੈ। ਸੁਨ ਜ਼ੂ ਨੇ ਅਸਪੱਸਟਤਾ ਨੂੰ ਧੋਖੇ ਨਾਲ ਜੋੜਿਆ। ਚਾਣਕਿਆ ਨੇ ਚਿਤਾਵਨੀ ਦਿੱਤੀ ਸੀ ਕਿ ਦੇਰੀ ਨਾਲ ਲਏ ਗਏ ਫੈਸਲੇ ਰਾਜ ਖੁੱਸਣ ਤੱਕ ਦਾ ਕਾਰਨ ਬਣ ਸਕਦੇ ਹਨ। ਕਲਾਜਵਿਟਜ ਨੇ ਸਾਨੂੰ ਚੇਤੇ ਕਰਵਾਇਆ ਕਿ ਝਿਜਕ ਦੁਸਮਣ ਨੂੰ ਪਹਿਲਕਦਮੀ ਤੇ ਕਬਜਾ ਕਰਨ ਦਾ ਮੌਕਾ ਦਿੰਦੀ ਹੈ। ਰਣਨੀਤਕ ਉਡੀਕ ਦਾ ਯੁੱਗ ਖਤਮ ਹੋ ਗਿਆ ਹੈ। ਭਵਿੱਖ ਵਿੱਚ ਯੋਜਨਾਬੰਦੀ ਹੀ ਕਾਰਗਰ ਹੋਵੇਗੀ।

**ਲੈਫਟੀਨੈਂਟ ਜਨਰਲ**
**ਐਸ. ਐਸ. ਮਹਿਤਾ (ਰਿਟ:)**

---

*(ਸਫ਼ਾ ਨੰ 16 ਦਾ ਬਾਕੀ)*

ਸ ਭਗਤ ਸਿਹੁੰ ਦੀ ਇੰਡੀਅਨ ਨੈਸ਼ਨਲ ਆਰਮੀ ਨੌਜਵਾਨ ਭਾਰਤ ਸਭਾ ਦਾ ਗਠਨ ਦੇ ਰੋਹ ਭਰੇ ਕਿੱਸੇ ਸੁਣਾਉਂਦਾ ਬਾਬਾ ਫਕੀਰੀਆ ਕਾਂਗਰਸ ਪਾਰਟੀ ਦੇ ਅੰਗਰੇਜ਼ੀ ਰਾਜ ਨਾਲ਼ ਅੰਦਰਖਾਤੇ ਕੀਤੀ ਗੰਢ-ਤੁੱਪ ਸਦਕਾ ਸੰਤਾਲੀ ਚ ਸਤਾ ਦੀ ਤਬਦੀਲੀ ਵੇਲੇ ਪੰਜਾਬ ਵਿੱਚ ਵਰਤੇ ਅਨਰਥਾਂ ਦੀ ਬਾਤ ਪਾਉਂਦਾ ਪਾਉਂਦਾ ਭਾਵੁਕ ਹੋ ਜਾਂਦਾ ਸੀ।

47 ਦੇ ਦੁਖਾਂਤ ਦੀ ਗੱਲ ਕਰਦਿਆਂ ਕਈ ਵਾਰ ਮਨ ਭਰ ਆਉਂਦਾ ਸੀ ਬਾਬਾ ਫਕੀਰੀਆ। ਆਪਣੇ ਪਿੰਡ ਦੇ ਤੇਲੀਆਂ ਦਾ ਟੱਬਰ, ਆਪਣੀ ਜੰਮਣ ਭੋਇੰ ਨੂੰ ਛੱਡ ਕੇ ਜਾਣਾ ਨਹੀਂ ਸੀ ਜਾਣਾ ਚਾਹੁੰਦਾ ।ਪਰ ਸਾਡੇ ਪਿੰਡ ਦੇ ਕੁਝ ਲੱਠ ਮਾਰਾਂ ,ਉਹਨਾਂ ਦੀਆਂ ਧੀਆਂ ਤੇ ਅੱਖ ਰੱਖ ਲਈ ਸੀ । ਉਹ ਵਿਚਾਰੇ ਚਲੇ ਗਏ ਸੀ।

ਚਣਕੋਆ ਮੁਸਲਮਾਨ ਵਸੋਂ ਵਾਲ਼ਾ ਵੱਡਾ ਪਿੰਡ ਸੀ। ਚਣਕੋਆ ਵਿਖੇ ਆਸ ਪਾਸ ਦੇ ਪਿੰਡਾਂ ਦੇ ਮੁਸਲਮਾਨ ਇਕੱਠੇ ਹੋ ਗਏ ਸਨ ਰੌਲ਼ਿਆਂ ਵੇਲੇ।ਬੀਰੋਵਾਲ ਦੇ ਸਾਧ ਦੇ ਲਫਟੈਣਾਂ ਨੇ ਕੁਝ ਨਾ ਵਿਚਾਰਿਆ। ਸਿੱਖੀ ਸੋਚ ਨੂੰ ਤਿਲਾਂਜਲੀ ਦੇ ਦਿੱਤੀ। ਸਿੰਬਲ ਮਜਾਰਾ ਦਾ ਚੁਸ਼ਮਿਆਂ ਤੱਕ ਫੈਲਿਆ ਹੋਇਆ ਅੰਬਾਂ ਦਾ ਬਾਗ । ਕਹਿੰਦੇ ਹੁੰਦੇ ਸਨ ਕਿ ਵੀਰੋਵਾਲੀਏ ਸਾਧ ਕੋਲ ਮਸ਼ੀਨ ਗਨ ਹੈ।ਬਾਗ਼ ਚ ਇਕੱਠ ਕਰਕੇ ਆ ਹਮਲਾਵਾਰ ਹੋਏ ਚਣਕੋਆ ਤੇ। ਬਲਾਚੌਰ ਗੜ੍ਹਸ਼ੰਕਰ ਸੜਕ ਤੇ ਬਾਹਰਲੀ ਕੋਠੀ ਬੈਠਾ ਰਹਿਮੇ ਖਾਂ । ਇਲਾਕੇ ਚ ਸਭ ਦਾ ਸਤਿਕਾਰਤ ਨਾਂ ਸੀ ।ਬਿਨਾਂ ਕਿਸੀ ਕਾਰਨ ਕਤਲ ਕਰ ਦਿੱਤਾ ।ਲੁੱਟ ਖੋਹ ਨੂੰ ਪਰਣਾਏ ,ਉਸਦੇ ਨਾਲ ਤੁਰੀ ਹੋਈ ਲਗੌੜ ਨੇ, ਚਣਕੋਆ ਘੇਰ ਲਿਆ ਸੀ ।ਮਸੀਤ ਵਾਲੀ ਖੂਹੀ ਵਿੱਚ ਮੁਸਲਮਾਨ ਔਰਤਾਂ ਛਾਲਾਂ ਮਾਰ ਦਿੱਤੀਆਂ ।ਪੁੱਤਰੋ ਪੁੱਛੋ ਕੁਝ ਨਾ, ਜਿਹੜੀ ਉਹਨਾਂ ਵਿਚਾਰਿਆਂ ਨਾਲ ਹੋਈ ਬਾਬਾ ਆਖਦਾ।

ਪੁੱਤਰੋ ਦੇਸ਼ ਨਹੀਂ ਸੀ ਵੰਡਿਆ ਗਿਆ। 47 ਵਿਚ ਪੰਜਾਬ ਵੰਡਿਆ ਗਿਆ ਸੀ ਅਤੇ ਬੰਗਾਲ। ਇਹਨਾਂ ਦੋਵਾਂ ਸੂਬਿਆਂ ਨੇ ਕਦੀ ਵੀ ਕਿਸੇ ਵੀ ਹਾਕਮ ਦੀ ਗੁਲਾਮੀ ਨਹੀਂ ਸੀ ਕਬੂਲੀ। ਨਾਬਰੀ ਸੁਭਾਅ ਦੇ ਪੰਜਾਬੀ ਗੋਰੇ ਦੀ ਅੱਖ ਚ ਰੜਕਦੇ ਸਨ। ਪੰਜਾਬ ਪੰਜਾਬੀਆਂ ਦਾ ਸੀ, ਪੰਜਾਬ ਪੰਜਾਬੀਆਂ ਦਾ ਹੈ ,ਇਹ ਕਿਸੇ ਸਿੱਖ, ਹਿੰਦੂ ਜਾਂ ਮੁਸਲਮਾਨ ਦੀ ਜਗੀਰ ਨਹੀਂ । ਸਦੀਆਂ ਤੋਂ ਸੁਖੀ ਵਸ ਰਹੇ ਹਮਸਾਏ। ਗੋਰਾ ਸ਼ਾਹੀ ਦੀਆਂ ਚਾਲਾਂ ਨੇ ਦੁਸ਼ਮਣ ਬਣਾ ਧਰੇ। ਇਕੱਠੇ ਪੜ੍ਹਦੇ ,ਕਬੱਡੀਆਂ ਖੇਡਦੇ , ਢੋਲੇ ਦੀਆਂ ਲਾਉਂਦੇ ਮੇਲੇ ਦੇਖਦੇ ਇਲਮਦੀਨ ਅਤੇ ਧਰਮ ਸਿਉਂ ਹੋਰੀਂ ਇੱਕ ਦੂਸਰੇ ਦੇ ਖ਼ੂਨ ਦੇ ਪਿਆਸੇ ਹੋ ਗਏ ਸਨ ।

ਕਿੱਥੇ ਗਿਆ ਬਾਬੇ ਨਾਨਕ ਦਾ ਫਲਸਫਾ। ਉਹ ਫਲਸਫਾ ਜਿਸ ਦੇ ਅਧਾਰ ਤੇ ਪੀਰ ਬੁੱਧੂ ਸ਼ਾਹ ਹੋਰੀਂ ਗੁਰੂ ਦੀਆਂ ਫੌਜਾਂ ਦੇ ਮੋਢੇ ਨਾਲ ਮੋਢਾ ਡਾਹ ਕੇ ਭੰਗਾਣੀ ਦੇ ਯੁੱਧ ਚ ਹਾਕਮਾਂ ਨਾਲ ਭਿੜੇ ਸਨ । ਸਿੱਖ ਗੁਰੂਆਂ ਦੀ ਸਦੀਆਂ ਦੀ ਘਾਲ਼ੀ ਘਾਲਣਾ ਅਤੇ ਉਹਨਾਂ ਦੇ ਵਾਰਸਾਂ ਦੀਆਂ ਘਾਲ਼ੀਆਂ ਘਾਲਨਾਵਾਂ ਕੁੱਝ ਹੀ ਪਲਾਂ ਵਿੱਚ ਵਿਸਰ ਗਈਆਂ ਸਨ। ਸਿੱਖ ਕਿਸੇ ਅਬਲਾ ,ਕਿਸੇ ਨਿਹੱਥੇ ਤੇ ਵਾਰ ਨਹੀਂ ਕਰਦਾ ।ਵੈਰੀ ਦੇ ਹੱਥੋਂ ਹਥਿਆਰ ਡਿੱਗ ਪੈਣ ਤੇ ਰੁਕ ਜਾਂਦਾ ਸੀ, ਉਸਦੇ ਮੁੜ ਹਥਿਆਰ ਚੁੱਕ ਲੈਣ ਤੱਕ। ਪਰ ਐਤਕੀਂ ਕੀ ਕੀਤਾ ਇਹਨਾਂ ।ਬਾਬਾ ਗਚ ਭਰ ਆਉਂਦਾ।

ਬਾਬਾ ਦਸਦਾ ,ਸੰਤਾਲੀ ਤੋਂ ਬਾਅਦ ਵੀ ਪੰਜਾਬੀਆਂ ਹਥਿਆਰ ਭੁੰਜੇ ਨਹੀਂ ਸੀ ਡਿੱਗਣ ਦਿੱਤਾ।ਉਹ ਲਾਲ ਪਾਰਟੀ ਦੇ ਰੂਪ ਵਿੱਚ ਅਤੇ ਪੇਪਸੂ ਦੇ ਮੁਜ਼ਾਰਾ ਘੋਲ਼ , ਬੋਲੀ ਦੇ ਅਧਾਰ ਤੇ ਦੇਸ਼ ਦੇ ਦੂਸਰੇ ਸੂਬਿਆਂ ਦੇ ਅਧਾਰ ਤੇ ਪੰਜਾਬ ਦਾ ਪੁਨਰਗਠਨ। ਪੰਜਾਬੀ ਬੋਲਦੇ ਇਲਾਕੇ, ਸਾਡੇ ਡੈਮ,ਸਾਡਾ ਪਾਣੀ,ਸਾਡੀ ਰਾਜਧਾਨੀ ਸਾਥੋਂ ਹਥਿਆ ਲਈ।ਨਕਸਲਬਾੜੀ ਤੱਕ ਆ ਜਾਵੋ ,ਪੁੱਤਰੋ ਪੰਜਾਬੀ ਟਿਕ ਕੇ ਨਹੀਂ ਬੈਠੇ। ਬੀਬੀ ਨੇ ਐਮਰਜੈਂਸੀ ਲਾਤੀ। ਦੇਸ਼ ਦੇ ਲੋਕ ਸਹਿਮ ਗਏ ਸਨ। ਪੰਜਾਬ ਫ਼ਿਰ ਅੜ ਗਿਆ ਸੀ।ਇੰਦਰਾ ਨੇ ਨਵਾਂ ਪੱਤਾ ਖੇਡਿਆ। ਪੰਜਾਬੀਆਂ ਨੂੰ ਕੁੱਟਣ ਲੁੱਟਣ ਲਈ ਨਵੀਆਂ ਘੁਣਤਰ ਬਾਜ਼ੀਆਂ ਖੇਡੀਆਂ। ਪੰਜਾਬ ਦੀਆਂ ਉਪਰੋਕਤ ਜਾਇਜ਼ ਮੰਗਾਂ ਮੰਨਣ ਦੀ ਥਾਂ, ਹਾਲਾਤਾਂ ਨੂੰ ਵਿਗਾੜਨ ਲਈ ਹਰ ਹਥਿਆਰ ਵਰਤਿਆ। ਪੰਜਾਬ ਦੇ ਪਾਣੀਆਂ ਦੀ ਲੁੱਟ ਲਈ ਕੱਢੀ ਜਾਣ ਲੱਗੀ ਸਤਲੁਜ ਬਿਆਸ ਲਿੰਕ ਨਹਿਰ ਦੀ ਖੁਦਾਈ ਰੋਕਣ ਲਈ ਪੰਜਾਬੀਆਂ ਕਪੂਰੀ ਝੰਡੇ ਗੱਡ ਤੇ ਸਨ। ਸਰਦਾਰੀ ਅਕਾਲੀ ਦਲ ਅਤੇ ਸਾਡੀ ਪਾਰਟੀ ਦੇ ਹੱਥ ਸੀ।ਸਾਡਾ ਲੀਡਰ ਸੁਰਜੀਤ ( ਹਰਕਿਸ਼ਨ ਸਿੰਘ ਸੁਰਜੀਤ) ਪੰਜਾਬ ਦੀਆਂ ਹੱਕੀ ਮੰਗਾਂ ਲਈ ਅੜ ਗਿਆ ਸੀ।ਇੰਦਰਾ ਡਰੀ ਹੋਈ ਸੀ।ਉਸ ਪੱਤਾ ਖੇਡਿਆ । ਪੰਜਾਬ ਦੇ ਲੋਕਾਂ ਵਲੋਂ ਲਾਇਆ ਗਿਆ ਲੋਕ ਮੋਰਚਾ ਧਰਮ ਯੁੱਧ ਮੋਰਚਾ ਬਣਾ ਦਿੱਤਾ ਗਿਆ। ਪੰਜਾਬ ਪੱਬਾਂ ਭਾਰ ਹੋਇਆ ਪਿਆ ਸੀ। ਰਵਾਇਤੀ ਅਕਾਲੀਆਂ ਹੱਥੋਂ ਡੋਰ ਖਿਸਕਦੀ ਖਿਸਕਦੀ ਗਰਮ ਦਲੀਆਂ ਦੇ ਹੱਥ ਚਲੀ ਗਈ ਸੀ।ਉਸ ਤੂਫ਼ਾਨ ਵਿਚ ਹੀ ਸਾਡਾ ਗੁਰਦੇਵ ਸਿੰਹੁ ( ਬਾਬਾ ਫਕੀਰੀਆ ਦੇ ਬਚਿਆਂ ਦਾ ਛੋਟਾ ਮਾਮਾ ਇਲਾਕੇ ਦੀ ਅਧਿਆਪਕ ਲਹਿਰ ਦਾ ਸਿਰਕਢ ਆਗੂ) ਵੀ ਮਜਾਰੀ ਬੱਸ ਅੱਡੇ ਤੇ ਗੋਲੀ ਦਾ ਸ਼ਿਕਾਰ ਹੋ ਗਿਆ ਸੀ। ਮਾਸਟਰ ਪਰਮਜੀਤ ਦੇਹਲ ਦਾ ਕੁਦਰਤੀ ਬਚਾ ਹੋ ਗਿਆ ਸੀ।ਗੋਲ਼ੀ ਕੰਨ ਲਾਗਿਓਂ ਲੰਘ ਗਈ,ਉਹ ਧਰਤੀ ਤੇ ਡਿੱਗ ਪਿਆ ਸੀ। ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ, ਪਾਸ਼,ਜੈਮਲ ਪੱਡਾ ਅਤੇ ਆਪਣੇ ਸਹਾਪੁਰੀਏ ਮਾਹਟਰ ਗਿਆਨ ਸਿਹੁ ਵਰਗੇ ਸੈਂਕੜੇ ਹੀਰੇ ਨਿਗਲ ਲਏ ਸਨ ਏਕੇ ਸੰਤਾਲੀ ਨੇ।ਪੰਜਾਬ ਦੇ ਸਰਬਸਾਂਝੇ ਅਸਥਾਂਨ ਸ੍ਰੀ ਦਰਬਾਰ ਸਾਹਿਬ ਤੇ ਇਕ ਵਿਸ਼ੇਸ਼ ਦਿਨ ਤੇ ਜਿਸੁ ਦਿਨ ਦੁਨੀਆਂ ਭਰ ਦੀ ਸਿੱਖ ਸੰਗਤਾਂ ਨਤਮਸਤਕ ਹੋਣ ਆਈ ਹੋਈ ਸੀ, ਪੰਜਾਬ ਭਰ ਵਿੱਚ ਕਰਫਿਊ ਲਾ ਕੇ ਫ਼ੌਜ ਚਾੜ੍ਹਤੀ। ਸ੍ਰੀ ਆਕਾਲ ਤਖਤ ਸਾਹਿਬ ਢਹਿ ਢੇਰੀ ਕਰਤਾ। ਸਿੱਖ ਹਿਰਦੇ ਵਲੂੰਧਰੇ ਗਏ। ਮੱਸੇ ਦਾ ਸਿਰ ਲਾਹੁਣ ਵਾਲੇ ਸਿੰਘਾਂ ਅਤੇ ਊਧਮ ਸਿੰਘ ਸੁਨਾਮ ਦੇ ਵਾਰਸਾਂ ਉਲਾਂਭਾ ਲਾਹ ਦਿੱਤਾ। ਦਿੱਲੀ ਕਤਲੇਆਮ ਨੇ ਪੁੱਤਰੋ ਹੋਰ ਹਜ਼ਾਰਾਂ ਪੰਜਾਬੀਆਂ ਦੇ ਘਾਂਣ ਕਰਨ ਸਮੇਂ , ਸਾਡੇ ਲੰਬੜਾਂ ਦੇ ਹਰਬੰਸ ਦਾ ਮਹਿੰਦਰ ਨੂੰ ਵੀ ਗਲ਼ ਚ ਟਾਇਰ ਪਾਕੇ ਕਾਇਰਾਂ ਸਾੜ ਦਿੱਤਾ ਸੀ। ਪੁੱਤਰੋ ਸੱਚ ਪੁੱਛੋਂ, ਅਸੀਂ ਕਾਮਰੇਡ ਵੀ ਕਿਧਰੇ ਟਪਲ਼ਾ ਖਾ ਗਏ ਲਗਦੇ ਸੀ। ਹਸ਼ਰ ਤੁਹਾਡੇ ਸਾਹਮਣੇ ਹੈ।ਉਸ ਨੂੰ ਗਿਲਾ ਸੀ ਆਪਣੇ ਆਪ ਤੇ ਵੀ, ਅਤੇ ਪੰਜਾਬ ਦੀ ਨੌਜਵਾਨ ਪੀੜ੍ਹੀ 'ਤੇ ਵੀ ਜਿਹੜੀ ਆਪਣੇ ਮਾਣ ਮੱਤੇ ਫਲਸਫੇ ਨੂੰ ਨਾ ਪ੍ਰਣਾ ਸਕੀ।ਉਹ ਕਿਸੇ ਬੰਦਾ ਬਹਾਦਰ ਜਹੇ ਲੋਕ ਆਗੂ ਦੀ ਲੋੜ ਮਹਿਸੂਸ ਕਰਦਿਆਂ ਸਾਥੋਂ ਵਿਛੜ ਗਿਆ।

# ਨਾਵਲ: ਸਲੀਬ ਤੋਂ ਜ਼ਿੰਦਗੀ ਤੱਕ

ਪੁਸਤਕ ਰੀਵਿਊ /ਸਮੀਖਿਆ




ਜ਼ਿੰਦਗੀ ਸਰੀਰਕ ਤੇ ਮਾਨਸਿਕ ਸੰਘਰਸ਼ ਦਾ ਨਾਂਅ ਹੈ। ਇਸ ਜੀਵਨ ਸੰਗਰਾਮ ਦੌਰਾਨ ਜ਼ਿੰਦਗੀ ਵਿੱਚ ਜਿੱਥੇ ਬਹੁਤ ਸਾਰੇ ਸੁੱਖਾਂ ਨੇ ਪ੍ਰਵੇਸ਼ ਕਰਨਾ ਹੁੰਦਾ ਹੈ। ਉਥੇ ਦੁੱਖਾਂ ਨੇ ਵੀ ਦਸਤਕ ਦੇਣੀ ਹੁੰਦੀ ਹੈ। ਸੁੱਖ ਵੇਲੇ ਵਿੱਤੋਂ ਵੱਧ ਬੇਲੋੜੇ ਤੇ ਬੇਹੂਦੇ 'ਖੁਸ਼ੀ ਦੇ ਟੀਟਣੇ' ਮਾਰਨੇ ਅਤੇ ਦੁੱਖ ਵੇਲੇ ਵੀ ਹੱਦੋਂ ਵੱਧ ਰੋਣੇ ਪਿੱਟਣੇ ਪਾਉਣੇ ਅੰਸਤੁਲਤ ਜੀਵਨ ਦੀ ਨਿਸ਼ਾਨੀ ਹੁੰਦੇ ਹਨ। ਅਸੰਤੁਲਤ ਜੀਵਨ ਹਮੇਸ਼ਾਂ ਢਹਿੰਦੀ ਕਲਾ ਵਾਲਾ ਜੀਵਨ ਹੀ ਸਾਬਤ ਹੁੰਦਾ ਹੈ, ਜੋ ਸਿਰਫ ਜੂਨ ਕਟਣ ਦੇ ਤੁੱਲ ਹੀ ਮੰਨ ਕੇ ਸੁਪਨੇ ਹੀ ਮਾਰ ਲਏ ਜਾਂਦੇ ਹਨ। ਦੁੱਖਾਂ/ਦੁਸ਼ਵਾਰੀਆਂ ਤੋਂ ਨਿਰਾਸ਼ ਹੋ ਕੇ ਜ਼ਿੰਦਗੀ ਤੋਂ ਬੇਮੁੱਖ ਹੋਣਾ ਯਾਨੀ ਖੁਦਕੁਸ਼ੀ ਕਰਨੀ ਮਨੁੱਖਤਾ ਲਈ ਇੱਕ ਵੱਡਾ ਸਰਾਪ ਹੈ। ਪਰ ਜਿੰਦਾਦਿਲ ਇਨਸਾਨ ਅਨੇਕਾਂ ਭੀੜਾਂ ਤੇ ਮੁਸੀਬਤਾਂ ਨਾਲ ਲੋਹਾ ਲੈਂਦੇ ਹੋਏ ਸ਼ਹੀਦੇ ਆਜ਼ਮ ਸ੍ਰ. ਭਗਤ ਸਿੰਘ ਦੀ ਵਿਚਾਰਧਾਰਾ ਤੇ ਤਸਵੀਰ ਤੋਂ ਸੇਧ ਲੈ ਕੇ ਹੋਣੀ ਦੇ ਅੰਤਿਮ ਪਲਾਂ ਵਿੱਚ ਵੀ ਖੁਦਕੁਸ਼ੀ ਦੇ ਸਰਾਪ ਤੋਂ ਬਚ ਨਿਕਲਦੇ ਹੋਏ 'ਜ਼ਿੰਦਗੀ ਜ਼ਿੰਦਾਬਾਦ' ਦਾ ਨਾਅਰਾ ਬੁਲੰਦ ਕਰ ਦਿੰਦੇ ਹਨ ਕਿ ਜੀਵਨ ਸਿਰਫ ਜੂਨ ਕੱਟਣ ਲਈ ਨਹੀਂ ਸਗੋਂ ਮਾਨਣ ਤੇ ਹੰਢਾਉਣ ਲਈ ਵੀ ਹੁੰਦਾ ਹੈ।

'ਸਲੀਬ ਤੋਂ ਜ਼ਿੰਦਗੀ ਤੱਕ' ਨਾਵਲ ' ਜ਼ਿੰਦਗੀ ਜ਼ਿੰਦਾਬਾਦ' ਦੀ ਕਹਾਣੀ ਲੈ ਕੇ ਹੀ ਪੰਜਾਬੀ ਸਾਹਿਤ ਸਫ਼ਾਂ ਵਿੱਚ ਹਾਜ਼ਰ ਹੋ ਰਿਹਾ ਹੈ। ਇਸ ਨਾਵਲ ਦੇ ਨਾਇਕ ਪਾਤਰ (ਹਰੀ ਸਿੰਘ, ਤਰਸੇਮ ਸਿੰਘ, ਕੁਲਜੀਤ ਆਦਿ) ਹਰ ਤਰ੍ਹਾਂ ਦੀਆਂ ਜੀਵਨ ਦੁਸ਼ਵਾਰੀਆਂ ਦੇ ਸਹਿਕਦੇ ਸਾਹਾਂ ਦੇ ਸਫ਼ਰ ਰੂਪੀ ਗ੍ਰਹਿਣ ਨੂੰ ਗਲ੍ਹੋਂ ਲਾਹੁੰਦਿਆਂ ਚੜਦੀਕਲਾ ਵਾਲਾ ਜੀਵਨ ਬਤੀਤ ਕਰਕੇ ਪਾਠਕਾਂ ਨੂੰ ਇੱਕ ਸਾਕਾਰਾਤਮਕ ਸੁਨੇਹਾ ਦੇਣ ਵਿੱਚ ਸਫ਼ਲ ਰਹਿੰਦੇ ਹਨ। ਇਸ ਨਾਵਲ ਦਾ ਲੇਖਕ 'ਬੋਹੜ ਪੁੱਤ' ਯਾਦਵਿੰਦਰ ਸਿੰਘ ਬਦੇਸ਼ਾ ਵਿਦੇਸ਼ ਵਿੱਚ ਰਹਿ ਕੇ ਵੀ ਮਾਂ ਬੋਲੀ ਪੰਜਾਬੀ ਦੀ ਸੇਵਾ ਵਿੱਚ ਜੁੱਟਿਆ ਹੋਇਆ ਹੈ। ਇਹ ਉਸ ਦਾ ਤੀਸਰਾ ਨਾਵਲ ਹੈ । 'ਸਲੀਬ ਤੋਂ ਜ਼ਿੰਦਗੀ ਤੱਕ' ਪਹੁੰਚਣ ਤੋਂ ਪਹਿਲਾਂ ਦੋ ਨਾਵਲ 'ਬੋਹੜ ਪੁੱਤ' ਤੇ 'ਸਹਿਕਦੇ ਸਾਹਾਂ ਦਾ ਸਫ਼ਰ' ਪੰਜਾਬੀ ਮਾਂ ਬੋਲੀ ਦੀ ਝੋਲੀ ਵਿੱਚ ਪਾ ਕੇ ਯਾਦਵਿੰਦਰ ਸਿੰਘ ਬਦੇਸ਼ਾ ਸ਼ਾਹਕਾਰ ਨਾਵਲਕਾਰਾਂ ਦੀਆਂ ਪੈੜਾਂ ਉਤੇ ਪੱਬ ਧਰਨ ਦੇ ਪੈਂਡੇ ਪੈ ਚੁੱਕਾ ਹੈ।

ਇਹ ਨਾਵਲ ਨਿਰਾਸ਼ਤਾ ਨੂੰ ਉਤਸਾਹ ਵਿੱਚ ਬਦਲਣ, ਉਦਾਸ/ਉਚਾਟ ਮਨ੍ਹਾਂ ਵਿੱਚ ਆਸਾ ਦੀ ਕਿਰਨ ਨੂੰ ਜਗਾ ਕੇ ਕੁਦਰਤ ਦੇ ਸਾਂਵੇਂ ਮਾਹੌਲ ਵਿੱਚ ਜ਼ਿੰਦਗੀ ਜਿਊਣ ਤੇ ਮਾਨਣ ਦੀ ਡੰਡੀ/ ਰਾਹੇ ਪੈਣ ਦੀ ਬਹੁਤ ਹੀ ਦਿਲਚਸਪ ਕਹਾਣੀ ਸਮੋਈ ਬੈਠਾ ਹੈ।

ਮਾਪਿਆਂ ਦੇ ਹੱਦੋਂ ਵੱਧ ਲਾਡ ਪਿਆਰ ਨਾਲ ਵਿਗੜ ਰਹੀ ਔਲਾਦ ,ਵਿਦੇਸ਼ਾਂ ਵਿੱਚ ਕੋਹਲੂ ਦੇ ਬੈਲ ਵਾਲੀ ਸਖ਼ਤ ਤੇ ਨਿਰਮੋਹੀ ਜ਼ਿੰਦਗੀ, ਸਮਾਜ ਵਿਚ ਚਲਦਾ ਸਭ ਈਰਖਾ, ਸਾੜਾ, ਵੈਰ ਵਿਰੋਧ, ਲਾਲਚ,ਧੋਖਾਧੜੀ, ਚਿੱਟੇ ਲਹੂ ਦਾ ਪਰਛਾਵਾਂ ਤੇ ਕਾਟੋ ਕਲੇਸ਼ ਆਦਿ ਦੇ ਹੁੰਮਸ ਉਤੇ ਸਹਿਣਸ਼ੀਲਤਾ, ਸਾਰਥਕ ਕਾਰਜਾਂ ਲਈ ਸਹਿਯੋਗ, ਭਾਈਚਾਰਕ ਸਾਂਝ, ਆਪਸੀ ਪਿਆਰ, ਵਿਗੜੇ ਵਿਗੜਿਆਂ ਨੂੰ ਸਹੀ ਲੀਹ ਤੇ ਲਿਆਉਣ ਲਈ ਸਖ਼ਤੀ ਦੇ ਨਾਲ ਨਾਲ ਸਿਆਣਪ ਭਰੀ ਸਮਝਾਉਣੀ , ਸੂਝ ਬੂਝ ਨਾਲ ਸੰਕਟਾਂ ਨਾਲ ਨਜਿੱਠਣ, ਸਮਾਜ ਦੇ ਮਾੜੇ ਅਨਸਰਾਂ ਨੂੰ ਕਾਨੂੰਨੀ ਸਜ਼ਾ ਅਤੇ ਵਿਰਾਸਤੀ ਹਾਸੇ ਠੱਠੇ ਆਦਿ ਦੀ ਸ਼ਬਦਾਵਲੀ ਦੇ ਛਰਾਟੇ ਆਦਿ ਇਸ ਨਾਵਲ ਦੇ ਵੱਡੇ ਹਾਸਲ ਹਨ।

ਇਹ ਨਾਵਲ ਪੜ੍ਹਦਿਆਂ ਪਾਠਕ ਕਦੇ ਨਾਰਵੇ ਦੀ ਹੱਡਚੀਰਵੀਂ ਬਰਫੀਲੀ ਆਬੋ ਹਵਾ ਅਤੇ ਕਦੇ ਪੰਜਾਬ ਦੇ ਸੱਭਿਆਚਾਰ ਦੀ ਪੈੜ ਨਾਪਦਾ ਮਹਿਸੂਸ ਕਰਦਾ ਹੈ। ਉਤਸ਼ਾਹਿਤ ਭਰੇ ਚੱਜ ਵਿਵਹਾਰ ਦੇ ਚੜਦੀ ਕਲਾ ਵਾਲੇ ਜੀਵਨ ਦਾ ਪਾਠ ਪੜ੍ਹਾਉਣ ਵਾਲੇ ਨਾਵਲ 'ਸਲੀਬ ਤੋਂ ਜ਼ਿੰਦਗੀ ਤੱਕ' ਦਾ ਜਿਥੇ ਪੰਜਾਬੀ ਸਾਹਿਤ ਦੇ ਵਿਹੜੇ ਵਿੱਚ ਹੋਈ ਆਮਦ ਦਾ ਦਿਲੀ ਸਵਾਗਤ ਹੈ, ਉਥੇ ਆਉਣ ਵਾਲੇ ਸਮੇਂ ਭਵਿੱਖ ਲਈ ਇਸ ਦੇ ਲੇਖਕ ਉਭਰਦੇ ਨਾਵਲਕਾਰ ਯਾਦਵਿੰਦਰ ਸਿੰਘ ਬਦੇਸ਼ਾ ਤੋਂ ਅਜਿਹੇ ਉੱਚਪਾਏ ਦੇ ਹੋਰ ਨਾਵਲ ਪਾਠਕਾਂ ਦੇ ਸਨਮੁੱਖ ਕਰਨ ਦੀ ਆਸ ਰੱਖੀ ਜਾ ਸਕਦੀ ਹੈ।



ਮਾਸਟਰ ਲਖਵਿੰਦਰ ਸਿੰਘ

# ਬਾਵੇ ਵਾਲੀ ਚੋਈ

ਸਾਡਾ ਹੁਸ਼ਿਆਰਪੁਰ ਜ਼ਿਲ੍ਹਾ ਚੋਆਂ ਲਈ ਮਸ਼ਹੂਰ ਹੈ। ਕੋਈ ਵੇਲਾ ਸੀ ਕਿ ਇਨ੍ਹਾਂ ਚੋਆਂ ਵਿੱਚ ਜ਼ਿੰਦਗੀ ਧੜਕਦੀ ਸੀ। ਸਾਰਾ ਸਾਲ ਵਗਣ ਵਾਲੇ ਚੋਅ ਹੁਣ ਬਰਸਾਤੀ ਹੋ ਗਏ ਹਨ। ਇਨ੍ਹਾਂ ਦੀ ਹਿੱਕ 'ਤੇ ਮਨੁੱਖੀ ਪੈਰਾਂ ਰਾਹੀਂ ਪਈਆਂ ਪਗਡੰਡੀਆਂ ਝਾੜਾਂ-ਬੂਟੀਆਂ ਨੇ ਆਪਣੀ ਬੁੱਕਲ ਵਿੱਚ ਲੈ ਲਈਆਂ ਹਨ। ਇਸ ਜ਼ਿਲ੍ਹੇ ਦੀ ਤਹਿਸੀਲ ਗੜ੍ਹਸ਼ੰਕਰ ਦੇ ਬੀਤ ਇਲਾਕੇ ਨੂੰ ਕੁਦਰਤ ਨੇ ਇੱਕ ਖਾਸ ਢੰਗ ਨਾਲ ਸ਼ਿੰਗਾਰਿਆ ਹੈ। ਨੀਮ ਪਹਾੜੀ ਇਲਾਕੇ ਦੇ ਪੱਧਰੇ ਸ਼ਿਖਰ 'ਤੇ ਵਸੇ ਕਰੀਬ ਹਰ ਪਿੰਡ ਦੇ ਨੇੜੇ ਵੱਡੇ-ਛੋਟੇ ਚੋਅ ਹਨ। ਪਛਾਣ ਲਈ ਨਾਂ ਰੱਖਣਾ ਵੀ ਸੁਭਾਵਿਕ ਹੀ ਹੈ। ਸਾਡੇ ਪਿੰਡ ਦੇ ਲਹਿੰਦੇ ਵੱਲ ਛੋਟਾ ਚੋਅ ਹੈ, ਜੋ ਸਾਡੇ ਬਚਪਨ ਦੇ ਸਮੇਂ ਤੋਂ, ਬਲਕਿ ਉਸ ਤੋਂ ਵੀ ਪਹਿਲਾਂ ਤੋਂ 'ਬਾਵੇ ਵਾਲੀ ਚੋਈ' ਦੇ ਨਾਂ ਨਾਲ ਮਸ਼ਹੂਰ ਹੈ। ਛੋਟਾ ਚੋਅ ਹੋਣ ਕਰਕੇ ਸ਼ਾਇਦ ਇਸ ਦਾ ਨਾਂ ਚੋਈ ਪੈ ਗਿਆ ਹੋਵੇ।

ਸਾਡੇ ਬਚਪਨ ਦੇ ਸਮੇਂ ਪਿੰਡ ਦੇ ਸਾਰੇ ਲੋਕ ਸਵੇਰੇ ਜੰਗਲ-ਪਾਣੀ ਚੋਆਂ ਨੇੜਲੇ ਖੇਤਾਂ ਵੱਲ ਜਾਇਆ ਕਰਦੇ ਸਨ। ਘਰ-ਘਰ ਪਖਾਨੇ ਹਾਲੇ ਸੋਚ ਤੋਂ ਪਰ੍ਹੇ ਦੀਆਂ ਗੱਲਾਂ ਸਨ। ਔਰਤਾਂ ਅਤੇ ਮਰਦਾਂ ਦੇ ਜਾਣ ਲਈ ਵੱਖੋ-ਵੱਖਰੇ ਪਾਸੇ ਸਨ। ਬਾਵੇ ਵਾਲੀ ਚੋਈ ਵੱਲ ਦਾ ਪਾਸਾ ਔਰਤਾਂ ਲਈ ਅਤੇ ਦੂਜੇ ਪਾਸੇ ਦੇ ਚੋਆਂ ਵੱਲ ਦਾ ਪਾਸਾ ਇੱਕ ਤਰ੍ਹਾਂ ਨਾਲ ਮਰਦਾਂ ਲਈ ਰਾਖਵਾਂ ਹੋ ਗਿਆ ਸੀ। ਸਵੇਰੇ-ਸਵੇਰੇ ਇੱਕ-ਦੂਜੇ ਨਾਲ ਦੁਆ-ਸਲਾਮ ਹੋ ਜਾਂਦੀ ਅਤੇ ਨਵੀਂ ਪਤਾ ਲੱਗੀ ਕਿਸੇ ਜਾਣਕਾਰੀ ਦਾ ਆਦਾਨ-ਪ੍ਰਦਾਨ ਵੀ ਹੋ ਜਾਂਦਾ, ਜੋ ਅੱਜਕੱਲ੍ਹ ਵਟਸਐਪ ਗਰੁੱਪਾਂ ਜਾਂ ਅਨਾਊਂਸਮੈਂਟ ਰਾਹੀਂ ਪਤਾ ਲਗਦੀ ਹੈ। ਉਸ ਵੇਲੇ ਇਹ ਗੱਲ ਮਸ਼ਹੂਰ ਸੀ ਕਿ ਬਾਵੇ ਵਾਲੀ ਚੋਈ ਬੜੀ ਕਰੜੀ ਥਾਂ ਹੈ। ਇੱਥੇ ਬਾਵਾ ਰਹਿੰਦਾ ਹੈ। ਸਾਡੇ ਲਈ ਬਾਵਾ ਅਜਿਹਾ ਕਾਲਪਨਿਕ ਨਾਂ ਸੀ ਜਿਸ ਕੋਲੋਂ ਅਸੀਂ ਸਾਰਾ ਬਚਪਨ ਹੀ ਡਰਦੇ ਰਹੇ। ਮਾਵਾਂ ਲਈ ਇੱਲਤਾਂ ਕਰਦੇ ਬੱਚਿਆਂ ਨੂੰ ਵਰਜਣ ਲਈ ਬਾਵੇ ਦਾ ਨਾਂ ਲੈ ਕੇ ਡਰਾਉਣਾ ਸੁਖਾਲਾ ਕੰਮ ਸੀ। ਜੇ ਕੋਈ ਬੱਚਾ ਕਿਸੇ ਗੱਲੋਂ ਅੜੀ ਕਰਦਾ ਜਾਂ ਗੱਲ ਨਾ ਮੰਨਦਾ ਤਾਂ ਮਾਂ ਝੱਟ ਡਰਾਵਾ ਦਿੰਦੀ ਕਿ ਤੈਨੂੰ ਬਾਵੇ ਕੋਲ ਫੜਾ ਦੇਣਾ। ਬੱਚੇ ਵੀ ਡਰਦੇ ਸਨ ਕਿ ਬਾਵਾ ਆਇਆ ਕਿ ਆਇਆ। ਸਾਡੇ ਤੋਂ ਪਹਿਲਾਂ ਵਾਲੀਆਂ ਪੀੜ੍ਹੀਆਂ ਵੀ ਡਰਦੀਆਂ ਰਹੀਆਂ ਹੋਣਗੀਆਂ। ਇਹ ਚੋਈ ਸਾਡੇ ਘਰ ਦੇ ਨਜ਼ਦੀਕ ਹੈ ਇਸ ਲਈ ਕਿਸੇ ਛੋਟੀ ਜਿਹੀ ਗਲਤੀ 'ਤੇ ਵੀ ਬਾਵੇ ਵੱਲੋਂ ਫੜ ਲਏ ਜਾਣ ਦਾ ਡਰਾਵਾ ਮਿਲਣਾ ਬਹੁਤ ਸੁਭਾਵਕ ਗੱਲ ਸੀ। ਸੂਰਜ ਛਿਪਣ ਤੋਂ ਬਾਅਦ ਕਿਸੇ ਵਿੱਚ ਵੀ ਓਧਰਲੇ ਪਾਸੇ ਇਕੱਲੇ ਜਾਣ ਦੀ ਹਿੰਮਤ ਨਹੀਂ ਸੀ ਹੁੰਦੀ। ਸਾਡੀ ਉਮਰ ਦੇ ਮੁੰਡੇ ਉੱਥੇ ਬੱਕਰੀ ਚਾਰਨ ਅਤੇ ਲੱਕੜਾਂ ਕੱਟਣ ਤੋਂ ਵੀ ਡਰਦੇ ਰਹਿੰਦੇ।



ਗਰਮੀਆਂ ਦੀ ਸਿਖਰ ਦੁਪਹਿਰ ਵੇਲੇ ਜਦੋਂ ਅੰਬਾਂ ਹੇਠ ਰੌਣਕਾਂ ਲਗਦੀਆਂ ਤਾਂ ਵੀ ਬਾਵੇ ਵਾਲੀ ਚੋਈ ਵਾਲਾ ਅੰਬ ਦਾ ਬੂਟਾ ਸੁੰਨਾ ਹੁੰਦਾ। ਬਾਵੇ ਦੇ ਡਰ ਵਾਲੀ ਗੱਲ ਨਿਆਣਿਆਂ ਦੇ ਮਨ ਵਿੱਚ ਡੂੰਘਾ ਘਰ ਕਰ ਗਈ ਸੀ। ਗਰਮੀਆਂ ਦੇ ਦਿਨਾਂ ਵਿੱਚ ਇੱਕ ਵਾਰ ਸਾਡੇ ਪਤੰਗ ਦੀ ਡੋਰ ਟੁੱਟ ਗਈ। ਪਤੰਗ ਉਡਦਾ-ਉਡਦਾ ਬਾਵੇ ਵਾਲੀ ਚੋਈ ਵੱਲ ਹੋ ਤੁਰਿਆ। ਮਗਰ-ਮਗਰ ਅਸੀਂ। ਤਿੰਨ-ਚਾਰ ਜਣੇ ਇਕੱਠੇ ਹੋਣ ਕਰਕੇ ਹੌਸਲੇ ਨਾਲ ਤੁਰ ਪਏ। ਉਨ੍ਹਾਂ ਦਿਨਾਂ ਵਿੱਚ ਪਤੰਗ ਰੈਡੀਮੇਡ ਨਹੀਂ ਸਨ ਮਿਲਦੇ, ਸਗੋਂ ਆਪ ਬਣਾਉਣੇ ਪੈਂਦੇ ਸਨ। ਇਹ ਉਹ ਸਮਾਂ ਸੀ ਜਦੋਂ ਗੂੰਦ ਦੀ ਥਾਂ ਬਿੱਲ ਜਾਂ ਲਸੂੜਾ ਤੋੜ ਕੇ ਕਾਗਜ ਚਿਪਕਾਏ ਜਾਂਦੇ ਸਨ। ਕਿੱਕਰ ਤੇ ਕੱਕੜ ਦੇ ਦਰੱਖਤਾਂ ਦੇ ਮੁੱਢ ਨੂੰ ਕੁਹਾੜੇ ਨਾਲ ਟੱਕ ਲਾਏ ਜਾਂਦੇ ਤੇ ਉਨ੍ਹਾਂ ਵਿੱਚੋਂ ਨਿਕਲਿਆ ਤਰਲ ਕੁੱਝ ਦਿਨਾਂ ਵਿੱਚ ਗੂੰਦ ਦਾ ਰੂਪ ਧਾਰ ਲੈਂਦਾ। ਇਹ ਜੁਗਾੜ ਉਪਲਬਧ ਨਾ ਹੋਣ ਦੀ ਸੂਰਤ ਵਿੱਚ ਕਣਕ ਦੇ ਆਟੇ ਨੂੰ ਭਿਉਂ ਕੇ ਲੇਟੀ ਬਣਾ ਲਈ ਜਾਂਦੀ। ਵੈਸੇ ਜਿਆਦਾਤਰ ਲੇਟੀ ਤੋਂ ਗੁਰੇਜ਼ ਹੀ ਕੀਤਾ ਜਾਂਦਾ ਸੀ ਕਿਉਂਕਿ ਇਸ ਨਾਲ ਪਤੰਗ ਦਾ ਭਾਰ ਵਧ ਜਾਂਦਾ ਸੀ ਤੇ ਥੋੜ੍ਹੀ ਹਵਾ ਵਿੱਚ ਪਤੰਗ ਨਹੀਂ ਸੀ ਉੱਡਦਾ। ਖੈਰ, ਸਾਡਾ ਪਤੰਗ ਉੱਡਦਾ-ਉੱਡਦਾ ਬਾਵੇ ਵਾਲੀ ਚੋਈ ਵਿੱਚ ਜਾ ਵੜਿਆ। ਅਸੀਂ ਵੀ ਪਿੱਛਾ ਕਰਦੇ ਚੋਈ 'ਚ ਜਾ ਵੜੇ ਅਤੇ ਬਚਦੇ-ਬਚਾਉਂਦੇ ਕੰਡਿਆਲੀਆਂ ਝਾੜੀਆਂ ਵਿੱਚੋਂ ਪਤੰਗ ਨੂੰ ਸੁਰੱਖਿਅਤ ਕੱਢ ਲਿਆਏ। ਲੂ ਲੱਗਣ ਕਾਰਨ ਸਾਡੇ ਵਿੱਚੋਂ ਇੱਕ ਬੀਮਾਰ ਹੋ ਗਿਆ। ਉਸ ਦੀ ਬੇਬੇ ਲੱਗੀ ਛਾਣਬੀਣ ਕਰਨ। ਅੱਜ ਕਿੱਥੇ-ਕਿੱਥੇ ਘੁੰਮਿਆ? ਕੌਣ-ਕੌਣ ਨਾਲ ਸੀ? ਬਸ ਫਿਰ ਕੀ ਸੀ। ਬੇਬੇ ਲੱਗੀ ਝਾੜਾਂ ਪਾਉਣ, 'ਬੀਮਾਰ ਤਾਂ ਹੋਣਾ ਈ ਸੀ। ਸਿਖਰ ਦੁਪਹਿਰੇ ਕਰੜੀ ਜਗ੍ਹਾ ਘੁੰਮਦੇ ਰਹੇ।' ਇਹ ਗੱਲਾਂ ਹੁਣ ਸਮਾਂ ਵਿਹਾਅ ਚੁੱਕੀਆਂ ਹਨ। ਜੰਗਲ-ਪਾਣੀ ਸ਼ਬਦ ਵੀ ਨਵੀਂ ਪੀੜ੍ਹੀ ਲਈ ਓਪਰਾ ਹੈ। ਘਰ ਵਿੱਚ ਹੀ ਸਭ ਸੁੱਖ-ਸਹੂਲਤਾਂ ਉਪਲੱਬਧ ਹੋ ਗਈਆਂ ਹਨ। ਬਾਵਾ, ਜੋ ਸਾਡੀ ਪੀੜ੍ਹੀ ਲਈ ਡਰ ਦਾ ਪ੍ਰਤੀਕ ਹੁੰਦਾ ਸੀ, ਨਵੀਂ ਪੀੜ੍ਹੀ ਉਸ ਤੋਂ ਅਣਜਾਣ ਹੈ। ਬੱਚੇ ਦੁਕਾਨਾਂ ਤੋਂ ਰੈਡੀਮੇਡ ਪਤੰਗ ਖਰੀਦ ਕੇ ਪੱਕੀਆਂ ਛੱਤਾਂ 'ਤੇ ਉਡਾ ਲੈਂਦੇ ਹਨ। ਛੇਵੀਂ ਵਿੱਚ ਪੜ੍ਹਦੇ ਆਪਣੇ ਭਤੀਜੇ ਗੁਰਨਿਹਾਲ ਨੂੰ ਜਦੋਂ ਮੈਂ ਚੋਈ ਬਾਰੇ ਪੁੱਛਿਆ ਤਾਂ ਉਸ ਨੇ ਕਦੇ ਇਸ ਦਾ ਨਾਂ ਹੀ ਨਹੀਂ ਸੀ ਸੁਣਿਆ। ਚੋਈ ਤਾਂ ਅੱਜ ਵੀ ਮੌਜੂਦ ਹੈ ਪਰ ਬਾਵਾ ਗਾਇਬ ਹੈ। ਜੇ ਹੁੰਦਾ ਵੀ ਤਾਂ ਇਨ੍ਹਾਂ ਨੂੰ ਡਰ-ਭਉ ਕਿੱਥੇ ਹੋਣਾ ਸੀ।

ਅਮਰੀਕ ਸਿੰਘ ਦਿਆਲ

# ਅਮਨ ਦੇ ਰਾਹਾਂ ਦੇ ਪਾਂਧੀ

ਅਜਕੱਲ੍ਹ ਅਮਰੀਕਾ ਵਿੱਚ ਉੱਨੀ ਬੋਧੀ ਭਿੱਖੂਆਂ ਦੀ ਪਦ-ਯਾਤਰਾ ਚਰਚਾ ਵਿੱਚ ਹੈ। ਉੱਨੀ ਬੋਧੀ ਭਿੱਖੂਆਂ ਦਾ ਇਹ ਸਮੂਹ ਇਸ ਸਮੇਂ 'ਵਾਕ ਫਾਰ ਪੀਸ' ਭਾਵ ਅਮਨ ਸਾਂਤੀ ਦੀ ਦੁਆ ਅਤੇ ਪਾਸਾਰ ਲਈ ਪੈਦਲ ਯਾਤਰਾ ਕਰ ਰਿਹਾ ਹੈ।

ਬੋਧੀ ਭਿੱਖੂਆਂ ਦੀ ਇਹ ਯਾਤਰਾ ਛੱਬੀ ਅਕਤੂਬਰ 2025 ਨੂੰ ਅਮਰੀਕਾ ਦੇ ਸੂਬੇ ਟੈਕਸਸ ਦੇ ਇੱਕ ਕਸਬੇ ਫੋਰਟ ਵਰਥ ਤੋਂ ਸੁਰੂ ਹੋਈ ਸੀ। ਇਹ ਤੇਈ ਸੌ ਮੀਲ ਜਾਂ ਅਠੱਤੀ ਸੌ ਕਿਲੋਮੀਟਰ ਦੀ ਸਾਂਤੀ ਯਾਤਰਾ ਹੈ, ਜਿਸ ਦਾ ਉਦੇਸ ਤੇਰਾਂ ਫਰਵਰੀ 2026 ਨੂੰ ਅਮਰੀਕਾ ਦੀ ਰਾਜਧਾਨੀ ਵਾਸਿੰਗਟਨ ਪਹੁੰਚਣਾ ਹੈ। ਅਮਰੀਕਾ ਦੇ ਦਸ ਰਾਜਾਂ ਟੈਕਸਸ, ਲੂਈਜਿਆਨਾ, ਮਿਸੀਸਿੱਪੀ, ਅਲਬਾਮਾ, ਜਾਰਜੀਆ, ਕੈਰੋਲੀਨਾ, ਵਰਜੀਨੀਆ ਆਦਿ ਵਿੱਚੋਂ ਲੰਘਣ ਵਾਲਾ ਬੋਧੀ ਭਿੱਖੂਆਂ ਦਾ ਇਹ ਸਮੂਹ ਇਸ ਸਮੇਂ ਵਰਜੀਨੀਆ ਵਿੱਚੋਂ ਲੰਘ ਰਿਹਾ ਹੈ।

ਇਸ ਪਦ ਯਾਤਰਾ ਦਾ ਉਦੇਸ ਸਮੁੱਚੀ ਮਨੁੱਖਤਾ ਅੰਦਰ ਅਮਨ ਸਾਂਤੀ, ਏਕਤਾ, ਪਿਆਰ ਭਰੀ ਰਹਿਮਦਿਲੀ ਲਈ ਜਾਗਰੂਕਤਾ ਪੈਦਾ ਕਰਨਾ ਹੈ। ਇਹ ਯਾਤਰਾ ਕੋਈ ਵਿਰੋਧ ਪ੍ਰਦਰਸਨ ਨਹੀਂ ਹੈ। ਪਰ ਆਮ ਲੋਕਾਂ ਵੱਲੋਂ ਮਿਲ ਰਹੇ ਨਿੱਘੇ ਸਵਾਗਤ ਨੂੰ ਦੇਖ ਕੇ ਇਹ ਲੱਗਦਾ ਹੈ ਜਿਵੇਂ ਲੋਕਾਂ ਨੂੰ ਇਸ ਅੰਦਰ ਯੁੱਧਾਂ ਦਾ ਦੁਖਾਂਤ ਅਤੇ ਅਮਨ ਸਾਂਤੀ ਦਾ ਸਾਫ ਰਾਹ ਨਜਰ ਆ ਰਿਹਾ ਹੋਵੇ।

ਇਸ ਯਾਤਰਾ ਦੌਰਾਨ ਭਿੱਖੂ ਆਪਣੇ ਮੱਠਵਾਦੀ ਅਨੁਸਾਸਨ ਨੂੰ ਬਰਕਰਾਰ ਰੱਖਣ ਦਾ ਯਤਨ ਕਰ ਰਹੇ ਹਨ। ਇਹ ਭਿੱਖੂ ਸਖਤ ਤਪੱਸਿਆ ਸਾਧਨਾਵਾਂ ਦੀ ਪਾਲਣਾ ਕਰਦੇ ਹਨ, ਜਿਸ ਅੰਦਰ ਦਿਨ ਵਿੱਚ ਸਿਰਫ ਇੱਕ ਵਾਰ ਰੋਟੀ ਖਾਣਾ ਅਤੇ ਬਾਹਰ ਖੁੱਲ੍ਹੇ ਵਿੱਚ ਤੰਬੂਆਂ ਵਿੱਚ ਜਾਂ ਦਰੱਖਤਾਂ ਦੇ ਹੇਠਾਂ ਸੌਣਾ ਸਾਮਲ ਹੈ। ਇਸ ਸਮੂਹ ਦੀ ਅਗਵਾਈ ਇੱਕ ਵੀਅਤਨਾਮੀ ਭਿੱਖੂ ਪੰਨਾਕਾਰ ਕਰ ਰਿਹਾ ਹੈ। ਬਾਕੀ ਭਿੱਖੂ ਥਾਈਲੈਂਡ, ਲਾਓਸ, ਫਰਾਂਸ ਅਤੇ ਕੰਬੋਡੀਆ ਤੋਂ ਹਨ। ਉਨ੍ਹਾਂ ਨਾਲ ਕਲਕੱਤਾ ਦਾ 'ਅਲੋਕਾ' ਨਾਮ ਦਾ ਇੱਕ ਕੁੱਤਾ ਵੀ ਹੈ। ਇਸ ਬੋਧੀ ਭਿੱਖੂ ਸੰਗ ਦਾ ਸੁਨੇਹਾ ਹੈ, "ਅਸੀਂ ਇਕੱਲੇ ਨਹੀਂ ਤੁਰ ਰਹੇ। ਅਸੀਂ ਹਰ ਉਸ ਮਨੁੱਖ ਦੇ ਨਾਲ ਚੱਲ ਰਹੇ ਹਾਂ ਜਿਸ ਦਾ ਦਿਲ ਅਮਨ ਸਾਂਤੀ ਲਈ ਤਾਂਘਦਾ ਹੈ, ਜਿਸ ਦੀ ਆਤਮਾ ਨੇ ਰਹਿਮਦਿਲੀ ਜਾਂ ਕਰੁਣਾ ਨੂੰ ਚੁਣ ਲਿਆ ਹੈ ਅਤੇ ਜਿਸ ਦਾ ਰੋਜਾਨਾ ਜੀਵਨ ਇੱਕ ਅਜਿਹੀ ਬਗੀਚੀ ਵਰਗਾ ਬਣ ਗਿਆ ਹੈ ਜਿੱਥੇ ਆਪਸੀ ਸੂਝ-ਬੂਝ ਦੇ ਵਧਣ ਫੁੱਲਣ ਲਈ ਥਾਂ ਬਾਕੀ ਬਚੀ ਹੋਈ ਹੈ।" ਉਨ੍ਹਾਂ ਨੇ ਇਹ ਯਾਤਰਾ ਮਨੁੱਖਤਾ ਨੂੰ ਇੱਕ ਸਿੱਧਾ ਸਾਦਾ ਸੁਨੇਹਾ ਦੇਣ ਲਈ ਸੁਰੂ ਕੀਤੀ ਹੈ ਕਿ ਸੰਸਾਰ ਨੂੰ ਅਮਨ ਸਾਂਤੀ ਦੇ ਰਾਹ 'ਤੇ ਚੱਲਣਾ ਚਾਹੀਦਾ ਹੈ, ਸਾਨੂੰ ਸਭ ਨੂੰ ਇੱਕ ਦੂਜੇ ਨਾਲ ਸਾਊ ਵਿਹਾਰ ਕਰਨਾ ਚਾਹੀਦਾ ਹੈ।

ਅਮਰੀਕਾ ਦੇ ਆਮ ਲੋਕਾਂ ਨੇ ਜਿਸ ਤਰੀਕੇ ਨਾਲ ਹਰ ਪਿੰਡ ਸਹਿਰ ਦੀ ਸੜਕ 'ਤੇ ਆ ਕੇ ਇਨ੍ਹਾਂ ਦਾ ਸੁਆਗਤ ਕੀਤਾ ਹੈ, ਉਹ ਸਭ ਲਈ ਹੈਰਾਨ ਕਰਨ ਵਾਲੀ ਗੱਲ ਸੀ। ਕੇਸਰੀ ਰੰਗ ਦੇ ਚੋਲੇ ਪਹਿਨੀ ਭਿੱਖੂ ਜਿੱਥੋਂ ਵੀ ਲੰਘਦੇ ਹਨ ਉੱਥੇ ਹੀ ਆਮ ਲੋਕ ਇਨ੍ਹਾਂ ਦਾ ਨਿੱਘਾ ਸੁਆਗਤ ਕਰਦੇ ਹਨ। ਅੱਜ ਜਦੋਂ ਕਿ ਬਹੁਤੇ ਦੇਸਾਂ ਵਿੱਚ ਰਾਜਨੀਤਕ ਮਾਹੌਲ ਬੇਯਕੀਨੀ ਵਾਲਾ ਅਤੇ ਯੁੱਧਾਂ ਵੱਲ ਸੰਕੇਤ ਵਾਲਾ ਬਣ ਰਿਹਾ ਹੈ, ਉਦੋਂ ਇਹ ਅਮਨ ਸਾਂਤੀ ਦਾ ਸੁਨੇਹਾ ਸੁਣਨਾ ਚੰਗਾ ਲੱਗਦਾ ਹੈ। ਸਾਡਾ ਇਹ ਯਕੀਨ ਹੋਰ ਵੀ ਪੱਕਾ ਹੁੰਦਾ ਹੈ ਕਿ ਦੁਨੀਆ ਭਰ ਦੇ ਆਮ ਲੋਕ, ਸੱਤਾ ਵਿੱਚ ਬੈਠੇ ਕੁਝ ਯੁੱਧ-ਪਸੰਦ ਬੰਦਿਆਂ ਤੋਂ ਵੱਖਰੀ ਤਰ੍ਹਾਂ ਦੀ ਸੋਚ ਰੱਖਦੇ ਹਨ। ਉਹ ਅਮਨ ਅਤੇ ਸਾਂਤੀ ਦੀ ਮਹੱਤਤਾ ਨੂੰ ਸਮਝਦੇ ਹਨ।



ਬੁੱਧ ਧਰਮ ਵਿੱਚ ਭਿੱਖੂਆਂ ਦੇ ਪੈਦਲ ਯਾਤਰਾ ਕਰਨ ਦੀ ਲੰਮੀ ਪਰੰਪਰਾ ਹੈ। ਇਹ ਪਦ ਯਾਤਰਾ ਚੇਤੰਨ ਹੋ ਕੇ ਸਾਂਤ ਮਨ ਨਾਲ ਵਿਚਰਨ ਦਾ ਅਭਿਆਸ ਹੁੰਦਾ ਹੈ। ਇਹ ਮਨੁੱਖੀ ਜੀਵਨ ਵਿੱਚ ਸਾਂਤੀ ਅਤੇ ਰਹਿਮਦਿਲੀ ਦੀ ਮਹੱਤਤਾ 'ਤੇ ਕੇਂਦਰਿਤ ਹੁੰਦੀ ਹੈ। ਮਹਾਤਮਾ ਬੁੱਧ ਨੇ ਸਾਂਤੀ ਅਤੇ ਗਿਆਨ ਦੇ ਰਾਹ ਤੁਰਨ ਵਾਲੇ ਉਤਸਕ ਬੰਦਿਆਂ ਨੂੰ ਭਿੱਖੂ ਕਿਹਾ ਹੈ। ਭਿੱਖੂ ਜੋ ਆਪਣੇ ਸਾਰੇ ਰਿਸਤੇ ਅਤੇ ਸੁਖ ਸਾਧਨ ਤਿਆਗ ਕੇ ਅਤੇ ਨਿਹੱਥੇ ਹੋ ਕੇ ਗਿਆਨ ਦੇ ਰਾਹ ਤੁਰਨ ਲਈ ਤਿਆਰ ਹੁੰਦੇ ਨੇ। ਜੋ ਨਿੱਤ ਦੀ ਰੋਟੀ ਨੂੰ ਵੀ ਹੋਰਾਂ ਦੀ ਰਹਿਮਦਿਲੀ ਉੱਪਰ ਛੱਡਣ ਲਈ ਤਿਆਰ ਹੁੰਦੇ ਨੇ। ਬੁੱਧ ਦੀ ਪਹਿਲੀ ਭਿੱਖਣੀ ਉਸ ਦੀ ਮਤਰੇਈ ਮਾਂ ਗੌਤਮੀ ਸੀ। ਪੂਰਬੀ ਏਸੀਆ ਦੇ ਦੇਸਾਂ ਵਿੱਚ ਬੁੱਧ ਮਤ ਫੈਲਣ ਦਾ ਜਰੀਆ ਇਹੀ ਭਿੱਖੂ ਬਣੇ ਸਨ।

ਭਾਰਤੀ ਪਰੰਪਰਾਵਾਂ ਵਿੱਚ ਪੈਦਲ ਤੁਰਨ ਵਾਲੇ ਭਿੱਖੂ ਜਾਂ ਸਾਧੂ ਲੰਮੇ ਸਮੇਂ ਤੋਂ ਤਿਆਗ, ਭਗਤੀ ਅਤੇ ਅਨੁਸਾਸਨ ਨੂੰ ਮੂਰਤੀਮਾਨ ਕਰਦੇ ਰਹੇ ਹਨ। ਉਨ੍ਹਾਂ ਨੂੰ ਪਰਿਵ੍ਰਜਕ ਭਾਵ ਭਟਕਦੇ ਤਪੱਸਵੀ ਕਿਹਾ ਜਾਂਦਾ ਸੀ। ਉਹ ਬਿਨਾਂ ਕਿਸੇ ਪੈਸੇ ਧੇਲੇ ਦੇ ਪੈਦਲ ਯਾਤਰਾ ਕਰਦੇ ਹਨ। ਉਹ ਸਾਂਤੀ ਅਤੇ ਗਿਆਨ ਦਾ ਪਸਾਰ ਕਰਦੇ ਸਨ।

ਹਿੰਦੂ ਧਰਮ ਵਿੱਚ ਸਾਧੂ ਵਾਰਾਣਸੀ, ਰਾਮੇਸਵਰਮ ਅਤੇ ਕੈਲਾਸ ਵਰਗੇ ਪਵਿੱਤਰ ਸਥਾਨਾਂ ਦੀ ਪਦਯਾਤਰਾ ਕਰਦੇ ਹਨ, ਜੋ ਭੌਤਿਕ ਜੀਵਨ ਤੋਂ ਨਿਰਲੇਪਤਾ ਅਤੇ ਮੋਕਸ ਵੱਲ ਯਾਤਰਾ ਦਾ ਪ੍ਰਤੀਕ ਹਨ। ਇਸੇ ਤਰ੍ਹਾਂ ਬੁੱਧ ਧਰਮ ਵਿੱਚ ਭਿੱਖੂ ਧੰਮਯਾਤਰਾ ਦਾ ਅਭਿਆਸ ਕਰਦੇ ਹਨ। ਉਹ ਰਹਿਮਦਿਲੀ ਅਤੇ ਜਾਗਰੂਕਤਾ ਦਾ ਸੁਨੇਹਾ ਦਿੰਦੇ ਹਨ। ਇਹ ਯਾਤਰਾਵਾਂ ਭਾਵੇਂ ਪਿੰਡਾਂ ਵਿੱਚ ਹੋਣ ਜਾਂ ਦੇਸਾਂ ਪ੍ਰਦੇਸਾਂ ਵਿੱਚ - ਇਹ ਮਨੁੱਖਤਾ ਨੂੰ ਸਦਭਾਵਨਾ ਨਾਲ ਰਹਿਣ ਦਾ ਸੱਦਾ ਦਿੰਦੀਆਂ ਹਨ।

ਇਹ ਮੰਨਿਆ ਜਾਂਦਾ ਹੈ ਕਿ ਆਪਣੇ ਜੀਵਨ ਕਾਲ ਦੌਰਾਨ ਗੌਤਮ ਬੁੱਧ ਨੇ ਉੱਤਰੀ ਭਾਰਤ ਅਤੇ ਨੇਪਾਲ ਵਿੱਚ ਹਜਾਰਾਂ ਮੀਲ ਪੈਦਲ ਯਾਤਰਾ ਕੀਤੀ। ਗਿਆਨ ਪ੍ਰਾਪਤੀ ਤੋਂ ਬਾਅਦ ਬੁੱਧ ਪੰਜਤਾਲੀ ਸਾਲ ਤੱਕ ਲਗਾਤਾਰ ਪੈਦਲ ਯਾਤਰਾ ਕਰਦੇ ਰਹੇ। ਗੰਗਾ ਦੇ ਤੱਟਾਂ ਤੋਂ ਲੈ ਕੇ ਹਿਮਾਲਿਆ ਦੀਆਂ ਵਾਦੀਆਂ ਤੱਕ ਲੋਕਾਈ ਨੂੰ ਮੁਕਤੀ ਦਾ ਰਾਹ ਸਿਖਾਉਂਦੇ ਰਹੇ। ਉਨ੍ਹਾਂ ਦੀਆਂ ਯਾਤਰਾਵਾਂ ਨੂੰ 'ਧੰਮਯਾਤਰਾ' ਕਿਹਾ ਜਾਂਦਾ ਹੈ, ਜਿਨ੍ਹਾਂ ਦਾ ਮਕਸਦ ਗਿਆਨ, ਦਇਆ ਅਤੇ ਅਹਿੰਸਾ ਨੂੰ ਫੈਲਾਉਣਾ ਸੀ। ਬੁੱਧ ਨੇ ਰਾਜਗੀਰ, ਸਾਰਨਾਥ, ਵੈਸਾਲੀ, ਸਾਵਤੀ ਅਤੇ ਕੁਸੀਨਗਰ ਵਰਗੇ ਇਲਾਕਿਆਂ ਦੀ ਯਾਤਰਾ ਕੀਤੀ। ਰਾਹ ਵਿੱਚ ਉਹ ਅਕਸਰ ਭਿੱਖੂਆਂ ਅਤੇ ਆਮ ਲੋਕਾਂ ਨਾਲ ਜੀਵਨ ਦੇ ਦੁੱਖਾਂ, ਮਨੁੱਖੀ ਚੇਤਨਾ ਅਤੇ ਸਾਂਤੀ ਬਾਰੇ ਚਰਚਾ ਕਰਨ ਲਈ ਰੁਕਦੇ ਸਨ।

ਬੁੱਧ ਦੀ ਯਾਤਰਾ ਸਿਰਫ ਸਰੀਰਕ ਯਾਤਰਾ ਨਹੀਂ ਸੀ। ਇਹ ਤਾਂ ਇੱਕ ਵੱਡਾ ਮਿਸਨ ਸੀ ਕਿ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਜਾਤ-ਪਾਤ, ਧਨ ਦੌਲਤ ਜਾਂ ਲਿੰਗ-ਪੁਲਿੰਗ ਦੀ ਪਰਵਾਹ ਕੀਤੇ ਬਿਨਾਂ, ਸਾਰਿਆਂ ਲਈ ਪਹੁੰਚਯੋਗ ਬਣਾਇਆ ਜਾ ਸਕੇ।

ਇਸੇ ਤਰ੍ਹਾਂ, ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਵਜੋਂ ਜਾਣੀਆਂ ਜਾਂਦੀਆਂ ਚਾਰ ਮਹਾਨ ਯਾਤਰਾਵਾਂ ਕੀਤੀਆਂ। ਉਨ੍ਹਾਂ ਨੇ ਦੋ ਦਹਾਕਿਆਂ ਵਿੱਚ ਅੰਦਾਜਨ ਤੀਹ ਹਜਾਰ ਕਿਲੋਮੀਟਰ ਦੀ ਪੈਦਲ ਯਾਤਰਾ ਕੀਤੀ। ਪੈਦਲ ਯਾਤਰਾ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਨੇ ਭਾਰਤ, ਤਿੱਬਤ, ਅਰਬ, ਪਰਸੀਆ, ਸ੍ਰੀਲੰਕਾ ਅਤੇ ਇਸ ਤੋਂ ਪਰ੍ਹੇ ਦੀ ਪਦ ਯਾਤਰਾ ਕੀਤੀ। ਮਨੁੱਖਤਾ ਨਾਲ ਏਕਤਾ, ਬਰਾਬਰੀ ਅਤੇ ਰੱਬੀ ਪਿਆਰ ਦਾ ਸੰਦੇਸ ਸਾਂਝਾ ਕੀਤਾ। ਉਨ੍ਹਾਂ ਦਾ ਉਦੇਸ ਧਾਰਮਿਕ ਅਤੇ ਸਮਾਜਿਕ ਵੰਡੀਆਂ, ਚੁਣੌਤੀਪੂਰਨ ਰਸਮਾਂ, ਜਾਤੀ ਭੇਦ-ਭਾਵ ਅਤੇ ਹਠਧਰਮ ਤੋਂ ਪਰ੍ਹੇ ਮਨੁੱਖਤਾ ਨੂੰ ਜੋੜਨਾ ਸੀ। ਬੁੱਧ ਵਾਂਗ ਗੁਰੂ ਨਾਨਕ ਦੇਵ ਜੀ ਵੀ ਲੋਕਾਈ ਦੇ ਦਿਲਾਂ ਨੂੰ ਜਗਾਉਣ ਲਈ ਪੈਦਲ ਤੁਰੇ। ਉਨ੍ਹਾਂ ਨੇ ਇਸ ਗੱਲ 'ਤੇ ਜੋਰ ਦਿੱਤਾ ਕਿ ਰੱਬ ਸਾਰਿਆਂ ਵਿੱਚ ਵਸਦਾ ਹੈ। ਸੇਵਾ, ਨਿਮਰਤਾ ਅਤੇ ਸੱਚ ਪੂਜਾ ਦੇ ਸਭ ਤੋਂ ਉੱਚੇ ਰੂਪ ਹਨ।

ਇਸੇ ਤਰ੍ਹਾਂ ਪੂਰਬੀ ਏਸੀਆ ਵਿੱਚ ਪੈਦਲ ਤੁਰਨਾ ਗਿਆਨ ਦਾ ਇੱਕ ਜੀਵਤ ਪ੍ਰਗਟਾਵਾ ਬਣ ਗਿਆ, ਜਿੱਥੇ ਯਾਤਰਾ ਸਿਰਫ ਜਮੀਨ ਉੱਪਰ ਚੱਲਣਾ ਨਹੀਂ ਸਗੋਂ ਅੰਦਰੂਨੀ ਸਾਂਤੀ ਅਤੇ ਵਿਸਵਵਿਆਪੀ ਸਦਭਾਵਨਾ ਵੱਲ ਤੁਰਨ ਦਾ ਸਾਧਨ ਬਣ ਗਈ।

ਅਮਰੀਕਾ ਦੀ ਪੈਦਲ ਯਾਤਰਾ ਕਰ ਰਹੇ ਬੋਧੀ ਭਿੱਖੂ ਅਸਲ ਵਿੱਚ ਭਾਰਤ ਦੇ ਪਰਿਵ੍ਰਜਕ ਤਪੱਸਵੀਆਂ, ਗੌਤਮ ਬੁੱਧ ਅਤੇ ਬਾਬਾ ਨਾਨਕ ਦੀ ਵਿਚਾਰਧਾਰਾ ਨੂੰ ਹੀ ਦਰਸਾਉਂਦੇ ਹਨ। ਉਹ ਵਿਚਾਰਧਾਰਾ ਜਿਸ ਵਿੱਚ ਅਮਨ ਸਾਂਤੀ ਅਤੇ ਮਾਨਵਵਾਦ ਸਾਮਲ ਹੈ। ਇਹ ਭਿੱਖੂ ਪੂਰੇ ਅਮਰੀਕਾ ਵਿੱਚ ਸਾਂਤੀ, ਏਕਤਾ ਅਤੇ ਮਾਨਸਿਕ ਤੌਰ 'ਤੇ ਜਖਮੀ ਲੋਕਾਈ ਦੀ ਤੰਦਰੁਸਤੀ ਲਈ ਦੁਆ ਕਰਨ ਲਈ ਇਹ ਲੰਮੀ ਪਦ ਯਾਤਰਾ ਕਰ ਰਹੇ ਹਨ।

ਭਿੱਖੂ ਪੰਨਾਕਾਰ ਦੀ ਅਗਵਾਈ ਵਿੱਚ ਇਹ ਸਾਰੇ ਭਿੱਖੂ ਇੱਕ ਕਤਾਰ ਵਿੱਚ ਤੁਰਦੇ ਹਨ। ਇਨ੍ਹਾਂ ਨੇ ਕੇਸਰੀ ਅਤੇ ਗੇਰੂ ਰੰਗੇ ਚੋਲੇ ਪਹਿਨੇ ਹੋਏ ਹਨ। ਇਨ੍ਹਾਂ ਦੇ ਨਾਲ-ਨਾਲ ਅਲੋਕਾ ਨਾਮ ਦਾ ਇੱਕ ਕੁੱਤਾ ਵੀ ਤੁਰਦਾ ਨਜਰ ਆਉਂਦਾ ਹੈ। ਇਨ੍ਹਾਂ ਭਿੱਖੂਆਂ ਨੇ ਸਾਫ ਸਪੱਸਟ ਸਬਦਾਂ ਵਿੱਚ ਕਿਹਾ ਹੈ, "ਅਸੀਂ ਕਿਸੇ ਦਾ ਵਿਰੋਧ ਕਰਨ ਲਈ ਨਹੀਂ, ਸਗੋਂ ਉਸ ਸਾਂਤੀ ਨੂੰ ਜਗਾਉਣ ਲਈ ਪਦ ਯਾਤਰਾ ਕਰ ਰਹੇ ਹਾਂ ਜੋ ਪਹਿਲਾਂ ਹੀ ਸਾਡੇ ਸਾਰਿਆਂ ਅੰਦਰ ਮੌਜੂਦ ਹੁੰਦੀ ਹੈ।" ਭਿੱਖੂ ਪੰਨਾਕਾਰ ਨੇ ਇੱਕ ਬਿਆਨ ਵਿੱਚ ਕਿਹਾ ਹੈ, "ਸਾਂਤੀ ਲਈ ਪੈਦਲ ਯਾਤਰਾ ਕਰਨ ਦਾ ਮਕਸਦ, ਇੱਕ ਆਮ ਜਿਹੀ ਪਰ ਬੜੀ ਅਰਥਪੂਰਨ ਗੱਲ ਨੂੰ ਯਾਦ ਕਰਵਾਉਣਾ ਹੈ ਕਿ ਮਨੁੱਖੀ ਏਕਤਾ ਅਤੇ ਰਹਿਮਦਿਲੀ ਸਾਡੇ ਆਪਣੇ ਹੀ ਅੰਦਰੋਂ ਸੁਰੂ ਹੋਵੇਗੀ ਅਤੇ ਅੱਗੇ ਪਰਿਵਾਰਾਂ, ਭਾਈਚਾਰਿਆਂ ਤੇ ਸਮੁੱਚੇ ਸਮਾਜ ਵਿੱਚ ਫੈਲ ਜਾਵੇਗੀ।"

ਭਿੱਖੂਆਂ ਦਾ ਇਹ ਸੰਦੇਸ ਅਹਿੰਸਾ ਦੀਆਂ ਪ੍ਰਾਚੀਨ ਬੋਧੀ ਪਰੰਪਰਾਵਾਂ ਨਾਲ ਜੁੜਿਆ ਹੋਇਆ ਹੈ, ਜੋ ਸਾਰੇ ਪਿਛੋਕੜਾਂ ਦੇ ਅਮਰੀਕੀਆਂ ਅੰਦਰ ਗੂੰਜ ਰਿਹਾ ਹੈ। ਲੋਕਾਂ ਦੀ ਭੀੜ ਹਾਈਵੇਅ 'ਤੇ, ਸਹਿਰਾਂ ਦੇ ਚੌਕਾਂ ਵਿੱਚ ਅਤੇ ਬਾਹਰ ਚਰਚਾਂ ਵਿੱਚ ਇਕੱਠੀ ਹੋ ਜਾਂਦੀ ਹੈ ਤਾਂ ਜੋ ਇਨ੍ਹਾਂ ਨੰਗੇ ਪੈਰੀਂ ਤੁਰਦੇ ਭਿੱਖੂਆਂ ਦਾ ਸਵਾਗਤ ਕੀਤਾ ਜਾ ਸਕੇ। ਰਾਤ ਨੂੰ ਸੌਣ ਤੋਂ ਪਹਿਲਾਂ ਉਹ ਆਮ ਲੋਕਾਂ ਨੂੰ ਮਨ ਦੀ ਸਾਂਤੀ ਵੱਲ ਜਾਣ ਵਾਲੇ ਧਿਆਨ ਸਿਖਾਉਂਦੇ ਹਨ।

ਆਪਣੇ ਮਿਸਨ ਦੀ ਸਾਂਤੀ ਦੇ ਬਾਵਜੂਦ, ਇਨ੍ਹਾਂ ਨਾਲ ਇੱਕ ਦੁਖਾਂਤ ਵੀ ਵਾਪਰਿਆ। ਟੈਕਸਸ ਵਿੱਚ ਉਨ੍ਹਾਂ ਦੇ ਨਾਲ ਚੱਲਦੀ ਐਸਕਾਰਟ ਗੱਡੀ ਨੂੰ ਇੱਕ ਟਰੱਕ ਡਰਾਈਵਰ ਨੇ ਟੱਕਰ ਮਾਰ ਦਿੱਤੀ, ਜਿਸ ਨਾਲ ਦੋ ਭਿੱਖੂ ਜਖਮੀ ਹੋ ਗਏ, ਜਿਨ੍ਹਾਂ ਵਿੱਚੋਂ ਇੱਕ ਨੇ ਆਪਣੀ ਲੱਤ ਗੁਆ ਲਈ। ਫਿਰ ਵੀ ਬਾਕੀ ਭਿੱਖੂ ਆਪਣੀ ਯਾਤਰਾ ਨੂੰ ਬਿਨਾਂ ਕਿਸੇ ਡਰ ਦੇ ਜਾਰੀ ਰੱਖ ਰਹੇ ਹਨ।

ਸਾਂਤੀ ਲਈ ਕੀਤੀ ਜਾ ਰਹੀ ਇਸ ਪਦ ਯਾਤਰਾ ਦਾ ਖਾਸ ਪਹਿਲੂ ਇਸਦੀ ਗੈਰ-ਸੰਪਰਦਾਇਕ ਭਾਵਨਾ ਹੈ। ਸਥਾਨਕ ਚਰਚਾਂ, ਮਸਜਿਦਾਂ ਅਤੇ ਸਿਨਾਗੌਗਾਂ ਨੇ ਭਿੱਖੂਆਂ ਦੀ ਮੇਜਬਾਨੀ ਲਈ ਆਪਣੇ ਦਰਵਾਜੇ ਖੋਲ੍ਹ ਦਿੱਤੇ, ਜੋ ਕਿ ਦਿਆਲੂ ਭਾਵ ਅਤੇ ਮੇਲ-ਮਿਲਾਪ ਦੇ ਵਿਸਵਵਿਆਪੀ ਸੰਦੇਸ ਨੂੰ ਪਛਾਣਨ ਦਾ ਪ੍ਰਤੀਕ ਹਨ।

ਰੁਕਣ ਵਾਲੀ ਹਰ ਥਾਂ 'ਤੇ ਭਿੱਖੂ ਪੰਨਾਕਾਰ ਵਿਪਾਸਨਾ ਵਿਧੀ ਨਾਲ ਧਿਆਨ ਕਰਨਾ ਸਿਖਾਉਂਦਾ ਹੈ। ਵਿਪਾਸਨਾ ਇੱਕ ਪ੍ਰਾਚੀਨ ਬੋਧੀ ਅਭਿਆਸ ਹੈ ਜੋ ਸਾਹ ਅਤੇ ਸੰਵੇਦਨਾ 'ਤੇ ਧਿਆਨ ਧਰਨ ਨਾਲ ਜਾਗਰੂਕਤਾ ਪੈਦਾ ਕਰਦਾ ਹੈ। ਉਸ ਦਾ ਕਹਿਣਾ ਹੈ, "ਸਾਡੇ ਵਿੱਚੋਂ ਕੁਝ ਨੰਗੇ ਪੈਰੀਂ ਤੁਰਦੇ ਹਨ, ਇਸ ਦਾ ਕਾਰਨ ਧਰਤੀ ਨੂੰ ਆਪਣੇ ਨੇੜੇ ਮਹਿਸੂਸ ਕਰਨਾ ਹੈ ਅਤੇ ਹਰ ਕਦਮ 'ਤੇ ਆਪਣੇ ਆਪ ਨੂੰ ਇਹ ਯਾਦ ਦਿਵਾਉਣਾ ਹੈ ਕਿ ਸਾਂਤੀ ਸਾਡੇ ਅੰਦਰੋਂ ਸੁਰੂ ਹੁੰਦੀ ਹੈ।" ਅਜੋਕੇ ਦੌਰ ਵਿੱਚ ਇਸ ਕਿਸਮ ਦੀ ਤੀਰਥ ਯਾਤਰਾ ਦੀਆਂ ਜੜ੍ਹਾਂ ਉੱਨੀ ਸੌ ਨੱਬੇ ਦੇ ਦਹਾਕੇ ਵਿੱਚ ਵੀ ਮਿਲਦੀਆਂ ਹਨ। ਜਦੋਂ ਇੱਕ ਕੰਬੋਡੀਅਨ ਭਿੱਖੂ ਮਹਾ ਘੋਸਾਨੰਦ ਨੇ ਖਮੇਰ ਰੂਜ ਦੀ ਨਸਲਕੁਸੀ ਤੋਂ ਬਾਅਦ ਕੰਬੋਡੀਆ ਦੇ ਯੁੱਧ-ਗ੍ਰਸਤ ਖੇਤਰਾਂ ਵਿੱਚ ਸਾਂਤੀ ਯਾਤਰਾਵਾਂ ਦੀ ਅਗਵਾਈ ਕੀਤੀ ਸੀ।

ਇਹ ਭਿੱਖੂ ਇਸ ਗੱਲ 'ਤੇ ਜੋਰ ਦਿੰਦੇ ਹਨ ਕਿ ਉਨ੍ਹਾਂ ਦੀ ਯਾਤਰਾ ਕੋਈ ਵਿਰੋਧ ਪ੍ਰਦਰਸਨ ਨਹੀਂ ਹੈ, ਪਰ ਫਿਰ ਵੀ ਉਨ੍ਹਾਂ ਦਾ ਸੰਦੇਸ ਡੂੰਘਾ ਰਾਜਨੀਤਕ ਅਰਥ ਰੱਖਦਾ ਹੈ।

ਅਮਰੀਕਾ ਦੀ ਰਾਜਧਾਨੀ ਵਾਸਿੰਗਟਨ ਪਹੁੰਚਣ ਨਾਲ ਇਹ ਯਾਤਰਾ ਸੰਪੂਰਨ ਹੋ ਜਾਵੇਗੀ। ਉੱਥੇ ਉਹ ਅਮਰੀਕੀ ਸੰਸਦ ਨੂੰ ਬੁੱਧ ਦੇ ਜਨਮ ਦਿਨ, ਇੱਕ ਵੈਸਾਖ ਨੂੰ ਗਿਆਨ ਦਿਵਸ ਵਜੋਂ ਮਨਾਉਣ ਅਤੇ ਅਮਰੀਕਾ ਵਿੱਚ ਸੰਘੀ ਛੁੱਟੀ ਵਜੋਂ ਮਾਨਤਾ ਦੇਣ ਲਈ ਵੀ ਬੇਨਤੀ ਕਰਨਗੇ।

ਬਿਨਾਂ ਸੱਕ ਬੋਧੀ ਭਿੱਖੂਆਂ ਦੀ ਇਹ ਪਦ ਯਾਤਰਾ ਬਹੁਤ ਸਾਰੇ ਲੋਕਾਂ ਨੂੰ ਪ੍ਰੇਰਿਤ ਕਰਨ ਵਾਲੀ ਯਾਤਰਾ ਹੈ। ਬਹੁਤ ਸਾਰੇ ਅਮਰੀਕੀ ਲੋਕਾਂ ਨੇ ਇਨ੍ਹਾਂ ਸਾਂਤੀਪਸੰਦ ਭਿੱਖੂਆਂ ਨੂੰ ਫੁੱਲ ਭੇਟ ਕੀਤੇ ਅਤੇ ਉਨ੍ਹਾਂ ਨਾਲ ਗੱਲਬਾਤ ਕੀਤੀ। ਜਿਵੇਂ ਜਿਵੇਂ ਇਹ ਸਾਂਤੀ ਪਦ ਯਾਤਰਾ ਕਰਨ ਵਾਲੇ ਭਿੱਖੂਆਂ ਦਾ ਟੋਲਾ ਦੇਸ ਦੀ ਰਾਜਧਾਨੀ ਦੇ ਨੇੜੇ ਪਹੁੰਚ ਰਿਹਾ ਹੈ, ਇਨ੍ਹਾਂ ਦਾ ਸੰਦੇਸ ਦੂਰ ਦੂਰ ਤਕ ਫੈਲ ਰਿਹਾ ਹੈ। ਸੋਸਲ ਮੀਡੀਆ 'ਤੇ ਉਨ੍ਹਾਂ ਦੀ ਯਾਤਰਾ ਅਤੇ ਉਨ੍ਹਾਂ ਦੇ ਵਫਾਦਾਰ ਸਾਥੀ ਕੁੱਤੇ ਅਲੋਕਾ ਨੇ ਲੱਖਾਂ ਲੋਕਾਂ ਦਾ ਧਿਆਨ ਖਿੱਚਿਆ ਹੈ। ਜਾਪਦਾ ਹੈ ਕਿ ਉਨ੍ਹਾਂ ਦੇ ਕਦਮਾਂ ਦੀ ਸਾਂਤ ਤਾਲ ਵਿੱਚ ਬਹੁਤ ਸਾਰੇ ਅਮਰੀਕੀ ਲੋਕ ਇਸ ਸੁਨੇਹੇ ਨੂੰ ਮਹਿਸੂਸ ਕਰ ਰਹੇ ਹਨ ਕਿ ਸਾਂਤੀ ਸਿਰਫ ਟਕਰਾਅ ਦੀ ਅਣਹੋਂਦ ਨਹੀਂ ਹੈ ਸਗੋਂ ਇਹ ਤਾਂ ਆਮ ਦਿਨਾਂ 'ਚ ਦਿਖਾਈ ਗਈ ਦਇਆ ਜਾਂ ਰਹਿਮਦਿਲੀ ਹੈ।

ਇਸ ਯਾਤਰਾ ਦੀ ਖਾਸ ਗੱਲ ਇਹ ਹੈ ਕਿ ਅਸੀਂ ਪੂਰਬ ਦੀ ਪਰੰਪਰਾ ਵਿੱਚ ਪਏ ਅਮਨ ਸਾਂਤੀ ਜਾਂ ਸਦਭਾਵਨਾ ਦੇ ਸਦੀਵੀ ਸਿਧਾਂਤਾਂ ਨੂੰ ਅੱਜ ਪੱਛਮੀ ਦੇਸਾਂ ਵਿੱਚ ਪੁਨਰ ਜਨਮ ਲੈਂਦਿਆਂ ਦੇਖ ਰਹੇ ਹਾਂ। ਉਨ੍ਹਾਂ ਦੀ ਪੁਨਰ ਵਿਆਖਿਆ ਹੁੰਦੀ ਦੇਖ ਰਹੇ ਹਾਂ। ਆਸ ਕਰਦੇ ਹਾਂ ਇਨ੍ਹਾਂ ਸਾਧਾਰਨ ਦਿੱਖ ਵਾਲੇ ਭਿੱਖੂਆਂ ਰਾਹੀਂ ਸਮੁੱਚੀ ਮਨੁੱਖਤਾ ਨੂੰ ਸਰਬ ਸਾਂਝੀਵਾਲਤਾ ਦੀ ਭਾਵਨਾ ਦਾ ਅਹਿਸਾਸ ਹੋਵੇਗਾ ਅਤੇ ਸਮੁੱਚੀ ਮਨੁੱਖਤਾ ਤੱਕ ਅਮਨ ਸਾਂਤੀ ਦਾ ਸੁਨੇਹਾ ਪੁੱਜਦਾ ਹੋਵੇਗਾ।

**ਪਰਮਿੰਦਰ ਸੋਢੀ**

# ਪੰਜਾਬ ਦੇ ਦਰਿਆਵਾਂ 'ਚ ਘੁਲ ਰਿਹੈ ਜ਼ਹਿਰ

ਪੰਜਾਬ ਦੇ ਪਾਣੀਆਂ ਦਾ ਮਸਲਾ ਜਦੋਂ ਵੀ ਉੱਭਰ ਕੇ ਸਾਹਮਣੇ ਆਉਂਦਾ ਹੈ ਤਾਂ ਸਾਰੀਆਂ ਸਿਆਸੀ ਧਿਰਾਂ ਇੱਕ ਦੂਜੇ 'ਤੇ ਦੋਸ਼ ਲਗਾਉਣੇ ਸ਼ੁਰੂ ਕਰ ਦਿੰਦੀਆਂ ਹਨ। ਗੱਲ ਭਾਵੇਂ ਐੱਸ ਵਾਈ ਐੱਲ ਦੀ ਹੋਵੇ ਜਾਂ ਫਿਰ ਹੋਰਨਾਂ ਦਰਿਆਵਾਂ ਨਹਿਰਾਂ ਦੀ, ਸਿਆਸੀ ਧਿਰਾਂ ਨੂੰ ਜਦੋਂ ਕੋਈ ਮੌਕਾ ਮਿਲਦਾ ਹੈ ਤਾਂ ਉਹ ਪਿੱਛੇ ਨਹੀਂ ਰਹਿੰਦੀਆਂ। ਬੀ ਬੀ ਐੱਮ ਬੀ ਉੱਤੇ ਵੀ ਪੰਜਾਬ ਦਾ ਹੱਕ ਜਤਾਉਣ ਵਾਲੀਆਂ ਇਹ ਸਿਆਸੀ ਧਿਰਾਂ ਹਮੇਸ਼ਾ ਸਿਆਸਤ ਹੀ ਕਰਦੀਆਂ ਆਈਆਂ ਹਨ। ਪੰਜਾਬ ਦੇ ਪਾਣੀਆਂ ਵਿੱਚ ਰੋਜਾਨਾ ਘੁਲ ਰਿਹਾ ਜਹਿਰ ਕਿਸੇ ਸਿਆਸੀ ਪਾਰਟੀ ਲਈ ਚਿੰਤਾ ਦਾ ਵਿਸ਼ਾ ਨਹੀਂ ਹੈ। ਇਸ ਦੇ ਉਲਟ ਅਜਿਹੇ ਕਿਸੇ ਮੁੱਦੇ 'ਤੇ ਜਦੋਂ ਲੋਕਾਂ ਵੱਲੋਂ ਪ੍ਰਦਰਸ਼ਨ ਕੀਤਾ ਜਾਂਦਾ ਹੈ ਤਾਂ ਵੀ ਪੱਲੇ ਸਿਰਫ ਲਾਰੇ ਹੀ ਪੈਂਦੇ ਹਨ। ਗੱਲ ਭਾਵੇਂ ਪੰਜਾਬ ਦੇ ਦਰਿਆਵਾਂ ਦੀ ਕਰ ਲਈਏ ਜਾਂ ਫਿਰ ਨਹਿਰਾਂ ਦੀ, ਹਰ ਪਾਸੇ ਹੀ ਬੁਰਾ ਹਾਲ ਹੈ। ਹੇਠਲੇ ਪੱਧਰ 'ਤੇ ਜੇਕਰ ਆਮ ਲੋਕ ਨਹਿਰਾਂ ਵਿੱਚ ਕੁਝ ਵੀ ਸੁੱਟਣ ਤੋਂ ਗੁਰੇਜ ਨਹੀਂ ਕਰਦੇ ਤਾਂ ਵੱਡੇ ਪੱਧਰ 'ਤੇ ਵੱਡੀਆਂ ਕਾਰਪੋਰੇਟ ਕੰਪਨੀਆਂ ਤੇ ਹੋਰ ਵੱਡੇ ਕਾਰਖਾਨੇ ਵੀ ਪਾਣੀ ਦੇ ਸਰੋਤਾਂ ਨੂੰ ਗੰਧਲਾ ਕਰਨ ਵਿੱਚ ਕੋਈ ਕਸਰ ਨਹੀਂ ਛੱਡ ਰਹੇ। ਪੰਜਾਬ ਦੇ ਪਾਣੀਆਂ ਦੀ ਗੁਣਵੱਤਾ ਇਸ ਵੇਲੇ ਇਸ ਕਦਰ ਖ਼ਰਾਬ ਹੋ ਗਈ ਹੈ ਕਿ ਜੇਕਰ ਇਸ ਨੂੰ ਸਾਫ ਕਰਨ ਵੱਲ ਵਧੀਏ ਤਾਂ ਵੀ ਦੋ-ਤਿੰਨ ਦਹਾਕੇ ਲੱਗ ਜਾਣਗੇ, ਪਰ ਮੌਜੂਦਾ ਹਾਲਾਤ ਇਸ ਸਥਿਤੀ ਦੇ ਹੋਰ ਨਿੱਘਰਨ ਵੱਲ ਸੰਕੇਤ ਕਰ ਰਹੇ ਹਨ।

ਪਿਛਲੇ ਸਮੇਂ ਦੌਰਾਨ ਪੰਜਾਬ 'ਚ ਆਏ ਹੜ੍ਹਾਂ ਨੇ ਵੀ ਮੁੜ ਸਾਨੂੰ ਇਹ ਸਮਝਾਉਣ ਦਾ ਯਤਨ ਕੀਤਾ ਹੈ ਕਿ ਮਨੁੱਖ ਦੀ ਹੋਂਦ ਲਈ ਪੀਣ ਵਾਲੇ ਪਾਣੀ ਦੀ ਕਿੰਨੀ ਲੋੜ ਹੁੰਦੀ ਹੈ। ਕਈ ਥਾਈਂ ਹੜ੍ਹ ਦੀ ਮਾਰ ਝੱਲ ਰਹੇ ਲੋਕਾਂ ਨੂੰ ਪੀਣ ਲਈ ਸਾਫ ਪਾਣੀ ਵੀ ਉਪਲੱਬਧ ਨਹੀਂ ਸੀ। ਜੇਕਰ ਪੰਜ ਦਰਿਆਵਾਂ ਦੀ ਧਰਤੀ 'ਤੇ ਵੀ ਲੋਕਾਂ ਨੂੰ ਜਿਉਂਦੇ ਰਹਿਣ ਲਈ ਪਾਣੀ ਵਾਲੀਆਂ ਬੋਤਲਾਂ 'ਤੇ ਹੀ ਨਿਰਭਰ ਹੋਣਾ ਪਵੇਗਾ ਤਾਂ ਇਸ ਦਾ ਸਪੱਸ਼ਟ ਅਰਥ ਇਹ ਨਿਕਲਦਾ ਹੈ ਕਿ ਵੱਡੀ ਗਿਣਤੀ ਲੋਕ ਜਿਊਣ ਦੇ ਹੱਕ ਤੋਂ ਵਾਂਝੇ ਹੋ ਜਾਣਗੇ।

ਇਹ ਸਾਰੀ ਖੇਡ ਅੰਕੜਿਆਂ ਦੀ ਹੈ। ਜਦੋਂ ਕਿਤੇ ਕੋਈ ਮੁੱਦਾ ਖੜ੍ਹਾ ਹੁੰਦਾ ਹੈ ਤਾਂ ਚਾਰ ਦਿਨ ਸੈਂਪਲ ਭਰ ਲਏ ਜਾਂਦੇ ਹਨ। ਪਾਣੀ ਸਾਫ ਕਰਨ ਲਈ ਮੁਹਿੰਮਾਂ ਵੀ ਵਿੱਢ ਦਿੱਤੀਆਂ ਜਾਂਦੀਆਂ ਹਨ ਪਰ ਹਕੀਕੀ ਪੱਧਰ 'ਤੇ ਬਦਲਦਾ ਕੁਝ ਵੀ ਨਹੀਂ। ਸਰਕਾਰਾਂ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਹੁੰਦੀਆਂ ਹਨ ਪਰ ਇਥੇ ਸਰਕਾਰੀ ਨੀਤੀਆਂ ਕਾਰਨ ਹੀ ਲੋਕ ਮੁਢਲੀਆਂ ਲੋੜਾਂ ਤੋਂ ਵਾਂਝੇ ਹੁੰਦੇ ਜਾ ਰਹੇ ਹਨ। ਅੱਜ ਪੰਜਾਬ ਦੀ ਵੱਡੀ ਗਿਣਤੀ ਆਬਾਦੀ ਸਾਫ ਹਵਾ, ਪਾਣੀ ਤੇ ਖੁਰਾਕ ਤੋਂ ਦੂਰ ਹੁੰਦੀ ਜਾ ਰਹੀ ਹੈ।

ਕਿਸੇ ਸਮੇਂ ਅਜਿਹਾ ਹੁੰਦਾ ਸੀ ਕਿ ਪੰਜਾਬ ਦੀਆਂ ਨਹਿਰਾਂ ਅਤੇ ਦਰਿਆਵਾਂ ਦਾ



ਪਾਣੀ ਲੋਕ ਬਿਨਾਂ ਪੁਣੇ ਅਤੇ ਬਿਨਾਂ ਸਾਫ਼ ਕੀਤੇ ਹੀ ਪੀ ਲੈਂਦੇ ਸਨ, ਪਰ ਹੁਣ ਹਾਲਾਤ ਇਹ ਬਣ ਚੁੱਕੇ ਨੇ ਕਿ ਅਸੀਂ ਵੱਡੇ ਵੱਡੇ ਫ਼ਿਲਟਰ ਵੀ ਲਗਾ ਲਏ ਨੇ ਫਿਰ ਵੀ ਪਾਣੀ ਸਾਫ਼ ਨਹੀਂ ਹੋ ਰਿਹਾ। ਪੰਜਾਬ ਦਾ ਇੱਕ ਵੱਡਾ ਇਲਾਕਾ ਇਸ ਵੇਲੇ ਕੈਂਸਰ ਦੀ ਲਪੇਟ ਵਿੱਚ ਆ ਗਿਆ ਹੈ।

ਪੰਜਾਬ ਦੇ ਪਾਣੀਆਂ ਬਾਰੇ ਪਿਛਲੇ ਦਿਨੀਂ ਸਾਹਮਣੇ ਆਈ ਇੱਕ ਰਿਪੋਰਟ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਸੂਬਾ ਸਰਕਾਰ ਅਤੇ ਕੇਂਦਰ ਸਰਕਾਰ ਪੰਜਾਬ ਦੇ ਪਾਣੀਆਂ ਨੂੰ ਬਚਾਉਣ ਲਈ ਭੋਰਾ ਵੀ ਸੁਹਿਰਦ ਨਹੀਂ ਹੈ। ਪੰਜਾਬ ਦੇ ਦਰਿਆਵਾਂ ਅਤੇ ਨਹਿਰਾਂ ਵਿੱਚ ਜਿਹੜਾ ਪ੍ਰਦੂਸ਼ਣ ਕਾਰਪੋਰੇਟ ਘਰਾਣਿਆਂ, ਕਾਰਖ਼ਾਨਿਆਂ, ਕੰਪਨੀਆਂ ਅਤੇ ਫ਼ੈਕਟਰੀਆਂ ਵੱਲੋਂ ਘੋਲਿਆ ਜਾ ਰਿਹਾ ਹੈ, ਉਸ ਨੂੰ ਬੰਦ ਕਰਨ ਵਾਸਤੇ ਸਰਕਾਰ ਕੋਈ ਠੋਸ ਕਦਮ ਨਹੀਂ ਚੁੱਕ ਰਹੀ, ਭਾਵੇਂ ਕਿ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਸਮੇਂ-ਸਮੇਂ 'ਤੇ ਪ੍ਰਦੂਸ਼ਣ ਨੂੰ ਖ਼ਤਮ ਕਰਨ ਵਾਸਤੇ ਮੁਹਿੰਮਾਂ ਚਲਾਈਆਂ ਜਾਂਦੀਆਂ ਹਨ, ਸਰਕਾਰ ਦਾ ਸਹਿਯੋਗ ਲਿਆ ਜਾਂਦਾ ਹੈ, ਪਰ ਹਾਲਾਤ ਇਹ ਹਨ ਕਿ ਇਹ ਮੁਹਿੰਮਾਂ ਵੀ ਹੋਰਨਾਂ ਵਿਕਾਸ ਕਾਰਜਾਂ ਵਾਂਗ ਕਾਗਜਾਂ ਅਤੇ ਇਸ਼ਤਿਹਾਰਾਂ 'ਚ ਜਿਆਦਾ ਦਿਖਾਈ ਦਿੰਦੀਆਂ ਹਨ।

ਪੰਜਾਬ ਵਿਚਲੇ ਦਰਿਆਵਾਂ ਅਤੇ ਜਲ ਸਰੋਤਾਂ ਨੂੰ ਪ੍ਰਦੂਸ਼ਿਤ ਕਰਨ ਵਾਲੇ ਕੁੱਲ 819 ਸਰੋਤ ਹਾਲੇ ਬੰਦ ਕਰਨੇ ਬਾਕੀ ਹਨ। ਇਨ੍ਹਾਂ ਵਿੱਚੋਂ ਜ਼ਿਆਦਾਤਰ ਸਰੋਤ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਅਧੀਨ ਹਨ। ਹੁਣ ਤੱਕ ਕਰੀਬ 290 ਸਰੋਤ ਬੰਦ ਕੀਤੇ ਜਾ ਚੁੱਕੇ ਹਨ ਜਾਂ ਫਿਰ ਉਨ੍ਹਾਂ ਨੂੰ ਹਟਾਇਆ ਜਾ ਚੁੱਕਿਆ ਹੈ, ਪਰ ਪੰਚਾਇਤ ਵਿਭਾਗ ਦੇ ਅਧੀਨ 510 ਸਰੋਤ ਬੰਦ ਕਰਨੇ ਹਾਲੇ ਬਾਕੀ ਹਨ। ਇਹ ਖ਼ੁਲਾਸਾ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ 19 ਦਸੰਬਰ 2025 ਨੂੰ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਕੋਲ ਦਾਇਰ ਕੀਤੀ ਗਈ ਆਪਣੀ ਰਿਪੋਰਟ ਵਿੱਚ ਕੀਤਾ ਹੈ। ਇਹ ਰਿਪੋਰਟ 19 ਸਤੰਬਰ 2025 ਦੇ ਨੈਸ਼ਨਲ ਗਰੀਨ ਟ੍ਰਿਬਿਊਨਲ ਦੇ ਹੁਕਮਾਂ ਅਨੁਸਾਰ ਅਦਾਲਤ ਵਿੱਚ ਪੇਸ਼ ਕੀਤੀ ਗਈ ਸੀ, ਜੋ ਪੰਜਾਬ ਦੇ ਜਲ ਸਰੋਤਾਂ ਦੇ ਪ੍ਰਦੂਸ਼ਣ ਨਾਲ ਸਬੰਧਿਤ ਹੈ।

ਇੱਥੇ ਦੱਸਣਾ ਬਣਦਾ ਹੈ ਕਿ ਨੈਸ਼ਨਲ ਗਰੀਨ ਟ੍ਰਿਬਿਊਨਲ ਨੇ 16 ਸਤੰਬਰ 2024 ਨੂੰ 'ਦਿ ਟ੍ਰਿਬਿਊਨ' ਵਿੱਚ ਪ੍ਰਕਾਸ਼ਿਤ ਇੱਕ ਖ਼ਬਰ ਦੇ ਆਧਾਰ 'ਤੇ ਇਸ ਮਾਮਲੇ ਦਾ ਖ਼ੁਦ ਨੋਟਿਸ ਲਿਆ ਸੀ। ਸਵਾਲ ਇਹ ਹੈ ਕਿ ਜਦੋਂ ਸਰਕਾਰ ਤੱਕ ਸਾਰੀ ਰਿਪੋਰਟ ਪਹੁੰਚ ਚੁੱਕੀ ਹੈ ਅਤੇ ਜਲ ਪ੍ਰਦੂਸ਼ਿਤ ਕਰਨ ਵਾਲੇ ਹਰ ਕਾਰਖ਼ਾਨੇ ਤੇ ਫ਼ੈਕਟਰੀ ਦਾ ਡੇਟਾ ਪਹੁੰਚ ਚੁੱਕਿਆ ਹੈ ਤਾਂ ਸਰਕਾਰ ਕੋਈ ਕਾਰਵਾਈ ਕਰਨ ਵਿੱਚ ਉਡੀਕ ਕਿਸ ਦੀ ਕਰ ਰਹੀ ਹੈ ? ਪ੍ਰਦੂਸ਼ਣ ਫੈਲਾਉਣ ਵਾਲੇ ਇਨ੍ਹਾਂ ਕਾਰਖਾਨਿਆਂ ਨੂੰ ਨੋਟਿਸ ਜਾਰੀ ਕਰਕੇ ਬੰਦ ਕਿਉਂ ਨਹੀਂ ਕੀਤਾ ਜਾਂਦਾ। ਹਾਲਾਂਕਿ ਇਸ ਮਾਮਲੇ 'ਤੇ ਨੈਸ਼ਨਲ ਗਰੀਨ ਟ੍ਰਿਬਿਊਨਲ ਨੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਸਾਰੇ ਪ੍ਰਦੂਸ਼ਣ ਕਰਨ ਵਾਲੇ ਸਰੋਤਾਂ ਨੂੰ ਬੰਦ ਕਰਨ ਲਈ ਇੱਕ ਸਪੱਸ਼ਟ ਸਮਾਂ-ਸੀਮਾ ਤੈਅ ਕਰਨ ਦੇ ਹੁਕਮ ਦਿੱਤੇ ਹਨ। ਇਸ ਤੋਂ ਬਾਅਦ ਬੋਰਡ ਦੇ ਮੈਂਬਰ ਸਕੱਤਰ ਨੇ ਸਾਰੇ ਖੇਤਰੀ ਦਫ਼ਤਰਾਂ ਦੇ ਵਾਤਾਵਰਨ ਇੰਜੀਨੀਅਰਾਂ ਨੂੰ ਨਦੀਆਂ ਵਿੱਚ ਦੂਸ਼ਿਤ ਪਾਣੀ ਛੱਡਣ ਵਾਲੇ ਸਰੋਤਾਂ ਨੂੰ ਬੰਦ ਕਰਨ ਲਈ ਕਾਰਜ ਯੋਜਨਾਵਾਂ ਅਤੇ ਸਮਾਂ-ਸੀਮਾਵਾਂ ਜਮ੍ਹਾਂ ਕਰਾਉਣ ਦੇ ਹੁਕਮ ਵੀ ਦਿੱਤੇ। ਖ਼ਬਰਾਂ ਇਹ ਹਨ ਕਿ ਜਲ ਸਰੋਤ ਮਹਿਕਮੇ ਨੂੰ ਜਲ ਸਰੋਤਾਂ ਦੇ ਰਖਵਾਲੇ ਵਜੋਂ ਮਾਨਤਾ ਦਿੰਦੇ ਹੋਏ 11 ਦਸੰਬਰ 2025 ਨੂੰ ਪ੍ਰਮੁੱਖ ਸਕੱਤਰ ਨੂੰ ਇੱਕ ਪੱਤਰ ਲਿਖਿਆ ਗਿਆ ਸੀ, ਜਿਸ ਵਿੱਚ ਇੱਕ ਅਪੀਲ ਕੀਤੀ ਗਈ ਸੀ ਕਿ ਦਰਿਆਵਾਂ ਅਤੇ ਜਲ ਸਰੋਤਾਂ ਵਿੱਚ ਦੂਸ਼ਿਤ ਪਾਣੀ ਪਾਉਣ ਵਾਲੀਆਂ ਸਨਅਤੀ ਇਕਾਈਆਂ, ਪਿੰਡਾਂ ਦੇ ਸੀਵਰੇਜ, ਸ਼ਹਿਰੀ ਨਗਰ ਨਿਗਮ ਦੇ ਨਾਲਿਆਂ, ਡੇਅਰੀ ਦੀ ਰਹਿੰਦ-ਖੂੰਹਦ ਅਤੇ ਹੋਰ ਸਰੋਤਾਂ ਨੂੰ ਤੁਰੰਤ ਬੰਦ ਕਰਨ ਦਾ ਹੁਕਮ ਜਾਰੀ ਕੀਤਾ ਜਾਵੇ।

ਪੰਜਾਬ ਪੇਂਡੂ ਵਿਕਾਸ, ਪੰਚਾਇਤ ਵਿਭਾਗ ਅਤੇ ਸਥਾਨਕ ਸਰਕਾਰਾਂ ਵਿਭਾਗ ਨੂੰ ਵੀ ਆਪਣੇ ਅਧਿਕਾਰ ਖੇਤਰ ਅਧੀਨ ਪ੍ਰਦੂਸ਼ਣ ਫੈਲਾਉਣ ਵਾਲੇ ਸਰੋਤਾਂ ਨੂੰ ਬੰਦ ਕਰਨ ਲਈ ਆਖਿਆ ਗਿਆ ਸੀ ਅਤੇ ਇਸ ਸਬੰਧੀ ਬਾਕਾਇਦਾ ਹੁਕਮ ਵੀ ਦਿੱਤੇ ਗਏ ਹਨ। ਪਰ ਹੁਣ ਤੱਕ ਕਾਰਵਾਈ ਕਾਗ਼ਜ਼ਾਂ ਤੱਕ ਹੀ ਸੀਮਤ ਰਹੀ ਹੈ। ਇੱਕ ਰਿਪੋਰਟ ਮੁਤਾਬਿਕ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਕਹਿੰਦਾ ਹੈ ਕਿ ਪ੍ਰਦੂਸ਼ਣ ਫੈਲਾਉਣ ਵਾਲੇ 31 ਸਰੋਤਾਂ ਨੂੰ ਉਨ੍ਹਾਂ ਦੁਆਰਾ ਬੰਦ ਕਰ ਦਿੱਤਾ ਗਿਆ ਹੈ, ਪਰ ਸਥਾਨਕ ਸਰਕਾਰਾਂ ਵਿਭਾਗ ਨੇ 30 ਸਰੋਤ ਹੀ ਬੰਦ ਕੀਤੇ ਹਨ। ਬੋਰਡ ਨੇ 18 ਉਦਯੋਗਿਕ, ਤਿੰਨ ਡੇਅਰੀ ਤੇ ਪ੍ਰਦੂਸ਼ਣ ਦੇ ਚਾਰ ਵਿਅਕਤੀਗਤ ਸਰੋਤ ਬੰਦ ਕਰ ਦਿੱਤੇ ਹਨ ਜਾਂ ਫਿਰ ਉਨ੍ਹਾਂ ਨੂੰ ਉੱਥੋਂ ਹਟਾ ਦਿੱਤਾ ਗਿਆ ਹੈ। ਬੰਦ ਕੀਤੇ ਗਏ ਪ੍ਰਦੂਸ਼ਣ ਫੈਲਾਉਣ ਵਾਲੇ ਸਰੋਤਾਂ ਦੀ ਗਿਣਤੀ 606 ਤੋਂ ਵਧ ਕੇ 692 ਹੋ ਗਈ ਹੈ, ਜਦਕਿ ਸੂਬੇ ਦੇ ਅੰਦਰ ਬਾਕੀ ਬਚੇ ਸਰੋਤ 905 ਤੋਂ ਘਟ ਕੇ 819 ਹੋ ਗਏ ਹਨ।

ਵੈਸੇ ਵੇਖਿਆ ਜਾਵੇ ਤਾਂ ਇਹ ਇੱਕ ਤਾਜ਼ਾ ਡੇਟਾ ਹੈ। ਇਸ ਤੋਂ ਪਹਿਲਾਂ ਵੀ ਬਹੁਤ ਸਾਰੀਆਂ ਸੰਸਥਾਵਾਂ ਦੁਆਰਾ ਆਪਣੇ ਪੱਧਰ 'ਤੇ ਡਾਟਾ ਇਕੱਠਾ ਕੀਤਾ ਜਾਂਦਾ ਰਿਹਾ ਹੈ। ਬੁੱਢੇ ਨਾਲੇ ਦਾ ਮਸਲਾ ਹੋਵੇ ਜਾਂ ਫਿਰ ਸਤਲੁਜ ਦਰਿਆ, ਰਾਵੀ ਜਾਂ ਬਿਆਸ ਦਾ, ਸਰਕਾਰੀ ਦਾਅਵੇ ਅਮਲ ਤੋਂ ਕਾਫੀ ਦੂਰ ਹੀ ਦਿਖਦੇ ਹਨ। ਪੰਜਾਬ ਦੇ ਪਾਣੀਆਂ ਨੂੰ ਬਚਾਉਣਾ ਇਸ ਵੇਲੇ ਬਹੁਤ ਜ਼ਰੂਰੀ ਹੈ ਕਿਉਂਕਿ ਜਿਸ ਤਰ੍ਹਾਂ ਸੂਬੇ ਦੇ ਅੰਦਰ ਪੰਜਾਬ ਦੇ ਪਾਣੀਆਂ ਦਾ ਪੱਧਰ ਲਗਾਤਾਰ ਘੱਟ ਰਿਹਾ ਹੈ, ਉਸ ਤੋਂ ਸਪੱਸ਼ਟ ਹੈ ਕਿ ਆਉਣ ਵਾਲਾ ਸਮਾਂ ਪੰਜਾਬ ਦੇ ਲਈ ਭਿਆਨਕ ਹੋਣ ਵਾਲਾ ਹੈ।

ਭਾਵੇਂ ਇਸੇ ਸਾਲ ਆਏ ਹੜ੍ਹਾਂ ਕਾਰਨ ਪਾਣੀ ਦਾ ਪੱਧਰ ਸੂਬੇ ਦੇ ਅੰਦਰ ਵਧਿਆ ਹੈ, ਪਰ ਇਸ ਦੇ ਨਾਲ ਸਮੱਸਿਆਵਾਂ ਦਾ ਅੰਕੜਾ ਵੀ ਕਾਫ਼ੀ ਉੱਤੇ ਗਿਆ ਹੈ, ਜਿਸ ਵੱਲ ਧਿਆਨ ਦੇਣ ਦੀ ਲੋੜ ਹੈ। ਫ਼ੈਕਟਰੀਆਂ ਅਤੇ ਕਾਰਖ਼ਾਨਿਆਂ ਵਿੱਚੋਂ ਨਿਕਲਣ ਵਾਲੇ ਧੂੰਏਂ ਕਾਰਨ ਜ਼ਹਿਰੀਲੀਆਂ ਗੈਸਾਂ ਪੈਦਾ ਹੋ ਰਹੀਆਂ ਹਨ।

ਪੰਜਾਬ ਦੇ ਪਾਣੀਆਂ ਨੂੰ ਬਚਾਉਣਾ ਇਸ ਵੇਲੇ ਬੇਹੱਦ ਜ਼ਰੂਰੀ ਹੈ ਕਿਉਂਕਿ ਜਿਸ ਤਰ੍ਹਾਂ ਤੇਜੀ ਨਾਲ ਜਲ ਸਰੋਤਾਂ ਨੂੰ ਪ੍ਰਦੂਸ਼ਿਤ ਕੀਤਾ ਜਾ ਰਿਹਾ ਹੈ, ਉਸ ਹਿਸਾਬ ਨਾਲ ਪੰਜਾਬ ਵਿੱਚ ਜੰਮਣ ਵਾਲਾ ਬੱਚਾ ਅੱਜ ਸੁਰੱਖਿਅਤ ਨਹੀਂ। ਸੂਬਾ ਸਰਕਾਰ ਨੂੰ ਇਸ ਪਸੇ ਧਿਆਨ ਦਿੰਦੇ ਹੋਏ ਤੁਰੰਤ ਹੱਲ ਲੱਭਣਾ ਚਾਹੀਦਾ ਹੈ ਤੇ ਸਖਤੀ ਨਾਲ ਲਾਗੂ ਵੀ ਕਰਵਾਉਣਾ ਚਾਹੀਦਾ ਹੈ।

ਗੁਰਪ੍ਰੀਤ

# ਚਾਈਨਾ ਡੋਰ ਬਣ ਗਈ ਖਤਰਾ



ਪਤੰਗਬਾਜੀ ਪੰਜਾਬ ਦੇ ਸੱਭਿਆਚਾਰ ਦਾ ਹਿੱਸਾ ਰਹੀ ਹੈ ਪਰ ਕੁਝ ਸਮੇਂ ਤੋਂ 'ਚਾਈਨਾ ਡੋਰ' ਦੇ ਰੂਪ ਵਿਚ ਇਸ ਮਨੋਰੰਜਨ ਵਿਚ ਇਕ ਖੂਨੀ ਮੋੜ ਆ ਗਿਆ ਹੈ। ਇਹ ਡੋਰ ਹੁਣ ਸਿਰਫ ਪਤੰਗਾਂ ਨੂੰ ਉਡਾਉਣ ਦਾ ਸਾਧਨ ਨਹੀਂ ਰਹੀ ਸਗੋਂ ਸੜਕਾਂ 'ਤੇ ਚੱਲਦੇ ਰਾਹਗੀਰਾਂ ਅਤੇ ਮਾਸੂਮ ਬੱਚਿਆਂ ਲਈ ਇਕ ਅਣਪਛਾਤਾ 'ਫੰਦਾ' ਬਣ ਚੁੱਕੀ ਹੈ। ਨਾਈਲੋਨ ਅਤੇ ਪਲਾਸਟਿਕ ਦੇ ਮਿਸਰਣ ਨਾਲ ਬਣੀ ਇਸ ਡੋਰ 'ਤੇ ਕੱਚ ਅਤੇ ਲੋਹੇ ਦੇ ਬੁਰਾਦੇ ਦੀ ਪਰਤ ਚੜ੍ਹੀ ਹੁੰਦੀ ਹੈ ਜਿਸ ਕਾਰਨ ਇਹ ਇੰਨੀ ਮਜਬੂਤ ਹੋ ਜਾਂਦੀ ਹੈ ਕਿ ਖਿੱਚਣ 'ਤੇ ਟੁੱਟਦੀ ਨਹੀਂ ਸਗੋਂ ਸਾਹਮਣੇ ਆਉਣ ਵਾਲੀ ਹਰ ਚੀਜ ਨੂੰ ਬੁਰੀ ਤਰ੍ਹਾਂ ਚੀਰ ਦਿੰਦੀ ਹੈ।

ਇਸ ਜਾਨਲੇਵਾ ਡੋਰ ਦੀ ਤਾਜਾ ਮਾਰ ਹੇਠ ਬਠਿੰਡਾ ਦਾ ਰਹਿਣ ਵਾਲਾ ਭਾਸਕਰ ਕੁਮਾਰ ਆਇਆ ਹੈ। ਉਹ ਜਦੋਂ ਆਪਣੇ ਮੋਟਰਸਾਈਕਲ 'ਤੇ ਕੰਮ 'ਤੇ ਜਾ ਰਿਹਾ ਸੀ ਤਾਂ ਸੜਕ 'ਤੇ ਹਵਾ ਵਿਚ ਲਟਕਦੀ ਇਕ ਪਲਾਸਟਿਕ ਦੀ ਡੋਰ ਅਚਾਨਕ ਉਸ ਦੀ ਗਰਦਨ ਦੁਆਲੇ ਫਸ ਗਈ। ਇਹ ਡੋਰ ਇੰਨੀ ਤਿੱਖੀ ਸੀ ਕਿ ਉਸ ਦੀ ਗਰਦਨ ਬੁਰੀ ਤਰ੍ਹਾਂ ਕੱਟੀ ਗਈ ਅਤੇ ਸੰਤੁਲਨ ਵਿਗੜਨ ਕਾਰਨ ਉਹ ਸੜਕ 'ਤੇ ਡਿੱਗ ਪਿਆ।

ਇਸ ਹਾਦਸੇ ਵਿਚ ਉਸ ਦੀ ਗਰਦਨ 'ਤੇ ਡੂੰਘੇ ਜਖਮ ਹੋ ਗਏ ਜਿਸ ਕਾਰਨ ਉਸ ਨੂੰ ਛੇ ਟਾਂਕੇ ਲੱਗੇ। ਇਹ ਘਟਨਾ ਸਾਬਿਤ ਕਰਦੀ ਹੈ ਕਿ ਸੜਕ 'ਤੇ ਚੱਲਦਾ ਹਰ ਵਿਅਕਤੀ ਅੱਜ ਇਸ ਅਣਪਛਾਤੀ ਮੌਤ ਦੇ ਸਾਏ ਹੇਠ ਹੈ। ਇਸੇ ਤਰ੍ਹਾਂ ਦੀ ਇਕ ਦਰਦਨਾਕ ਘਟਨਾ ਸੰਗਰੂਰ ਦੇ ਪਿੰਡ ਤੁੰਗਾਂ ਵਿਚ ਵਾਪਰੀ, ਜਿੱਥੇ ਛੇਵੀਂ ਜਮਾਤ ਦਾ ਮਾਸੂਮ ਬੱਚਾ ਹਰਜੋਤ ਸਿੰਘ ਪਤੰਗਬਾਜੀ ਦੌਰਾਨ ਜਾਨ ਗੁਆ ਬੈਠਾ। ਹਰਜੋਤ ਆਪਣੇ ਘਰ ਦੀ ਤੀਜੀ ਮੰਜਿਲ 'ਤੇ ਪਤੰਗ ਉਡਾ ਰਿਹਾ ਸੀ ਕਿ ਅਚਾਨਕ ਸੰਤੁਲਨ ਵਿਗੜਨ ਕਾਰਨ ਉਹ ਹੇਠਾਂ ਜਾ ਡਿੱਗਿਆ।

ਉੱਥੇ ਹੀ ਗੁਰਦਾਸਪੁਰ ਦੇ ਪਿੰਡ ਪੰਧੇਰ ਦਾ ਨੌਜਵਾਨ ਜਤਿੰਦਰ ਸਿੰਘ ਵੀ ਇਸ ਖੂਨੀ ਡੋਰ ਦਾ ਸਿਕਾਰ ਹੋਇਆ ਜਿਸ ਦਾ ਮੱਥਾ, ਨੱਕ ਅਤੇ ਅੱਖ ਦਾ ਹਿੱਸਾ ਬੁਰੀ ਤਰ੍ਹਾਂ ਕੱਟਿਆ ਗਿਆ। ਇਹ ਸਾਰੀਆਂ ਘਟਨਾਵਾਂ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚੋਂ ਇੱਕੋ ਹੀ ਚੇਤਾਵਨੀ ਦੇ ਰਹੀਆਂ ਹਨ ਕਿ ਪਤੰਗਬਾਜੀ ਦਾ ਇਹ ਖਤਰਨਾਕ ਰੂਪ ਹੁਣ ਜਾਨਲੇਵਾ ਬਣ ਚੁੱਕਾ ਹੈ। ਸਭ ਤੋਂ ਚਿੰਤਾਜਨਕ ਪਹਿਲੂ ਇਹ ਹੈ ਕਿ ਸਰਕਾਰੀ ਪਾਬੰਦੀ ਦੇ ਬਾਵਜੂਦ ਇਹ ਡੋਰ ਚੋਰੀ-ਛਿਪੇ ਵਿਕ ਰਹੀ ਹੈ।

ਪ੍ਰਸਾਸਨ ਦੇ ਦਾਅਵੇ ਜਮੀਨੀ ਪੱਧਰ 'ਤੇ ਉਦੋਂ ਝੂਠੇ ਸਿੱਧ ਹੁੰਦੇ ਹਨ ਜਦੋਂ ਭਾਸਕਰ ਵਰਗੇ ਨੌਜਵਾਨ ਹਸਪਤਾਲ ਪਹੁੰਚਦੇ ਹਨ ਜਾਂ ਹਰਜੋਤ ਵਰਗੇ ਮਾਸੂਮਾਂ ਦੀਆਂ ਮੌਤਾਂ ਦੀਆਂ ਖਬਰਾਂ ਆਉਂਦੀਆਂ ਹਨ। ਬੇਜੁਬਾਨ ਪੰਛੀਆਂ ਦੀ ਹਾਲਤ ਤਾਂ ਹੋਰ ਵੀ ਤਰਸਯੋਗ ਹੈ ਜਿਨ੍ਹਾਂ ਦੇ ਖੰਭ ਕੱਟੇ ਜਾਣ ਕਾਰਨ ਉਹ ਦਰਖਤਾਂ 'ਤੇ ਟੰਗੇ ਹੀ ਦਮ ਤੋੜ ਦਿੰਦੇ ਹਨ।

ਇਕ ਸੱਭਿਅਕ ਸਮਾਜ ਵਿਚ ਅਜਿਹੀ ਖੂਨੀ ਖੇਡ ਦੀ ਕੋਈ ਥਾਂ ਨਹੀਂ ਹੋਣੀ ਚਾਹੀਦੀ। ਸਿਰਫ ਕਾਨੂੰਨ ਦੇ ਭਰੋਸੇ ਬੈਠਣ ਦੀ ਬਜਾਏ ਹੁਣ ਮਾਪਿਆਂ ਅਤੇ ਸਮਾਜਿਕ ਜਥੇਬੰਦੀਆਂ ਨੂੰ ਅੱਗੇ ਆਉਣਾ ਪਵੇਗਾ ਤਾਂ ਜੋ ਬੱਚਿਆਂ ਨੂੰ ਇਸ ਜਾਨਲੇਵਾ ਸੌਕ ਤੋਂ ਵਰਜਿਆ ਜਾ ਸਕੇ।

ਜਤਿੰਦਰ ਸਰਮਾ

# ਗਰਮੀਆਂ ‘ਚ ਖ਼ੂਬ ਪਾਣੀ ਪੀਓ ਤੇ ਪਰਿਵਾਰ ਨੂੰ ਵੀ ਆਦਤ ਪਾਓ

ਇਹ ਤਾਂ ਸੋਸ਼ਲ ਮੀਡੀਆ ਕਾਰਨ ਅਸੀਂ ਸਭ ਜਾਣਦੇ ਹਾਂ ਕਿ ਪਾਣੀ ਘੱਟ ਨਹੀਂ ਪੀਣਾ ਚਾਹੀਦਾ। ਆਖਰ ਘੱਟ ਪਾਣੀ ਪੀਣ ਦੇ ਕੀ ਨੁਕਸਾਨ ਹਨ, ਕੀ ਤੁਸੀਂ ਜਾਣਦੇ ਹੋ ? ਆਓ, ਇਸ ਪ੍ਰਸ਼ਨਾਵਲੀ ਰਾਹੀਂ ਜਾਣਦੇ ਹਾਂ।

1. ਜੇਕਰ ਠੰਢ ਦੇ ਦਿਨਾਂ ਵਿਚ ਮਾਸਚਰਾਈਜ਼ਰ ਲਗਾਉਣ ਤੋਂ ਬਾਅਦ ਵੀ ਤੁਹਾਡੀ ਚਮੜੀ ਖ਼ੁਸ਼ਕ ਰਹਿੰਦੀ ਹੈ ਤਾਂ ਇਸ ਦੀ ਇਕ ਵਜ੍ਹਾ ਇਹ ਵੀ ਹੋ ਸਕਦੀ ਹੈ

(ੳ) ਤੁਸੀਂ ਜ਼ਰੂਰਤ ਤੋਂ ਘੱਟ ਪਾਣੀ ਪੀਂਦੇ ਹੋ, ਜਿਸ ਕਾਰਨ ਚਮੜੀ ਖ਼ੁਸ਼ਕ ਰਹਿੰਦੀ ਹੈ। (ਅ) ਤੁਸੀਂ ਜ਼ਰੂਰਤ ਤੋਂ ਜ਼ਿਆਦਾ ਨਮਕ ਖਾ ਰਹੇ ਹੋ। (ੲ) ਦੋਵੇਂ।



2. ਕੀ ਘੱਟ ਪਾਣੀ ਪੀਣ ਨਾਲ ਮੂੰਹ ਤੋਂ ਬਦਬੂ ਆਉਣ ਲਗਦੀ ਹੈ ?

(ੳ) ਨਹੀਂ। (ਅ) ਕਦੀ ਕਦੀ

(ੲ) ਜੇਕਰ ਲਗਾਤਾਰ ਘੱਟ ਪਾਣੀ ਪੀਤਾ ਜਾਵੇ ਤਾਂ ਉਦੋਂ।

3. ਘੱਟ ਪਿਸ਼ਾਬ ਆਉਣਾ ਕਿਸ ਗੱਲ ਦੀ ਨਿਸ਼ਾਨੀ ਹੈ ?

(ੳ) ਸ਼ੂਗਰ ਦੇ ਮਰੀਜ਼ ਦੀ। (ਅ) ਗਰਮ ਤਾਸੀਰ ਦੀਆਂ ਚੀਜ਼ਾਂ ਖਾਣ ਦਾ।

(ੲ) ਘੱਟ ਪਾਣੀ ਪੀਣ ਦਾ।

4. ਪਾਣੀ ਘੱਟ ਪੀਣ ਨਾਲ(ੳ) ਸਿਰਦਰਦ ਅਤੇ ਬੇਚੈਨੀ ਹੋ ਜਾਂਦੀ ਹੈ।

(ਅ) ਕਬਜ਼ ਹੋ ਜਾਂਦੀ ਹੈ (ੲ) ਪੇਸ਼ਾਬ ਗੰਧਲੇ ਰੰਗ ਦਾ ਹੋ ਜਾਂਦਾ ਹੈ।

5. ਇਕ ਸਿਹਤਮੰਦ ਵਿਅਕਤੀ ਨੂੰ ਹਰ ਦਿਨ ਕਿੰਨੇ ਗਿਲਾਸ ਪਾਣੀ ਪੀਣਾ ਚਾਹੀਦਾ ਹੈ ?

(ੳ) 8 (ਅ) 5 (ੲ) 12

ਨਤੀਜਾ : ਜੇਕਰ ਤੁਸੀਂ ਇਥੇ ਮੌਜੂਦ ਸਾਰੇ ਸਵਾਲਾਂ ਨੂੰ ਧਿਆਨ ਨਾਲ ਪੜ੍ਹਿਆ ਹੈ ਅਤੇ ਹਰ ਸਵਾਲ ਦੇ ਸਾਹਮਣੇ ਦਿੱਤੇ ਗਏ ਤਿੰਨ ਬਦਲਾਂ ‘ਚੋਂ ਉਸੇ ਉੱਤਰ ‘ਤੇ ਸਹੀ ਨਿਸ਼ਾਨ ਲਗਾਇਆ ਹੈ, ਜਿਸ ਨੂੰ ਤੁਸੀਂ ਬਿਲਕੁਲ ਸਹੀ ਮੰਨਦੇ ਹੋ ਤਾਂ ਹੁਣ ਇਹ ਜਾਣਨ ਲਈ ਤਿਆਰ ਹੋ ਜਾਓ ਕਿ ਘੱਟ ਪਾਣੀ ਦੇ ਨੁਕਸਾਨ ਤੋਂ ਤੁਸੀਂ ਕਿੰਨੇ ਜਾਣੂ ਹੋ ਜਾਂ ਤੇ ਕਿੰਨੇ ਨਹੀਂ।

(ੳ) ਜੇਕਰ ਤੁਹਾਡੇ ਕੁੱਲ ਹਾਸਲ ਅੰਕ 10 ਜਾਂ ਇਸ ਤੋਂ ਘੱਟ ਹਨ ਤਾਂ ਭਾਵੇਂ ਤੁਸੀਂ ਘੱਟ ਪਾਣੀ ਨਾ ਪੀਂਦੇ ਹੋਵੋ ਪਰ ਤੁਹਾਨੂੰ ਘੱਟ ਪਾਣੀ ਪੀਣ ਦੇ ਨੁਕਸਾਨ ਨਹੀਂ ਪਤਾ ਜਾਂ ਫਿਰ ਸਪੱਸ਼ਟ ਰੂਪ ਨਾਲ ਨਹੀਂ ਪਤਾ। ਚੰਗਾ ਹੈ ਕਿਸੇ ਵੀ ਸਰੋਤ ਜਾਂ ਢੰਗ ਨਾਲ ਇਸ ਨੂੰ ਸਮਝੋ।

(ਅ) ਜੇਕਰ ਤੁਹਾਡੇ ਕੁੱਲ ਹਾਸਲ ਅੰਕ 10 ਤੋਂ ਜ਼ਿਆਦਾ ਪਰ 20 ਜਾਂ ਇਸ ਤੋਂ ਘੱਟ ਹਨ ਤਾਂ ਤੁਸੀਂ ਪਾਣੀ ਪੀਣ ਦੇ ਨੁਕਸਾਨ ਲਗਭਗ ਸਭ ਜਾਣਦੇ ਹੋ। ਪਰ ਤੁਹਾਨੂੰ ਪੂਰਾ ਵਿਸ਼ਵਾਸ ਨਹੀਂ ਹੈ ਕਿ ਤੁਸੀਂ ਜਾਣਦੇ ਹੋ। ਇਸ ਦੁਵਿਧਾ ਨੂੰ ਲੈ ਕੇ ਵੀ ਸਪੱਸ਼ਟ ਹੋ ਜਾਵੋ, ਇਹ ਜ਼ਰੂਰੀ ਹੈ। ਉਂਝ ਤੁਹਾਨੂੰ ਪਾਣੀ ਪੀਣ ਦਾ ਮਹੱਤਵ ਪਤਾ ਹੈ।

(ੲ) ਜੇਕਰ ਤੁਹਾਡੇ ਕੁੱਲ ਹਾਸਲ ਅੰਕ 20 ਤੋਂ ਜ਼ਿਆਦਾ ਹਨ ਤਾਂ ਤੁਹਾਨੂੰ ਵਧਾਈ ਹੋਵੇ। ਤੁਸੀਂ ਬਹੁਤ ਚੰਗੀ ਤਰ੍ਹਾਂ ਜਾਣਦੇ ਹੋ ਕਿ ਘੱਟ ਪਾਣੀ ਪੀਣ ਦੇ ਨੁਕਸਾਨ ਕੀ ਹੋ ਸਕਦੇ ਹਨ।

ਪਿੰਕੀ ਅਰੋੜਾ

# ਸਮੇਂ ਦੀ ਕਦਰ

ਜ਼ਿੰਦਗੀ ਨੂੰ ਅਨੁਸ਼ਾਸਨ ਵਿਚ ਬਤੀਤ ਕਰਨ ਲਈ ਜ਼ਰੂਰੀ ਹੈ ਕਿ ਸਮੇਂ ਦੀ ਕਦਰ ਕੀਤੀ ਜਾਵੇ ਅਤੇ ਹਰ ਕੰਮ ਸਮੇਂ ‘ਤੇ ਕੀਤਾ ਜਾਵੇ। ਜੇਕਰ ਅਸੀਂ ਸਮੇਂ ਦੀ ਕਦਰ ਨਹੀਂ ਕਰਾਂਗੇ ਤਾਂ ਅਸੀਂ ਜ਼ਿੰਦਗੀ ਦੇ ਸਫ਼ਰ ਵਿਚ ਬਹੁਤ ਪਿੱਛੇ ਰਹਿ ਜਾਵਾਂਗੇ। ਸਮੇਂ ਤੋਂ ਭਟਕਿਆ ਹੋਇਆ ਵਿਅਕਤੀ ਆਪਣੀ ਜ਼ਿੰਦਗੀ ਦੇ ਅਸਲੀ ਮਕਸਦ ਤੋਂ ਭਟਕ ਜਾਂਦਾ ਹੈ। ਖ਼ਾਸ ਤੌਰ ‘ਤੇ ਜਵਾਨੀ ਦਾ ਸਮਾਂ ਇਸ ਤਰ੍ਹਾਂ ਦਾ ਹੁੰਦਾ ਹੈ, ਜਿਸ ਨੂੰ ਬਹੁਤ ਸਾਰੇ ਪੜ੍ਹਨ ਵਾਲੇ ਵਿਦਿਆਰਥੀ ਅਜਾਈਂ ਹੀ ਗਵਾ ਲੈਂਦੇ ਹਨ। ਜੇਕਰ ਬੱਚੇ ਇਸ ਸਮੇਂ ਨੂੰ ਪੜ੍ਹਾਈ ‘ਤੇ ਲਗਾਉਣ ਤਾਂ ਆਪਣਾ ਚੰਗਾ ਭਵਿੱਖ ਸਿਰਜ ਸਕਦੇ ਹਨ। ਕਿਸੇ ਵੀ ਮੰਜ਼ਿਲ ‘ਤੇ ਪਹੁੰਚਣ ਲਈ ਸਮੇਂ ਸਿਰ ਤੁਰ ਪੈਣਾ ਹੀ ਮੰਜ਼ਿਲ ਪ੍ਰਾਪਤ ਕਰਨ ਦਾ ਪਹਿਲਾ ਕਦਮ ਹੁੰਦਾ ਹੈ। ਮਨੁੱਖ ਕੋਲ ਜੇਕਰ ਸਮਾਂ ਹੋਵੇ ਤਾਂ ਮਨੁੱਖ ਧਨ-ਦੌਲਤ ਆਦਿ ਨਾਂਅ ਕਮਾ ਸਕਦਾ ਹੈ। ਪਰ ਇਸ ਧਨ-ਦੌਲਤ ਨਾਲ ਸਮਾਂ ਨਹੀਂ ਕਮਾਇਆ ਜਾ ਸਕਦਾ। ਜੇਕਰ ਕਿਸੇ ਪਰਿਵਾਰ ਦੀ ਇਕ ਪੀੜ੍ਹੀ ਸਮੇਂ ਦੀ ਕਦਰ ਨਹੀਂ ਕਰਦੀ ਤਾਂ ਨਾ ਸਿਰਫ਼ ਉਹ ਆਪਣਾ ਸਗੋਂ ਆਉਣ ਵਾਲੀਆਂ ਕਈ ਪੀੜ੍ਹੀਆਂ ਦਾ ਨੁਕਸਾਨ ਕਰ ਦਿੰਦੀ ਹੈ। ਇਕ ਅਧਿਆਪਕ ਵਲੋਂ ਆਪਣੇ ਫ਼ਰਜ਼ ਨਿਭਾਉਣ ਸਮੇਂ ਕੀਤੀ ਗਈ ਦੇਰੀ ਕਈਆਂ ਵਿਦਿਆਰਥੀਆਂ ਦੇ ਭਵਿੱਖ ਨੂੰ ਧੁੰਦਲਾ ਕਰ ਸਕਦੀ ਹੈ। ਇਸੇ ਤਰ੍ਹਾਂ ਡਾਕਟਰ ਵਲੋਂ ਮਰੀਜ਼ ਦੇ ਇਲਾਜ ਸਮੇਂ ਕੀਤੀ ਗਈ ਦੇਰੀ ਮਰੀਜ਼ ਦੀ ਮੌਤ ਦਾ ਕਾਰਨ ਬਣ ਸਕਦੀ ਹੈ। ਆਮ ਹੀ ਇਹ ਸੁਣਨ ਨੂੰ ਮਿਲ ਜਾਂਦਾ ਹੈ ਕਿ ਜਿਹੜੇ ਪ੍ਰਸ਼ਨ ਪੇਪਰ ਵਿਚ ਆਏ ਸਨ, ਉਹ ਮੈਂ ਪੇਪਰ ਸ਼ੁਰੂ ਹੋਣ ਤੋਂ ਕੁਝ ਸਮਾਂ ਪਹਿਲਾਂ ਹੀ ਪੜ੍ਹੇ ਸਨ। ਕਿਹਾ ਜਾਂਦਾ ਹੈ ਕਿ ਮੌਤ, ਅਫ਼ਸਰ ਅਤੇ ਗਾਹਕ ਦੇ ਆਉਣ ਦਾ ਕੋਈ ਪੱਕਾ ਸਮਾਂ ਨਹੀਂ ਹੁੰਦਾ। ਜ਼ਰੂਰੀ ਹੈ ਕਿ ਇਨ੍ਹਾਂ ਨੂੰ ਆਪਣੇ ਦਿਮਾਗ਼ ਰੱਖਦੇ ਹੋਏ ਆਪਣੀ ਡਿਊਟੀ ‘ਤੇ ਸਮੇਂ ‘ਤੇ ਪਹੁੰਚੀਏ ਅਤੇ ਹਰੇਕ ਕੰਮ ਸਮੇਂ ਸਿਰ ਕਰੀਏ। ਦਿਨ-ਰਾਤ, ਰੁੱਤਾਂ ਦਾ ਬਦਲਣਾ, ਧਰਤੀ ਦਾ ਘੁੰਮਣਾ, ਸੂਰਜ ਦਾ ਚੜ੍ਹਨਾ ਤੇ ਡੁੱਬਣਾ ਕੁਦਰਤ ਵਲੋਂ ਕੀਤੀ ਗਈ ਸਮੇਂ ਦੀ ਕਦਰ ਦੀ ਇਕ ਉਦਾਹਰਨ ਹੈ। ਪਰ ਮਨੁੱਖ ਦੀ ਬਦਕਿਸਮਤੀ ਇਸ ਗੱਲ ਵਿਚ ਵੀ ਹੈ ਕਿ ਇਹ ਆਪਣੀ ਜ਼ਿੰਦਗੀ ਦਾ ਬਹੁਤ ਸਮਾਂ ਲੜਾਈਆਂ-ਝਗੜਿਆਂ, ਈਰਖਾ, ਨਫ਼ਰਤ ਵਿਚ ਬਤੀਤ ਕਰ ਦਿੰਦਾ ਹੈ। ਜਦ ਕਿ ਜ਼ਰੂਰੀ ਇਹ ਹੈ ਕਿ ਸਮੇਂ ਦੇ ਹਰ ਮਿੰਟ ਦੀ ਸਹੀ ਵਰਤੋਂ ਕਰਦੇ ਹੋਏ ਸਹੀ ਖੇਤਰ ਵਿਚ ਮਿਹਨਤ ਕੀਤੀ ਜਾਵੇ, ਜਿਸ ਦਾ ਨਤੀਜਾ ਕਾਮਯਾਬੀ ਹੀ ਨਿਕਲੇਗਾ।



ਗੁਰਿੰਦਰ ਕਲੇਰ

# ਹਰ ਔਰਤ ਬਣੇ ਆਤਮ-ਨਿਰਭਰ

ਆਧੁਨਿਕ ਅਤੇ ਮਹਿੰਗਾਈ ਦੇ ਯੁੱਗ ਵਿਚ ਹਰ ਮਹਿਲਾ ਦਾ ਆਤਮ-ਨਿਰਭਰ ਹੋਣਾ ਬਹੁਤ ਜ਼ਰੂਰੀ ਹੈ। ਜੇ ਔਰਤ ਆਰਥਿਕ ਤੌਰ ‘ਤੇ ਆਜ਼ਾਦ ਹੋਵੇਗੀ ਤਾਂ ਉਸ ਦਾ ਆਤਮ-ਵਿਸ਼ਵਾਸੀ ਹੋਣਾ ਸੁਭਾਵਿਕ ਹੈ। ਉਹ ਆਪਣੇ ਜੀਵਨ ਦਾ ਹਰ ਫ਼ੈਸਲਾ ਸੋਚ ਸਮਝ ਕੇ ਆਪਣੀ ਮਰਜ਼ੀ ਨਾਲ ਲੈ ਸਕਦੀ ਹੈ ਕਿਉਂਕਿ ਦੂਸਰਿਆਂ ‘ਤੇ ਨਿਰਭਰ ਹੋਣ ਦਾ ਮਤਲਬ ਹੈ, ਉਨ੍ਹਾਂ ਅਨੁਸਾਰ ਆਪਣਾ ਜੀਵਨ ਗੁਜ਼ਾਰਨਾ। ਇਸ ਤਰ੍ਹਾਂ ਸਾਡੇ ਸੋਚਣ ਦੀ ਸ਼ਕਤੀ ਘਟ ਜਾਂਦੀ ਹੈ ਅਤੇ ਆਤਮ-ਵਿਸ਼ਵਾਸ ਖ਼ਤਮ ਹੋਣਾ ਸ਼ੁਰੂ ਹੋ ਜਾਂਦਾ ਹੈ। ਜਿਸ ਤਰ੍ਹਾਂ ਅਸੀਂ ਜਾਣਦੇ ਹਾਂ ਕਿ ਮਹਿਲਾਵਾਂ ਦਾ ਵਿਕਾਸ ਹੀ ਦੇਸ਼ ਦਾ ਵਿਕਾਸ ਹੈ, ਉਨ੍ਹਾਂ ਦੀ ਸਿੱਖਿਆ, ਜਾਗਰੂਕਤਾ, ਸਸ਼ਕਤੀਕਰਨ ਅਤੇ ਆਤਮ-ਨਿਰਭਰਤਾ ਸਿਰਫ਼ ਉਨ੍ਹਾਂ ਦੇ ਪਰਿਵਾਰ ਦੀ ਉੱਨਤੀ ਤੱਕ ਸੀਮਤ ਨਹੀਂ ਹੁੰਦੀ ਬਲਕਿ ਸਮਾਜ ਅਤੇ ਦੇਸ਼ ਨੂੰ ਵੀ ਖ਼ੁਸ਼ਹਾਲ ਬਣਾਉਣ ਵਿਚ ਮਦਦ ਕਰਦੀ ਹੈ।

ਹਰ ਮਾਂ-ਬਾਪ ਦੀ ਇਹ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਬਿਨਾਂ ਲਿੰਗ-ਭੇਦ ਤੋਂ ਆਪਣੇ ਬੱਚਿਆਂ ਨੂੰ ਪੜ੍ਹਾਉਣ ਅਤੇ ਆਤਮ-ਨਿਰਭਰ ਬਣਾਉਣ ਵਿਚ ਮਦਦ ਕਰਨ। ਪੜ੍ਹ-ਲਿਖ ਕੇ ਹੀ ਉਹ ਆਤਮ-ਨਿਰਭਰ ਬਣ ਸਕਦੀਆਂ ਹਨ ਅਤੇ ਆਪਣੇ ਸੁਪਨਿਆਂ ਨੂੰ ਪੂਰਾ ਕਰ ਸਕਦੀਆਂ ਹਨ। ਉਹ ਖੁੱਲ੍ਹੇ ਅਸਮਾਨ ਵਿਚ ਉੱਡਣਾ ਚਾਹੁੰਦੀਆਂ ਹਨ ਅਤੇ ਹਰ ਖੇਤਰ ਵਿਚ ਵੱਧ-ਚੜ੍ਹ ਕੇ ਹਿੱਸਾ ਲੈ ਰਹੀਆਂ ਹਨ। ਕੁਝ ਸਮਾਂ ਪਹਿਲਾਂ ਸੋਚਿਆ ਜਾਂਦਾ ਸੀ ਕਿ ਖੇਤੀਬਾੜੀ ਦਾ ਕੰਮ ਸਿਰਫ਼ ਪੁਰਖ ਹੀ ਕਰ ਸਕਦੇ ਹਨ ਪਰ ਇਸ ਖੇਤਰ ਵਿਚ ਵੀ ਮਹਿਲਾਵਾਂ ਪਿੱਛੇ ਨਹੀਂ ਹਨ, ਉਨ੍ਹਾਂ ਦੀ ਕਾਮਯਾਬੀ ਨੂੰ ਵੇਖਦਿਆਂ ਹੋਇਆਂ ਹਰ ਸਾਲ 15 ਅਕਤੂਬਰ ਨੂੰ ਮਹਿਲਾ ਕਿਸਾਨ ਦਿਵਸ ਮਨਾਉਣ ਦਾ ਫ਼ੈਸਲਾ ਕੀਤਾ। ਸ਼ਹਿਰਾਂ ਦੇ ਨਾਲ-ਨਾਲ ਪਿੰਡਾਂ ਦੀਆਂ ਔਰਤਾਂ ਵੀ ਬਹੁਤ ਜਾਗਰੂਕ ਹੋ ਰਹੀਆਂ ਹਨ। ਹੁਣ ਉਹ ਚੰਦ ਪੈਸਿਆਂ ਲਈ ਦੂਸਰਿਆਂ ਦੇ ਮੁਹਤਾਜ ਨਹੀਂ ਰਹਿਣਾ ਚਾਹੁੰਦੀਆਂ ਬਲਕਿ ਉਹ ਮਿਹਨਤ ਦੇ ਬਲ ‘ਤੇ ਪਰਿਵਾਰ ਲਈ ਪਾਲਣਹਾਰ ਬਣ ਰਹੀਆਂ ਹਨ। ਉਹ ਵੀ ਸਮਝਣ ਲਗ ਗਈਆਂ ਹਨ ਕਿ ਪੈਸਿਆਂ ਨਾਲ ਖੁਸ਼ੀਆਂ ਨਹੀਂ



ਖ਼ਰੀਦੀਆਂ ਜਾ ਸਕਦੀਆਂ ਪਰ ਸਨਮਾਨ ਨਾਲ ਜੀਵਨ ਜੀਵਿਆ ਜਾ ਸਕਦਾ ਹੈ, ਜਿਥੇ ਸ਼ਹਿਰਾਂ ਵਿਚ ਔਰਤਾਂ ਸਕੂਲ, ਕਾਲਜ, ਬੈਂਕ, ਮਾਲਜ਼, ਦਫ਼ਤਰ ਅਤੇ ਸਿਨੇਮਾ ਘਰ ਵਿਚ ਕੰਮ ਕਰਦੀਆਂ ਹਨ, ਉਥੇ ਪਿੰਡਾਂ ਵਿਚ ਵੀ ਔਰਤਾਂ ਪਸ਼ੂਪਾਲਣ, ਮੁਰਗੀਪਾਲਣ, ਮਸ਼ਰੂਮ ਫਾਰਮਿੰਗ, ਮੱਛੀ ਪਾਲਣ ਆਦਿ ਕਈ ਕੰਮ ਕਰਕੇ ਆਤਮ-ਨਿਰਭਰ ਹੋ ਰਹੀਆਂ ਹਨ। ਉਨ੍ਹਾਂ ਦਾ ਹੌਸਲਾ ਵਧਾਉਣ ਲਈ ਆਪਣੇ-ਆਪਣੇ ਖੇਤਰ ਵਿਚ ਮੱਲਾਂ ਮਾਰਨ ਲਈ ਉਨ੍ਹਾਂ ਨੂੰ ਸਮੇਂ-ਸਮੇਂ ‘ਤੇ ਸਨਮਾਨਿਤ ਕੀਤਾ ਜਾ ਰਿਹਾ ਹੈ।

ਇਹ ਜ਼ਰੂਰੀ ਨਹੀਂ ਕਿ ਹਰ ਔਰਤ ਨੂੰ ਪੜ੍ਹਨ ਤੋਂ ਬਾਅਦ ਨੌਕਰੀ ਹੀ ਕਰਨਾ ਪਸੰਦ ਹੈ। ਬਲਕਿ ਆਤਮ-ਨਿਰਭਰ ਹੋਣ ਲਈ ਉਹ ਆਪਣੇ ਅੰਦਰ ਛੁਪੇ ਹੋਏ ਹੁਨਰ ਨੂੰ ਵੀ ਆਪਣਾ ਪੈਸ਼ਨ ਬਣਾਉਂਦੀਆਂ ਹਨ। ਅੱਜ ਸ਼ਹਿਰਾਂ ਵਿਚ ਔਰਤਾਂ ਬਿਊਟੀ ਪਾਰਲਰ, ਬੁਟੀਕ, ਜਿਊਲਰੀ ਹਾਊਸ, ਸੰਗੀਤ, ਪੇਂਟਿੰਗ, ਕਿਚਨ ਗਾਰਡਨਿੰਗ, ਗਿਫ਼ਟ ਹਾਊਸ ਵਰਗੇ ਕਈ ਕਿੱਤੇ ਅਪਣਾ ਕੇ ਸਮਾਜ ਵਿਚ ਆਪਣੀ ਪਛਾਣ ਬਣਾ ਰਹੀਆਂ ਹਨ। ਇਸ ਤਰ੍ਹਾਂ ਉਹ ਹੋਰ ਔਰਤਾਂ ਨੂੰ ਵੀ ਕੰਮ ਸਿਖਾ ਕੇ ਆਤਮ-ਨਿਰਭਰ ਬਣਾ ਰਹੀਆਂ ਹਨ। ਆਪਣੀਆਂ ਅਤੇ ਪਰਿਵਾਰ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਕੇ ਖ਼ੁਸ਼ਹਾਲੀ ਭਰਿਆ ਜੀਵਨ ਬਤੀਤ ਕਰ ਰਹੀਆਂ ਹਨ। ਕਿਸੇ ਨੇ ਠੀਕ ਹੀ ਕਿਹਾ ਹੈ ਕਿ ਔਖੀ ਘੜੀ ਵੇਲੇ ਸਵੈ-ਨਿਰਭਰਤਾ ਦਾ ਗੁਣ ਹੀ ਮਨੁੱਖ ਦਾ ਸੱਚਾ ਮਿੱਤਰ ਹੁੰਦਾ ਹੈ। ਜਿਹੜੇ ਲੋਕ ਦੂਸਰਿਆਂ ‘ਤੇ ਨਿਰਭਰ ਰਹਿੰਦੇ ਹਨ, ਉਹ ਕਦੀ ਵੀ ਆਪਣੇ ਸੁਪਨਿਆਂ ਨੂੰ ਪੂਰਾ ਨਹੀਂ ਕਰ ਸਕਦੇ ਅਤੇ ਨਾ ਹੀ ਆਪਣੀ ਮੰਜ਼ਿਲ ਨੂੰ ਪ੍ਰਾਪਤ ਕਰਨ ਵਿਚ ਸਫਲ ਹੋ ਸਕਦੇ ਹਨ।

ਪਿੰਡਾਂ ਵਿਚ ਵੀ ਅਧੇੜ ਉਮਰ ਦੀਆਂ ਔਰਤਾਂ ਅਤੇ ਬਜ਼ੁਰਗਾਂ ਨੇ ਆਪਣੇ ਵਿਰਸੇ ਨੂੰ ਸੰਭਾਲ ਕੇ ਰੱਖਿਆ ਹੋਇਆ ਹੈ। ਅੱਜਕਲ੍ਹ ਫਿਰ ਫੁਲਕਾਰੀ ਦਾ ਬੜਾ ਚਲਣ ਹੈ। ਬਹੁਤ ਸਾਰੀਆਂ ਔਰਤਾਂ ਨੇ ਫੁਲਕਾਰੀ ਦੀ ਕਲਾ ਨੂੰ ਪੇਸ਼ਾ ਬਣਾ ਕੇ ਸਿਰਫ ਰੁਜ਼ਗਾਰ ਹੀ ਪ੍ਰਾਪਤ ਨਹੀਂ ਕੀਤਾ ਸਗੋਂ ਦੁਨੀਆ ਵਿਚ ਵੀ ਆਪਣੀ ਵੱਖਰੀ ਪਹਿਚਾਣ ਬਣਾ ਰਹੀਆਂ ਹਨ। ਅੱਜ ਔਰਤਾਂ ਵਾਸਤੇ ਬਹੁਤ ਸਾਰੀਆਂ ਸਕੀਮਾਂ ਹਨ ਜੋ ਉਨ੍ਹਾਂ ਨੂੰ ਆਤਮ-ਨਿਰਭਰ ਬਣਾਉਣ ਵਿਚ ਮਦਦ ਕਰ ਰਹੀਆਂ ਹਨ, ਜਿਸ ਨਾਲ ਉਨ੍ਹਾਂ ਦਾ ਮਾਨਸਿਕ ਬੋਝ ਘਟ ਰਿਹਾ ਹੈ ਅਤੇ ਆਤਮ-ਵਿਸ਼ਵਾਸ ਵਧ ਰਿਹਾ ਹੈ। ਇਸ ਨਾਲ ਜੀਵਨ ਵਿਕਾਸ ਦੀ ਰਾਹ ‘ਤੇ ਚਲਦਾ ਹੈ ਅਤੇ ਕਈਆਂ ਦਾ ਸਹਾਰਾ ਬਣਦੀਆਂ ਹਨ। ਇਹ ਕਠਿਨਾਈਆਂ ਵਿਚੋਂ ਵੀ ਰਸਤਾ ਬਣਾਉਣਾ ਸਿਖਾਉਂਦਾ ਹੈ ਅਤੇ ਭੀੜ ਤੋਂ ਹਟ ਕੇ ਕੰਮ ਕਰਨ ਦੀ ਪ੍ਰੇਰਨਾ ਦਿੰਦਾ ਹੈ। ਇਸ ਤਰ੍ਹਾਂ ਹਰ ਔਰਤ ਵਿਚ ਆਤਮ-ਰੱਖਿਆ ਦੀ ਭਾਵਨਾ ਜਾਗਦੀ ਹੈ, ਜਿਹੜੀ ਉਸ ਨੂੰ ਹੌਸਲਾ ਦੇ ਕੇ ਹੋਰ ਮਜ਼ਬੂਤ ਬਣਾਉਂਦੀ ਹੈ। ਉਸ ਨੂੰ ਅਨਿਆਂ ਦੇ ਵਿਰੁੱਧ ਆਵਾਜ਼ ਉਠਾਉਣ ਦੀ ਤਾਕਤ ਬਖ਼ਸ਼ਦੀ ਹੈ। ਜਦੋਂ ਹਰ ਹੱਥ ਨੂੰ ਕੰਮ ਮਿਲੇਗਾ ਤਾਂ ਹੀ ਆਤਮ-ਨਿਰਭਰ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਤਾਂ ਕਿ ਵੱਡੀਆਂ ਹੋ ਕੇ ਉਨ੍ਹਾਂ ਨੂੰ ਦੂਸਰਿਆਂ ਅੱਗੇ ਹੱਥ ਨਾ ਫੈਲਾਉਣਾ ਪਵੇ ਅਤੇ ਉਹ ਆਤਮ-ਸਨਮਾਨ ਨਾਲ ਜੀਵਨ ਜੀਅ ਸਕਣ ਅਤੇ ਆਪਣੀ ਪਛਾਣ ਖ਼ੁਦ ਬਣਾ ਸਕਣ।

ਪ੍ਰਵੀਨ ਅਬਰੋਲ

# ਪਿਆਜ਼-ਪਨੀਰ ਅਤੇ ਮਿਰਚ ਵਾਲੇ ਟੋਸਟ

ਸਮੱਗਰੀ : 3/4 ਕੱਪ ਕੱਟਿਆ ਪਨੀਰ, 1/2 ਕੱਪ ਕੱਟਿਆ ਪਿਆਜ਼, ਇਕ ਚਮਚ ਲਾਲ ਮਿਰਚ ਦੀ ਸੌਸ, 4 ਟੋਸਟਡ ਕਣਕ ਦੇ ਆਟੇ ਤੋਂ ਬਣੇ ਬ੍ਰੈੱਡ ਪੀਸ, ਇਕ ਚਮਚ ਮੱਖਣ, ਲੂਣ ਸਵਾਦ ਅਨੁਸਾਰ, ਤਰਲ ਮੱਖਣ ਟੋਸਟਾਂ ਨੂੰ ਲਾਉਣ ਲਈ।

ਢੰਗ : (1) ਪਿਆਜ਼-ਪਨੀਰ ਤੇ ਲਾਲ ਮਿਰਚ ਵਾਲੇ ਟੋਸਟ ਨੂੰ ਬਣਾਉਣ ਲਈ ਮੱਖਣ ਤੇ ਪਨੀਰ ਨੂੰ ਇਕ ਵੱਡੀ ਕੌਲੀ ਵਿਚ ਇਕੱਠੇ ਕਰ ਲਓ ਅਤੇ ਚੰਗੀ ਤਰ੍ਹਾਂ ਰਲਾ ਲਓ। (2) ਪਿਆਜ਼, ਮਿਰਚ ਦਾ ਸੌਸ ਅਤੇ ਲੂਣ ਨੂੰ ਚੰਗੀ ਤਰ੍ਹਾਂ ਰਲਾ ਲਓ। (3) ਇਸ ਨੂੰ ਚਾਰ ਬਰਾਬਰ ਹਿੱਸਿਆਂ ‘ਚ ਵੰਡ ਲਓ। (4) ਫਿਰ ਟੋਸਟਡ ਬਰੈੱਡ ਪੀਸ ਲਓ ਇਨ੍ਹਾਂ ‘ਤੇ ਇਕ ਕਰਕੇ ਹਰੇਕ ਪੀਸ ‘ਤੇ ਚਾਰੋ ਹਿੱਸੇ ਟਿਕਾ ਦਿਓ। (5) ਪਕਾਉਣ ਵਾਲੀ ਥਾਲੀ ਦੇ ਕਿਨਾਰਿਆਂ ਨੂੰ ਮੱਖਣ ਨਾਲ ਥਿੰਦਾ ਕਰ ਦਿਓ। ਫਿਰ ਟੋਸਟ ਨੂੰ ਥਿੰਦੀ ਕੀਤੀ ਕਿਨਾਰਿਆਂ ਵਾਲੀ ਥਾਲੀ ਵਿਚ ਪਕਾਉਣ ਲਈ ਰੱਖ ਦਿਓ ਅਤੇ ਪਹਿਲਾਂ ਹੀ 200 ਸੈਂਟੀਗ੍ਰੇਡ (400 ਫਰਨਹੀਟ) ਤੇ ਗਰਮ ਓਵਨ ਵਿਚ 5 ਤੋਂ 7 ਮਿੰਟ ਤੱਕ ਪਕਾਓ। (6) ਪਨੀਰ ਪਿਆਜ਼ ਅਤੇ ਮਿਰਚ ਵਾਲੇ ਟੋਸਟ ਨੂੰ ਤਿਕੋਣ ਵਿਚ ਕੱਟ ਲਓ ਅਤੇ ਖਾਣ ਲਈ ਪੇਸ਼ ਕਰ ਦਿਓ।



# ਨਾਮਧਾਰੀਆਂ ਦੀ ਅਮਰ ਸ਼ਹਾਦਤ

ਉਣੱਤੀ ਮਾਰਚ 1849 ਨੂੰ ਕੂਟਲਨੀਤੀਆਂ ਤੇ ਧੱਕੇਸ਼ਾਹੀਆਂ ਨਾਲ ਮਹਾਰਾਜ ਦਲੀਪ ਸਿੰਘ ਨੂੰ ਲਾਹੌਰ ਦੇ ਸ਼ਾਹੀ ਤਖਤ ਤੋਂ ਉਤਾਰ ਕੇ ਅਤੇ ਭਾਈ ਮਹਾਰਾਜ ਸਿੰਘ ਨੂੰ ਕੈਦ ਕਰ ਕੇ ਜਲਾਵਤਨ ਕਰ ਦੇਣ ਤੋਂ ਬਾਅਦ ਬ੍ਰਿਟਿਸ਼ ਸਾਮਰਾਜ ਦੇ ਗਵਰਨਰ ਡਲਹੌਜੀ ਨੇ ਇਹ ਦਾਅਵਾ ਕਰ ਦਿੱਤਾ ਸੀ ਕਿ ਰਾਜਨੀਤਕ ਪੱਖ ਤੋਂ ਸਿੱਖਾਂ ਦੀ ਹੋਂਦ ਖਤਮ ਕਰ ਦਿੱਤੀ ਗਈ ਹੈ। ਅੰਗਰੇਜ ਸ਼ਾਸਕਾਂ ਨੂੰ ਇਹ ਨਹੀਂ ਸੀ ਪਤਾ ਕਿ ਤੱਤੀਆਂ ਤਵੀਆਂ ’ਤੇ ਬੈਠ ਕੇ, ਬੰਦ-ਬੰਦ ਕਟਵਾ ਕੇ, ਪੁੱਠੀਆਂ ਖੱਲਾਂ ਲੁਹਾ ਕੇ, ਚਰਖੜੀਆਂ ’ਤੇ ਚੜ੍ਹ ਕੇ ਵੀ ਸਰਬੱਤ ਦਾ ਭਲਾ ਮੰਗਣ ਵਾਲੀ ਇਹ ਕੌਮ ਇੰਜ ਦਾਅਵਿਆਂ ਨਾਲ ਖਤਮ ਹੋਣ ਵਾਲੀ ਨਹੀਂ। ਗੁਰੂ ਨਾਨਕ ਦੇਵ ਜੀ ਦੀ ਸਰਬ-ਸਾਂਝੀਵਾਲਤਾ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਸੂਰਬੀਰਤਾ ਦੀ ਫਿਲਾਸਫੀ ਅਤੇ ਸੱਭਿਆਚਾਰ ਵਿੱਚੋਂ ਅਣਖੀਲੇ ਯੋਧਿਆਂ ਨੇ ਅੰਗੜਾਈ ਲਈ।

ਈਸਟ ਇੰਡੀਆ ਕੰਪਨੀ ਦੀ ਅਗਵਾਈ ਕਰਨ ਵਾਲਾ ਵਪਾਰੀ ਬਣ ਕੇ ਆਇਆ ਲਾਰਡ ਲਕਾਈਂਵ ਭਾਵੇਂ 1757 ਈਸਵੀ ਵਿਚ ਬੰਗਾਲ ਦਾ ਗਵਰਨਰ ਬਣ ਗਿਆ ਸੀ ਪਰ ਕੋਈ ਵੀ ਅੰਗਰੇਜ ਸ਼ਾਸਕ ਮਹਾਰਾਜਾ ਰਣਜੀਤ ਸਿੰਘ ਦੇ ਖਾਲਸਾ ਰਾਜ ਵੱਲ 92 ਸਾਲ ਦੇ ਲੰਬੇ ਅਰਸੇ ਤੱਕ ਵੀ ਤੱਕ ਨਾ ਸਕਿਆ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਜੇ 1849 ’ਚ ਅੰਗਰੇਜ ਸਰਕਾਰ ਪੰਜਾਬੀਆਂ ਦੇ ਖਾਲਸਾ ਰਾਜ ’ਤੇ ਕਬਜਾ ਕਰਦੀ ਹੈ ਤਾਂ ਸਿਰਫ 8 ਸਾਲ 14 ਦਿਨ ਬਾਅਦ ਹੀ ਮਹਾਰਾਜਾ ਰਣਜੀਤ ਸਿੰਘ ਦੀ ਖਾਲਸਾ ਫੌਜ ਦੇ ਉੱਘੇ ਜਰਨੈਲ, ਸਿੱਖ ਰਾਜ ਦੇ ਮਹਾਨ ਯੋਧੇ ਗੁਰੂ ਰਾਮ ਸਿੰਘ ਸਿੱਖ ਕੌਮ ਵਿਚ ਆਜਾਦੀ ਪ੍ਰਾਪਤੀ ਦੀ ਨਵੀਂ ਰੂਹ ਫੂਕਣ ਲਈ 12 ਅਪ੍ਰੈਲ 1857 ਨੂੰ ਬ੍ਰਿਟਿਸ਼ ਸਾਮਰਾਜ ਤੋਂ ਮੁਕਤੀ ਦਾ ਬਿਗੁਲ ਵਜਾ ਦਿੰਦੇ ਹਨ। ਮਲਕ ਭਾਗੋਆਂ, ਪੂੰਜੀਪਤੀਆਂ, ਬਸਤੀਵਾਦੀ ਗੋਰਿਆਂ ਵਿਰੁੱਧ ਜੇਹਾਦ ਛੇੜ ਕੇ ਕੂਕਾ ਅੰਦੋਲਨ ਦੀ ਨੀਂਹ ਰੱਖਣ ਵਾਲੇ ਇਸ ਮਹਾਨ ਸੂਰਬੀਰ ਨੂੰ ਸੁਤੰਤਰਤਾ ਸੰਗਰਾਮ ਦੇ ਮੋਢੀ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਪਿੰਡ ਭੈਣੀ ਸਾਹਿਬ, ਜਿਲ੍ਹਾ ਲੁਧਿਆਣਾ ਵਿਚ ਪਿਤਾ ਬਾਬਾ ਜੱਸਾ ਸਿੰਘ ਦੇ ਘਰ ਮਾਤਾ ਸਦਾ ਕੌਰ ਦੀ ਕੁੱਖੋਂ ਜਨਮੇ ਗੁਰੂ ਰਾਮ ਸਿੰਘ ਜੀ ਨੇ ਘੋੜ ਸਵਾਰ ਖਾਲਸਾ ਫੌਜ ਦੀ ਨੌਕਰੀ ਕਰਦਿਆਂ ਖਾਲਸਾ ਰਾਜ ਦੀ ਚੜ੍ਹਦੀ ਕਲਾ, ਮਹਾਰਾਜਾ ਦੇ ਸ਼ਾਹੀ ਪਰਿਵਾਰ ਵਿਚ ਕਤਲੇਆਮ ਅਤੇ ਸਿੱਖ ਰਾਜ ਦੇ ਗੁਲਾਮ ਹੋ ਜਾਣ ਦੀਆਂ ਤਵਾਰੀਖਾਂ ਨੂੰ ਅੱਖੀਂ ਵੇਖਿਆ ਸੀ। ਗੁਰੂ ਰਾਮ ਸਿੰਘ ਨੇ ਸਮਾਜ ਨੂੰ ਸਰਬਪੱਖਾਂ ਤੋਂ ਜਾਗਰੂਕ ਅਤੇ ਸੰਗਠਿਤ ਕਰਨ ਲਈ ਪੁਰਾਤਨ ਪੰਜਾਬ ਦੇ ਕੋਨੇ-ਕੋਨੇ ਵਿਚ ਵਸੀਹ ਪੈਮਾਨੇ ’ਤੇ ਗੁਰਮਤਿ ਦਾ ਪ੍ਰਚਾਰ ਕੀਤਾ। ਬ੍ਰਿਟਿਸ਼ ਸਰਕਾਰ ਗੁਰੂ ਰਾਮ ਸਿੰਘ ਦੀ ਵਧਦੀ ਲੋਕਪ੍ਰਿਯਤਾ ਦੇਖ ਕੇ ਚਿੰਤਤ ਸੀ। ਬਸਤੀਵਾਦੀ ਅੰਗਰੇਜਾਂ ਨੇ ਬਾਬਾ ਰਾਮ ਸਿੰਘ ਜੀ ਦੇ ਭੈਣੀ ਸਾਹਿਬ ਤੋਂ ਬਾਹਰ ਜਾਣ ਤੇ ਪ੍ਰਚਾਰ ਕਰਨ ’ਤੇ ਪਾਬੰਦੀ ਲਗਾ ਦਿੱਤੀ। ਆਪ ਨੇ ਕਸ਼ਮੀਰ ਵਿਚ ਸਰਦਾਰ ਹੀਰਾ ਸਿੰਘ ਸਢੌਰਾ ਦੀ ਕਮਾਨ ਹੇਠ ਕੂਕਾ ਪਲਟਨ ਕਾਇਮ ਕਰ ਦਿੱਤੀ।

ਸੂਬਾ ਬਿਸ਼ਨ ਸਿੰਘ ਅਤੇ ਸੂਬਾ ਕਾਹਨ ਸਿੰਘ ਨਿਹੰਗ ਨੂੰ ਦੇਸੀ ਰਿਆਸਤਾਂ ਦੇ ਰਾਜਿਆਂ ਅਤੇ ਸਰਹੱਦੀ ਸੂਬਿਆਂ ਨਾਲ ਰਾਬਤਾ ਕਾਇਮ ਕਰਨ ਲਈ ਰਾਜਦੂਤ ਨਿਯੁਕਤ ਕਰ ਦਿੱਤਾ। ਉਨ੍ਹਾਂ ਰੂਸ, ਕਸ਼ਮੀਰ, ਹੈਦਰਾਬਾਦ, ਲਖਨਊ ਅਤੇ ਨੇਪਾਲ ਦੇ ਰਾਜਿਆਂ ਨਾਲ ਭਾਰਤ ਦੀ ਆਜਾਦੀ ਅਤੇ ਖਾਲਸਾ ਰਾਜ ਨੂੰ ਮੁੜ ਸਥਾਪਤ ਕਰਨ ਦੀਆਂ ਵਿਚਾਰਾਂ ਆਰੰਭ ਕਰ ਦਿੱਤੀਆਂ ਅਤੇ ਸੂਬਾ ਗੁਰਚਰਨ ਸਿੰਘ, ਗੁਰੂ ਰਾਮ ਸਿੰਘ ਦਾ ਖਤ ਲੈ ਕੇ ਰੂਸ ਦਰਬਾਰ ਜਾ ਪਹੁੰਚਿਆ। ਸਮਾਜ ਵਿਚ ਗੁਰਸਿੱਖੀ ਪ੍ਰਚਾਰ ਦੇ ਨਾਲ-ਨਾਲ ਆਜਾਦੀ ਪ੍ਰਾਪਤੀ ਦੀਆਂ ਤਕਰੀਰਾਂ ਕਰਨ ਵਾਲੀ ਇਸ ਧਾਰਮਿਕ ਲਹਿਰ ਦੇ ਰਾਜਨੀਤਕ ਮਨਸੂਬੇ ਵੇਖ ਕੇ ਅੰਗਰੇਜ ਸਰਕਾਰ ਬੁਖਲਾ ਗਈ। ਕੂਕਾ ਅੰਦੋਲਨ ਦੀ ਨਾ-ਮਿਲਵਰਤਨ ਲਹਿਰ ਕਾਰਨ ਅੰਗਰੇਜ ਸਾਮਰਾਜ ਨੂੰ ਉਨ੍ਹਾਂ ਸਮਿਆਂ ਵਿਚ ਪਹਿਲੇ ਸਾਲ ਹੀ ਆਪਣੇ ਵਪਾਰ ਵਿਚ 83,92,000 ਰੁਪਏ ਦਾ ਵੱਡਾ ਘਾਟਾ ਪਿਆ। ਪੈ ਰਹੇ ਘਾਟੇ ਦੇ ਖੱਪਿਆਂ ਨੂੰ ਪੂਰਾ ਕਰਨ ਲਈ ਅੰਗਰੇਜ ਸਰਕਾਰ ਨੇ ਖੇਤੀਬਾੜੀ ਦੀਆਂ ਫਸਲਾਂ, ਕਪਾਹ, ਪਟਸਨ, ਨੀਲ-ਚਾਹ ਤੋਂ ਬਾਅਦ ਮਾਸ ਦੇ ਵਪਾਰ ਨੂੰ ਫੈਲਾਉਣਾ ਸ਼ੁਰੂ ਕਰ ਦਿੱਤਾ। ਅੰਗਰੇਜ ਅਧਿਕਾਰੀਆਂ ਨੇ ਗਊ ਮਾਸ ਵੇਚਣ ਦੇ ਨਿਯਮ ਵੀ ਈਜਾਦ ਕਰ ਦਿੱਤੇ ਅਤੇ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਗੇਟ ’ਤੇ ਗਵਰਨਰ ਹੈਨਰੀ ਲਾਰੈਂਸ ਦਾ 1847 ਈਸਵੀ ਦਾ ਤਾਂਬੇ ਦਾ ਲਾਇਆ ਉਹ ਪੱਤਰ ਵੀ ਲਾਹ ਦਿੱਤਾ ਜਿਸ ’ਤੇ ਲਿਖਿਆ ਹੋਇਆ ਸੀ- “ਕੋਈ ਵੀ ਆਦਮੀ ਦਰਬਾਰ ਸਾਹਿਬ ਅਤੇ ਗੁਰਦੁਆਰਿਆਂ ਅੰਦਰ ਜੁੱਤੀ ਪਾ ਕੇ ਨਹੀਂ ਜਾ ਸਕੇਗਾ ਅਤੇ ਪੰਜਾਬ ਵਿਚ ਗਊ ਬੱਧ ਦੀ ਮਨਾਹੀ ਹੈ।” ਅੰਗਰੇਜਾਂ ਵੱਲੋਂ ਲੋਕਾਂ ਨੂੰ ਬੁੱਚੜਖਾਨੇ ਖੋਲ੍ਹਣ ਲਈ ਮੁਫਤ ਜਗ੍ਹਾ, ਰਿਆਇਤਾਂ ਅਤੇ ਪੈਸੇ ਵੀ ਦਿੱਤੇ ਗਏ ਅਤੇ ਗਊ ਮਾਸ ਟੋਕਰੀਆਂ ਵਿਚ ਪਾ ਕੇ ਹੋਕੇ ਦੇ-ਦੇ ਗਲੀ-ਮੁਹੱਲਿਆਂ ਵਿਚ ਵਿਕਣ ਲੱਗਾ।




ਸਰਕਾਰ ਨੇ ਦਰਬਾਰ ਸਾਹਿਬ ਘੰਟਾ ਘਰ ਕੋਲ ਵੀ ਗਊ ਮਾਸ ਦੇ ਵਪਾਰ ਦਾ ਅੱਡਾ ਖੁਲ੍ਹਵਾ ਦਿੱਤਾ। ਗਊ ਮਾਸ ਦਾ ਖੁੱਲ੍ਹਾ ਵਪਾਰ ਕਰਨ ਲਈ ਮਲੇਰਕੋਟਲੇ ਵਿਚ ਵੱਡਾ ਕਾਰੋਬਾਰ ਸਥਾਪਤ ਕਰ ਦਿੱਤਾ ਗਿਆ ਜਿੱਥੋਂ ਮਾਸ ਦੀ ਸਪਲਾਈ ਦੂਸਰੇ ਰਾਜਾਂ ਨੂੰ ਵੀ ਹੁੰਦੀ। ਪੰਜਾਬ ਦੇ ਕਿਸਾਨਾਂ ਅਤੇ ਕਿਰਤੀਆਂ ਦਾ ਇਹ ਅੰਦੋਲਨ ਗਊ ਮਾਸ ਦੇ ਵਪਾਰ ਦਾ ਵਿਰੋਧੀ ਸੀ ਕਿਉਂਕਿ ਖੇਤੀਬਾੜੀ ਲਈ ਬਲਦ ਅਤੇ ਘਰ ਦੇ ਦੁੱਧ ਲਈ ਗਊ ਉਸ ਵਕਤ ਲੋਕਾਂ ਦੀ ਪ੍ਰਮੁੱਖ ਲੋੜ ਸੀ।

ਨਾਮਧਾਰੀਆਂ ਨੇ ਅੰਮ੍ਰਿਤਸਰ, ਰਾਏਕੋਟ ਅਤੇ ਮਲੇਰਕੋਟਲੇ ਦੀਆਂ ਗਊ ਕਤਲਗਾਹਾਂ ’ਤੇ ਹੱਲੇ ਬੋਲ ਦਿੱਤੇ। ਅੰਗਰੇਜ ਨੂੰ ਵੀ ਮੌਕਾ ਮਿਲ ਗਿਆ। ਉਹ ਸ਼ਾਂਤਮਈ ਅਤੇ ਅਨੁਸ਼ਾਸਨ ਵਿਚ ਲੜੇ ਜਾ ਰਹੇ ਇਸ ਅੰਦੋਲਨ ’ਤੇ ਕਾਰਵਾਈ ਕਰਨ ਲਈ ਕੋਈ ਬਹਾਨਾ ਹੀ ਭਾਲਦਾ ਸੀ। ਬ੍ਰਿਟਿਸ਼ ਸਾਮਰਾਜ ਨੇ ਆਪਣੀਆਂ ਅੱਖਾਂ ਵਿਚ ਰੋੜਾਂ ਵਾਂਗ ਰੜਕਦੇ ਨਾਮਧਾਰੀਆਂ ਨੂੰ 15 ਜੁਲਾਈ 1871 ਈਸਵੀ ਨੂੰ ਰਾਏਕੋਟ ਵਿਖੇ, 15 ਸਤੰਬਰ 1871 ਨੂੰ ਅੰਮ੍ਰਿਤਸਰ ਵਿਖੇ ਅਤੇ 26 ਨਵੰਬਰ 1871 ਨੂੰ ਲੁਧਿਆਣਾ ਵਿਖੇ ਫਾਂਸੀਆਂ ’ਤੇ ਲਟਕਾ ਕੇ ਸ਼ਹੀਦ ਕਰ ਦਿੱਤਾ।

ਸਤਾਰਾਂ ਅਤੇ 18 ਜਨਵਰੀ 1872 ਨੂੰ ਮਲੇਰਕੋਟਲਾ ਵਿਖੇ ਅੰਗਰੇਜ ਅਧਿਕਾਰੀ ਐੱਲ. ਕਾਵਨ ਨੇ 65 ਨਾਮਧਾਰੀ ਸਿੰਘਾਂ ਨੂੰ ਬਿਨਾਂ ਮੁਕੱਦਮਾ ਚਲਾਏ ਤੋਪਾਂ ਨਾਲ ਉਡਾ ਦਿੱਤਾ। ਛੋਟਾ ਬਾਲਕ ਬਿਸ਼ਨ ਸਿੰਘ ਜੋ ਅੰਗਰੇਜ ਦੀ ਦਾੜ੍ਹੀ ਨੂੰ ਚਿੰਬੜ ਗਿਆ ਸੀ, ਉਸਦੇ ਤਲਵਾਰਾਂ ਨਾਲ ਟੋਟੇ-ਟੋਟੇ ਕਰ ਦਿੱਤੇ ਗਏ। ਇਸ ਸ਼ਹੀਦੀ ਸਾਕੇ ਵਿਚ ਅਣਖੀਲੇ ਸੂਰਬੀਰ ਯੋਧਿਆਂ ਨੇ ਆਪ ਹੱਸ-ਹੱਸ ਕੇ ਤੋਪਾਂ ਅੱਗੇ ਖੜ੍ਹੇ ਹੋ ਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਪਿੰਡ ਮਹਿਰਾਜ (ਬਠਿੰਡਾ) ਦੇ ਸੂਰਬੀਰ ਵਰਿਆਮ ਸਿੰਘ ਦਾ ਕੱਦ ਮਧਰਾ ਸੀ। ਉਸ ਨੇ ਆਪਣੇ ਹੱਥੀਂ ਤੋਪ ਅੱਗੇ ਇੱਟਾਂ-ਰੋੜੇ ਰੱਖ ਕੇ ਤੋਪ ਦੇ ਮੂੰਹ ਦੇ ਬਰਾਬਰ ਹੋ ਕੇ ਸ਼ਹੀਦੀ ਪ੍ਰਾਪਤ ਕੀਤੀ। ਇਨ੍ਹਾਂ ਧੱਕੇਸ਼ਾਹੀਆਂ ਦੀ ਹਨੇਰੀ ਵਿਚ ਭੈਣੀ ਸਾਹਿਬ ਵਿਚ ਪੁਲਿਸ ਚੌਕੀ ਬੈਠਾ ਦਿੱਤੀ ਗਈ ਤੇ ਗੁਰੂ ਰਾਮ ਸਿੰਘ ਤੇ ਉਨ੍ਹਾਂ ਦੇ ਦੇਸ਼ ਭਗਤ ਸੂਬਿਆਂ ਨੂੰ ਗ੍ਰਿਫਤਾਰ ਕਰ ਕੇ ਦੇਸ਼ ਨਿਕਾਲਾ ਦੇ ਦਿੱਤਾ ਗਿਆ।

ਸੰਸਾਰ ਦੇ ਇਤਿਹਾਸ ਵਿਚ ਅਜਿਹੀ ਹੋਰ ਉਦਾਹਰਨ ਕਿਧਰੇ ਨਹੀਂ ਮਿਲਦੀ ਜਦੋਂ ਸੂਰਬੀਰਾਂ ਨੂੰ ਫਾਂਸੀ ਦੀ ਸਜਾ ਸੁਣਾਈ ਜਾਵੇ ਤੇ ਉਹ ਚਮੜੇ ਦੀ ਤੰਦੀ ਦੀ ਥਾਂ ਆਪਣੇ ਹੱਥੀਂ ਗਲਾਂ ਵਿਚ ਰੇਸ਼ਮੀ ਰੱਸੇ ਪਾ ਕੇ ਸ਼ਹੀਦੀਆਂ ਪ੍ਰਾਪਤ ਕਰਨ ਤੇ ਅਜਿਹੀ ਵੀ ਕੋਈ ਉਦਾਹਰਨ ਨਹੀਂ ਮਿਲਦੀ ਕਿ ‘ਸਤਿ ਸ੍ਰੀ ਅਕਾਲ’ ਦੇ ਜੈਕਾਰਿਆਂ ਨਾਲ ਆਪ ਤੋਪਾਂ ਅੱਗੇ ਖੜ੍ਹਨ ਅਤੇ ਤੂੰਬਾ-ਤੂੰਬਾ ਹੋ ਕੇ ਉੱਡ ਜਾਣ।

ਇਨ੍ਹਾਂ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਮਲੇਰਕੋਟਲਾ ਵਿਖੇ ਯਾਦਗਰੀ ਸ਼ਹੀਦੀ ਸਮਾਰਕ ਬਣਿਆ ਹੋਇਆ ਹੈ ਤੇ 66 ਸਿੰਘਾਂ ਨੂੰ ਸਮਰਪਿਤ 66 ਮੋਰੀਆਂ ਵਾਲਾ 66 ਫੁੱਟ ਉੱਚਾ ਸਟੀਲ ਦਾ ਖੰਡਾ ਇਨ੍ਹਾਂ ਸ਼ਹੀਦਾਂ ਦੀ ਯਾਦ ਤਾਜਾ ਕਰਵਾਉਂਦਾ ਹੈ । ਸਤਾਰਾਂ ਤੇ 18 ਜਨਵਰੀ ਨੂੰ ਕੂਕਾ ਅੰਦੋਲਨ ਦੇ ਇਨ੍ਹਾਂ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਇਹੀ ਹੋਵੇਗੀ ਕਿ ਅਸੀਂ ਦੇਸ਼ ਭਗਤਾਂ ਦੇ ਦਿਖਾਏ ਹੋਏ ਰਸਤਿਆਂ ’ਤੇ ਤੁਰੀਏ।

ਡਾ. ਲਖਵੀਰ ਸਿੰਘ
ਨਾਮਧਾਰੀ

# ਨਾਰੀ ਚੇਤਨਾ ਦਾ ਦੌਰ

ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਗੋਲਡਨ ਜੁਬਲੀ ਕਨਵੋਕੇਸਨ ਹਾਲ ਵਿਚ ਕਰਵਾਈ ਗਈ 50ਵੀਂ ਕਨਵੋਕੇਸਨ ਵਿਚ ਬਤੌਰ ਮੁੱਖ ਮਹਿਮਾਨ ਆਪਣੇ ਇਤਿਹਾਸਕ ਸੰਬੋਧਨ ਦੌਰਾਨ ਖੁੱਲ੍ਹ ਕੇ ਮਨ ਦੇ ਵਲਵਲੇ ਜਾਹਰ ਕੀਤੇ। ਉਨ੍ਹਾਂ ਦਾ ਕਹਿਣਾ ਸੀ ਕਿ ਸਾਰੇ ਦੇਸ਼ ਵਾਂਗ ਪੰਜਾਬ ਵਿਚ ਵੀ ਵਿੱਦਿਅਕ ਪੱਖੋਂ ਔਰਤਾਂ ਦੀਆਂ ਪ੍ਰਾਪਤੀਆਂ ਬੇਮਿਸਾਲ ਹਨ। ਵਜ੍ਹਾ ਸਾਫ ਸੀ ਕਿਉਂਕਿ ਰਾਸ਼ਟਰਪਤੀ ਨੇ ਜਿਨ੍ਹਾਂ 463 ਹੋਣਹਾਰਾਂ ਨੂੰ ਡਿਗਰੀਆਂ ਭੇਟ ਕੀਤੀਆਂ, ਉਨ੍ਹਾਂ ਵਿੱਚੋਂ ਜਿਆਦਾਤਰ ਕੁੜੀਆਂ ਤੇ ਔਰਤਾਂ ਸਨ। ਮੁਰਮੂ ਰਾਸ਼ਟਰਪਤੀ ਬਣਨ ਤੋਂ ਪਹਿਲਾਂ ਸ਼ਕਤੀਸ਼ਾਲੀ ਕਬਾਇਲੀ ਮਹਿਲਾ ਆਗੂ ਵਜੋਂ ਵਿਚਰ ਚੁੱਕੇ ਹਨ ਤੇ ਝਾਰਖੰਡ ਵਿਚ ਵਿਧਾਇਕਾ ਵਜੋਂ ਵੀ ਕੰਮ ਕਰ ਚੁੱਕੇ ਹਨ। ਉਹ ਨਾ-ਸਿਰਫ ਕੁੜੀਆਂ ਤੇ ਔਰਤਾਂ ਦੀਆਂ ਹਕੀਕੀ ਮੁਸ਼ਕਲਾਂ ਤੇ ਉਨ੍ਹਾਂ ਦੇ ਕਾਰਗਰ ਹੱਲ ਬਾਰੇ ਜਾਣਦੇ ਹਨ ਸਗੋਂ ਅਕਾਦਮਿਕ ਪੱਖੋਂ ਵੀ ਸੁਚੇਤ ਹਨ। ਖੁਦ ਕਈ ਅਕਾਦਮਿਕ ਪ੍ਰਾਪਤੀਆਂ ਉਨ੍ਹਾਂ ਦੇ ਨਾਂ ਦਰਜ ਹਨ। ਇਸ ਲਈ ਉਨ੍ਹਾਂ ਦਾ ਇਹ ਕਹਿਣਾ ਕਿ ਸਾਰੇ ਦੇਸ਼ ਵਿਚ ਖਾਸਕਰ ਪੰਜਾਬ ਵਿਚ ਔਰਤਾਂ, ਵਿੱਦਿਅਕ ਪੱਖੋਂ ਨਵੀਂ ਪਰਵਾਜ ਭਰ ਰਹੀਆਂ ਹਨ, ਇਹ ਬਿਨਾਂ ਸ਼ੱਕ ਕਾਬਿਲੇਗੌਰ ਕਥਨ ਹੈ। ਰਾਸ਼ਟਰਪਤੀ ਨੇ ਇਹ ਸੰਦੇਸ਼ ਵੀ ਦਿੱਤਾ ਕਿ ਪੰਜਾਬ ਵਾਂਗ ਮੁਲਕ ਦੇ ਹੋਰਨਾਂ ਸੂਬਿਆਂ ਦੇ ਲੋਕਾਂ ਨੂੰ ਵੀ ਆਪਣੀਆਂ ਧੀਆਂ ਨੂੰ ਵਿੱਦਿਅਕ ਪਿੜ ਵਿਚ ਅੱਗੇ ਵਧਣ ਦੇਣਾ ਚਾਹੀਦਾ ਹੈ। ਉਨ੍ਹਾਂ ਬੜੀ ਨਿਮਰਤਾ ਨਾਲ ਇਹ ਦੱਸਿਆ ਕਿ ਪੰਜਾਬ ਵਿਚ ਨਾਰੀ ਚੇਤਨਾ ਦੀ ਨਵੀਂ ਪਰਵਾਜ ਤੇ ਵਿੱਦਿਅਕ ਜਾਗ੍ਰਿਤੀ ਪਿੱਛੇ ਗੁਰੂ ਨਾਨਕ ਪਾਤਸ਼ਾਹ ਦਾ



ਪੈਗਾਮ ਵੀ ਹੈ। ਗੁਰੂ ਸਾਹਿਬ ਨੇ ਤਿੰਨ ਸਦੀਆਂ ਪਹਿਲਾਂ ਉਦੋਂ ਧੀਆਂ ਨੂੰ ਪੁੱਤਰਾਂ ਵਾਂਗ ਹੱਕ-ਹਕੂਕ ਦੇਣ ਦੀ ਸਿੱਖਿਆ ਦਿੱਤੀ ਸੀ ਜਦੋਂ ਸਮਾਜ ਦਾ ਜਿਆਦਾਤਰ ਹਿੱਸਾ ਗਰਕ ਚੁੱਕਾ ਹੋਇਆ ਸੀ। ਬਿਨਾਂ ਸ਼ੱਕ ਉਨ੍ਹਾਂ ਵੇਲਿਆਂ ਵਿਚ ਕੁੜੀਆਂ ਨੂੰ ਜੰਮਦੇ ਹੀ ਮਾਰ ਦੇਣਾ ਜਾਂ ਜੰਮਣ ਤੋਂ ਲੈ ਕੇ ਵਿਆਹ ਦੀ ਉਮਰ ਤੱਕ ਘਰ ਦੀਆਂ ਦਹਿਲੀਜਾਂ ਅੰਦਰ ਰੱਖਿਆ ਜਾਂਦਾ ਸੀ ਤੇ ਵਿਆਹ ਦੀ ਉਮਰ ਵੀ ਉਦੋਂ ਬਾਲਗ ਹੋਣ ਦੀ ਉਮਰ ਤੋਂ ਕਿਤੇ ਘੱਟ ਹੁੰਦੀ ਸੀ। ਅਜਿਹੇ ਸਮੇਂ ਦੌਰਾਨ ਗੁਰੂ ਨਾਨਕ ਦੇਵ ਜੀ ਵੱਲੋਂ ਧੀਆਂ ਦੇ ਹੱਕ ਵਿਚ ਦਿੱਤੀ ਸਿੱਖਿਆ ਦੇ ਦੂਰ-ਰਸੀ ਅਸਰ ਸਾਹਮਣੇ ਆਏ। ਸਮਾਜ ਰਵਾਇਤੀ ਗਲਤ ਸੋਚਾਂ ਦੇ ਚੱਕਰਵਿਊ ’ਚੋਂ ਬਹੁਤ ਹੱਦ ਤੱਕ ਨਿਕਲ ਚੁੱਕਾ ਹੈ ਤੇ ਨਵੀਂ ਪੀੜ੍ਹੀ ਦੇ ਲੋਕ ਨਵੀਂ ਸੋਚ ਨਾਲ ਆਪਣੀ ਔਲਾਦ ਦੀ ਪਰਵਰਿਸ਼ ਕਰ ਰਹੇ ਹਨ। ਇੱਕਾ-ਦੁੱਕਾ ਮਾਮਲੇ ਛੱਡ ਦੇਈਏ ਤਾਂ ਸਪਸ਼ਟ ਹੈ ਕਿ ਸਮਾਜ ਵਿਚ ਕੁੜੀਆਂ ਜਾਂ ਔਰਤਾਂ ਦੀ ਹਾਲਤ ਹੁਣ ਚਿੰਤਾਜਨਕ ਪੱਧਰ ’ਤੇ ਨਹੀਂ ਹੈ ਸਗੋਂ ਉਹ ਪੜ੍ਹ-ਲਿਖ ਕੇ ਵੱਡੀਆਂ ਪ੍ਰਾਪਤੀਆਂ ਕਰ ਕੇ ਪੁਰਸ਼ਾਂ ਲਈ ਰਾਖਵੇਂ ਸਮਝੇ ਜਾਂਦੇ ਹਰ ਖੇਤਰ ਵਿਚ ਨਾਮਣਾ ਖੱਟ ਰਹੀਆਂ ਹਨ। ਇਹ ਸਿਰਫ ਕਿਸੇ ਇਕ ਜਿਲ੍ਹੇ ਜਾਂ ਕਿਸੇ ਇਕ ਯੂਨੀਵਰਸਿਟੀ ਨਾਲ ਸਬੰਧਤ ਮਾਮਲਾ ਨਹੀਂ ਹੈ। ਰਾਸ਼ਟਰਪਤੀ ਨੇ ਜਿਹੜੇ ਅੰਦਾਜ ਤੇ ਜਿੰਨੀ ਖੁਸ਼ੀ ਨਾਲ ਮਨ ਦੀਆਂ ਗੱਲਾਂ ਕੀਤੀਆਂ ਹਨ, ਉਹ ਉਨ੍ਹਾਂ ਮਾਪਿਆਂ ਲਈ ਵੀ ਨਸੀਹਤ ਹਨ ਜਿਹੜੇ ਹਾਲੇ ਵੀ ਥੋਥੀਆਂ ਦਲੀਲਾਂ ਤੇ ਸੋਚਾਂ ਦੇ ਜਾਲ ਵਿਚ ਫਸ ਕੇ ਧੀਆਂ ਦੇ ਰਾਹ ਵਿਚ ਅੜਿੱਕਾ ਬਣੀ ਖੜ੍ਹੇ ਹਨ। ਕੁੜੀਆਂ ਹੁਣ ਸਿਰਫ ਸਾਖਰ ਪੱਧਰ ਤੱਕ ਤਾਲੀਮਯਾਫਤਾ ਨਹੀਂ ਹਨ ਸਗੋਂ ਉਹ ਹਰ ਖੇਤਰ ਵਿਚ ਮਾਣਮੱਤੀਆਂ ਮੱਲਾਂ ਮਾਰ ਰਹੀਆਂ ਹਨ। ਰਾਸ਼ਟਰਪਤੀ ਨੇ ਪੰਜਾਬ ਦੇ ਹਵਾਲੇ ਨਾਲ ਗੱਲ ਤੋਰੀ ਹੈ ਪਰ ਨਸੀਹਤ ਸਾਰੇ ਮੁਲਕ ਲਈ ਹੈ। ਬਿਨਾਂ ਸ਼ੱਕ ਉਨ੍ਹਾਂ ਦਾ ਅੰਮ੍ਰਿਤਸਰ ਵਿਚ ਪੁੱਜ ਕੇ ਕਨਵੋਕੇਸ਼ਨ ਦੌਰਾਨ ਡਿਗਰੀਆਂ ਭੇਟ ਕਰਨਾ ਤੇ ਡਿਗਰੀਆਂ ਪ੍ਰਾਪਤ ਕਰਨ ਵਾਲਿਆਂ ਲਈ ਤਾਂ ਇਹ ਮਾਣਮੱਤੇ ਪਲ ਹਨ ਹੀ, ਸਗੋਂ ਸਮੁੱਚੇ ਸਮਾਜ ਲਈ ਇਸ ਪੱਖੋਂ ਮਾਣ ਵਾਲੀ ਗੱਲ ਹੈ ਕਿ ਜਿਆਦਾਤਰ ਡਿਗਰੀਆਂ ਪ੍ਰਾਪਤ ਕਰਤਾ ਕੁੜੀਆਂ ਸਨ ਜਿਨ੍ਹਾਂ ਨੇ ਦੇਸ਼ ਦੀ ਸਭ ਤੋਂ ਤਾਕਤਵਰ ਆਗੂ ਕੋਲੋਂ ਡਿਗਰੀਆਂ ਪ੍ਰਾਪਤ ਕੀਤੀਆਂ।

# ਸਾਵਧਾਨ ਰਹੋ : ਸਵੇਰ ਵੇਲੇ ਇਹ ਗ਼ਲਤੀਆਂ ਨਾ ਕਰੋ

ਜੇਕਰ ਦਿਨ ਦੀ ਸ਼ੁਰੂਆਤ ਚੰਗੀ ਹੋਵੇ ਤਾਂ ਸਾਰਾ ਦਿਨ ਚੰਗਾ ਲੰਘਦਾ ਹੈ ਪਰ ਸਵੇਰ ਵੇਲੇ ਹੀ ਥਕਾਵਟ ਅਤੇ ਮਨ ਉਦਾਸ ਹੋਵੇ ਤਾਂ ਸਾਰਾ ਦਿਨ ਨਾ ਤਾਂ ਕੰਮ ਵਿਚ ਦਿਲ ਲਗਦਾ ਹੈ ਅਤੇ ਨਾ ਹੀ ਕੰਮ ਖ਼ਤਮ ਹੁੰਦਾ ਹੈ। ਮਨ ਬੁਝਿਆ-ਬੁਝਿਆ ਰਹਿੰਦਾ ਹੈ। ਅਕਸਰ ਅਸੀਂ ਕੁਝ ਇਸ ਤਰ੍ਹਾਂ ਦੀਆਂ ਗ਼ਲਤੀਆਂ ਉੱਠਦਿਆਂ ਹੀ ਕਰਦੇ ਹਾਂ ਜੋ ਜਾਣ-ਬੁੱਝ ਕੇ ਨਹੀਂ, ਅਣਜਾਣੇ ਵਿਚ ਹੋ ਜਾਂਦੀਆਂ ਹਨ। ਉਨ੍ਹਾਂ ਦਾ ਅਸਰ ਸਾਡੀ ਸਿਹਤ 'ਤੇ ਕੁਝ ਸਮੇਂ ਬਾਅਦ ਦਿਸਣਾ ਸ਼ੁਰੂ ਹੋ ਜਾਂਦਾ ਹੈ। ਜੇਕਰ ਅਸੀਂ ਉਨ੍ਹਾਂ ਗ਼ਲਤੀਆਂ ਨੂੰ ਲਗਾਤਾਰ ਨਜ਼ਰਅੰਦਾਜ਼ ਕਰਦੇ ਰਹਾਂਗੇ ਤਾਂ ਨਤੀਜਾ ਬੁਰਾ ਹੋ ਸਕਦਾ ਹੈ।ਆਓ ਤੇ ਦੇਖੀਏ ਕੀ ਗ਼ਲਤੀਆਂ ਅਸੀਂ ਕਰਦੇ ਹਾਂ।

ਦੇਰੀ ਨਾਲ ਤੇ ਝਟਕੇ ਨਾਲ ਉੱਠਣਾ ਅਤੇ ਕੰਮ ਵਿਚ ਲੱਗਣਾ : ਅਕਸਰ ਅਸੀਂ ਸਵੇਰ ਸਮੇਂ ਜਲਦੀ ਨਹੀਂ ਉੱਠਦੇ। ਅਲਾਰਮ ਵਜਣ 'ਤੇ ਵੀ 15 ਤੋਂ 30 ਮਿੰਟ ਬਾਅਦ ਉੱਠਦੇ ਹਾਂ। ਫਿਰ ਸਮਾਂ ਦੇਖਦੇ ਹਾਂ ਅਤੇ ਹੜਬੜਾਹਟ 'ਚ ਉੱਠ ਕੇ ਇਕਦਮ ਕੰਮ ਵਿਚ ਲਗ ਜਾਂਦੇ ਹਾਂ। ਹੜਬੜਾਹਟ ਵਿਚ ਕੰਮ ਠੀਕ ਨਹੀਂ ਹੁੰਦਾ ਅਤੇ ਸਮਝ ਵੀ ਨਹੀਂ ਆਉਂਦਾ ਕਿ ਪਹਿਲਾਂ ਕੀ ਕਰੀਏ ਅਤੇ ਤਣਾਅ ਵੀ ਬਣਿਆ ਰਹਿੰਦਾ ਹੈ, ਜਿਸ ਦਾ ਸਿੱਧਾ ਅਸਰ ਸਾਡੀ ਸਿਹਤ 'ਤੇ ਪੈਂਦਾ ਹੈ।

ਦਿਨ ਦੀ ਸ਼ੁਰੂਆਤ ਜੇਕਰ ਸ਼ਾਂਤ ਸੁਭਾਅ ਨਾਲ ਕਰੀਏ ਤਾਂ ਸਾਰਾ ਕੰਮ ਆਰਾਮ ਨਾਲ ਬਿਨਾਂ ਤਣਾਅ ਅਤੇ ਹੜਬੜਾਹਟ ਨਾਲ ਹੁੰਦਾ ਚਲਿਆ ਜਾਂਦਾ ਹੈ। ਇਸ ਲਈ ਸਵੇਰੇ ਦੋ ਜਾਂ ਤਿੰਨ ਅਲਾਰਮ ਕੁਝ ਵਕਫ਼ੇ ਵਿਚ ਲਗਾਓ ਅਤੇ ਅਖ਼ੀਰਲੇ ਅਲਾਰਮ 'ਤੇ ਸੱਜੇ ਪਾਸੇ ਕਰਵਟ ਲੈ ਕੇ ਉੱਠੋ, ਬਿਸਤਰ 'ਤੇ ਦੋ ਚਾਰ ਪੰਜ ਮਿੰਟ ਬੈਠੋ, ਥੋੜ੍ਹਾ ਜਿਹਾ ਪਾਣੀ ਪੀਓ। ਚਿਹਰੇ 'ਤੇ ਮੁਸਕਾਨ ਲਿਆਓ ਅਤੇ ਰੱਬ ਦਾ ਧੰਨਵਾਦ ਕਰੋ, ਜਿਸ ਦੀ ਬਦੌਲਤ ਤੁਸੀਂ ਨਵੀਂ ਸਵੇਰ ਦਾ ਮੂੰਹ ਦੇਖ ਰਹੇ ਹੋ। ਫਿਰ ਬਿਸਤਰ ਛੱਡ ਕੇ ਪਖਾਨਾ ਕਰਨ ਜਾਓ।

ਸਵੇਰੇ ਉੱਠਦਿਆਂ ਹੀ ਥੋੜ੍ਹੀ ਜਿਹੀ ਸਟ੍ਰੈਚਿੰਗ ਕਰੋ : ਜਦੋਂ ਅਸੀਂ ਰਾਤ ਨੂੰ ਸੌਂਦੇ ਹਾਂ ਤਾਂ ਸਰੀਰ ਸਥਿਰ ਅਵਸਥਾ ਵਿਚ ਹੁੰਦਾ ਹੈ ਅਤੇ ਸਾਰੀਆਂ ਮਾਸਪੇਸ਼ੀਆਂ ਸਖ਼ਤ ਹੋ ਜਾਂਦੀਆਂ ਹਨ। ਜੇਕਰ ਅਸੀਂ ਉੱਠਦਿਆਂ ਹੀ ਕੰਮ ਵਿਚ ਲਗ ਜਾਈਏ ਤਾਂ ਸਰੀਰ ਆਪਣੀ ਸਹੀ ਅਵਸਥਾ ਵਿਚ ਆਏ ਬਿਨਾਂ ਓਨਾ ਚੁਸਤ ਨਹੀਂ ਹੁੰਦਾ। ਜੇਕਰ ਅਸੀਂ ਚਾਰ ਪੰਜ ਵਾਰ ਬਾਹਾਂ ਨੂੰ ਖਿੱਚ ਕੇ ਸਿੱਧਾ ਕਰੀਏ ਅਤੇ ਲੱਕ ਵੀ ਸਿੱਧਾ ਕਰ ਲਈਏ ਤਾਂ ਸਰੀਰ ਵਿਚ ਚੁਸਤੀ ਦਾ ਸੰਚਾਰ ਹੋ ਜਾਵੇਗਾ ਅਤੇ ਦਿਨ ਭਰ ਅਸੀਂ ਫੁਰਤੀ ਵਿਚ ਕੰਮ ਕਰਦੇ ਰਹਾਂਗੇ।

ਉੱਠਦੇ ਹੀ ਚਾਹ ਨਾ ਪੀਓ : ਬਹੁਤ ਸਾਰੇ ਲੋਕਾਂ ਨੂੰ ਸਵੇਰੇ ਉੱਠਦਿਆਂ ਹੀ 'ਬੈੱਡ ਟੀ' ਭਾਵ ਸਵੇਰ ਦੀ ਚਾਹ ਪੀਣ ਦੀ ਆਦਤ ਹੁੰਦੀ ਹੈ, ਜੋ ਸਰੀਰ ਨੂੰ ਨੁਕਸਾਨ ਪਹੁੰਚਾਉਂਦੀ ਹੈ। ਖਾਲੀ ਪੇਟ ਚਾਹ ਕਦੀ ਨਾ ਪੀਓ।



ਸਵੇਰ ਦੀ ਸ਼ੁਰੂਆਤ ਇਕ ਗਿਲਾਸ ਨਿੰਬੂ ਪਾਣੀ ਨਾਲ ਕਰੋ। ਇਸ ਨਾਲ ਸਰੀਰ ਦੇ ਜ਼ਹਿਰੀਲੇ ਤੱਤ ਬਾਹਰ ਨਿਕਲ ਜਾਂਦੇ ਹਨ ਅਤੇ ਸਾਡੀ ਰੋਗਾਂ ਨਾਲ ਲੜਨ ਦੀ ਸ਼ਕਤੀ ਵਿਚ ਵੀ ਵਾਧਾ ਹੁੰਦਾ ਹੈ।ਜੇਕਰ ਚਾਹ ਪੀਣੀ ਹੈ, ਤਾਂ ਨਿੰਬੂ ਪਾਣੀ ਪੀਣ ਤੋਂ ਇਕ ਘੰਟੇ ਬਾਅਦ ਗ੍ਰੀਨ ਟੀ ਪੀਓ।

ਉੱਠਦਿਆਂ ਹੀ ਮੋਬਾਈਲ ਦੀ ਵਰਤੋਂ ਕਰਨਾ : ਬਹੁਤ ਸਾਰੇ ਲੋਕਾਂ ਦੀ ਆਦਤ ਹੁੰਦੀ ਹੈ ਕਿ ਉੱਠਦਿਆਂ ਹੀ ਫੋਨ ਚੁੱਕਦੇ ਹਨ ਅਤੇ ਆਪਣੀ ਈ-ਮੇਲ, ਮੈਸੇਜ ਜਾਂਚਣੇ ਸ਼ੁਰੂ ਕਰ ਦਿੰਦੇ ਹਨ। ਇਹ ਆਦਤ ਤੁਹਾਨੂੰ ਤਣਾਅ ਦੇ ਸਕਦੀ ਹੈ। ਸਵੇਰੇ ਤਣਾਅ ਦਾ ਅਰਥ ਹੈ ਕਿ ਦਿਨ ਭਰ ਦਾ ਤਣਾਅ। ਇਸ ਲਈ ਉੱਠਦਿਆਂ ਹੀ ਮੋਬਾਈਲ ਨਾ ਦੇਖੋ।

ਨਾਸ਼ਤਾ ਜ਼ਰੂਰ ਕਰੋ : ਮਾਹਿਰਾਂ ਅਨੁਸਾਰ ਸਵੇਰ ਦਾ ਨਾਸ਼ਤਾ ਨਾ ਕਰਨਾ ਸਾਡੇ ਸਰੀਰ ਵਿਚ ਤਣਾਅ ਨੂੰ ਵਧਾਉਂਦਾ ਹੈ, ਜਿਸ ਨਾਲ ਮੋਟਾਪਾ, ਸ਼ੂਗਰ ਵਰਗੀਆਂ ਬਿਮਾਰੀਆਂ ਪੈਦਾ ਹੁੰਦੀਆਂ ਹਨ ਅਤੇ ਸਰੀਰ ਦੀ ਰੋਗਾਂ ਨਾਲ ਲੜਨ ਦੀ ਤਾਕਤ ਵਿਚ ਕਮੀ ਆਉਂਦੀ ਹੈ। ਇਸ ਦਾ ਕਾਰਨ ਹੈ ਰਾਤ ਦੇ ਭੋਜਨ ਤੋਂ ਬਾਅਦ ਜੇਕਰ ਸਵੇਰ ਦਾ ਨਾਸ਼ਤਾ ਨਾ ਕੀਤਾ ਜਾਵੇ ਤਾਂ ਦੁਪਹਿਰ ਤੱਕ ਦੇ ਸਮੇਂ ਦਾ ਕਾਫ਼ੀ ਫਰਕ ਹੋਣ ਕਾਰਨ ਬਲੱਡ ਪ੍ਰੈਸ਼ਰ ਦਾ ਪੱਧਰ ਘੱਟ ਹੋ ਜਾਂਦਾ ਹੈ, ਜੋ ਸਿਹਤ ਲਈ ਨੁਕਸਾਨਦਾਇਕ ਹੁੰਦਾ ਹੈ। ਉੱਠਣ ਤੋਂ ਇਕ ਘੰਟੇ ਦੇ ਅੰਦਰ ਕੁਝ ਨਾ ਕੁਝ ਜ਼ਰੂਰ ਖਾਓ ਤਾਂ ਕਿ ਸਰੀਰ ਵਿਚ ਊਰਜਾ ਦਾ ਸੰਚਾਰ ਬਣਿਆ ਰਹੇ। ਭਿੱਜੇ ਬਦਾਮ, ਚਾਹ ਬਿਸਕੁਟ, ਫਲ, ਬ੍ਰੈੱਡ, ਚਾਹ ਲੈ ਸਕਦੇ ਹੋ।

ਮੁਸਕਰਾਉਂਦੇ ਹੋਏ ਉੱਠੋ : ਮੁਸਕਰਾਉਣ ਵਿਚ ਕਦੀ ਵੀ ਕੰਜੂਸੀ ਨਾ ਕਰੋ। ਮਾਹਿਰਾਂ ਅਨੁਸਾਰ ਸਵੇਰੇ ਆਪਣੇ ਬੁੱਲ੍ਹਾਂ 'ਤੇ ਮੁਸਕਾਨ ਲਿਆਓ ਤਾਂ ਕਿ ਦਿਨ ਭਰ ਤੁਸੀਂ ਮੁਸਕਰਾਉਂਦੇ ਰਹੋ। ਬਹੁਤ ਸਾਰੇ ਲੋਕ ਲਾਫਟਰ ਕਲੱਬ ਦੇ ਮੈਂਬਰ ਹੁੰਦੇ ਹਨ, ਜਿਥੇ ਉਹ ਖੁੱਲ੍ਹ ਕੇ ਹੱਸਦੇ ਹਨ। ਹੱਸਣ ਨਾਲ ਸਾਡਾ ਤਣਾਅ ਦੂਰ ਹੁੰਦਾ ਹੈ, ਦਿਲ ਦੀ ਧੜਕਣ ਸਹੀ ਬਣੀ ਰਹਿੰਦੀ ਹੈ, ਬਲੱਡ ਪ੍ਰੈਸ਼ਰ 'ਤੇ ਕੰਟਰੋਲ ਰਹਿੰਦਾ ਹੈ, ਸਾਡੀ ਰੋਗਾਂ ਨਾਲ ਲੜਨ ਦੀ ਸ਼ਕਤੀ ਵਧਦੀ ਹੈ। ਏਨਾ ਕੁਝ ਪਾਉਣ ਲਈ ਥੋੜ੍ਹਾ ਜਿਹਾ ਮੁਸਕਰਾਉਣਾ ਜ਼ਰੂਰੀ ਹੋ ਜਾਂਦਾ ਹੈ।

ਲਗਾਤਾਰ ਕਸਰਤ ਕਰੋ : ਖ਼ੁਦ ਨੂੰ ਫਿੱਟ ਰੱਖਣ ਲਈ ਕਸਰਤ ਚਾਰ ਮੁੱਖ ਥੰਮ੍ਹਾਂ ਵਿਚੋਂ ਇਕ ਹੈ। ਚਾਰ ਥੰਮ੍ਹ ਹਨ-ਪੌਸ਼ਟਿਕ ਭੋਜਨ, ਸਾਕਾਰਾਤਮਕ ਸੋਚ, ਕਸਰਤ ਅਤੇ ਆਰਾਮ। ਇਕ ਵੀ ਥੰਮ੍ਹ ਅਸੀਂ ਨਜ਼ਰਅੰਦਾਜ਼ ਕਰਾਂਗੇ ਤਾਂ ਸਾਡੀ ਸਿਹਤ 'ਤੇ ਗ਼ਲਤ ਪ੍ਰਭਾਵ ਪਵੇਗਾ, ਜੋ ਸਾਡੀ ਸਿਹਤ ਨੂੰ ਨੁਕਸਾਨ ਪਹੁੰਚਾਏਗਾ। ਸੈਰ, ਜਾਗਿੰਗ, ਯੋਗਾ, ਪ੍ਰਾਣਾਯਾਮ ਜਾਂ ਕੋਈ ਹੋਰ ਕਸਰਤ ਅੱਧੇ ਘੰਟੇ ਲਈ ਹਰ ਰੋਜ਼ ਜ਼ਰੂਰ ਕਰੋ। ਇਨ੍ਹਾਂ ਨੂੰ ਵੀ ਆਪਣੀ ਰੋਜ਼ਮਰ੍ਹਾ ਦਾ ਹਿੱਸਾ ਬਣਾਓ।

ਨੀਤੂ ਗੁਪਤਾ

# ਸਿਹਤ ਲਈ ਨੁਕਸਾਨਦੇਹ ਹਨ ਪਲਾਸਟਿਕ ਅਤੇ ਪਾਲੀਥੀਨ

ਅੱਜ ਦੇ ਯੁੱਗ ਨੂੰ ਜੇਕਰ ਪਲਾਸਿਟਕ ਯੁੱਗ ਕਿਹਾ ਜਾਵੇ ਤਾਂ ਇਸ ਨੂੰ ਗ਼ਲਤ ਨਹੀਂ ਕਿਹਾ ਜਾ ਸਕਦਾ। ਬੱਚਿਆਂ ਦੇ ਖਿਡੌਣੇ ਤੋਂ ਲੈ ਕੇ ਸਬਜ਼ੀ ਲੈਣ ਤੱਕ ਲਈ ਅੱਜ ਪਲਾਸਿਟਕ ਦੀ ਹੀ ਵਰਤੋਂ ਹੋ ਰਹੀ ਹੈ।

ਵਿਗਿਆਨਕ ਖੋਜਾਂ ਤੋਂ ਪਲਾਸਟਿਕ ਦੀ ਵਰਤੋਂ ਕਰਨ ਨਾਲ ਹੈਰਾਨ ਕਰਨ ਵਾਲੇ ਜਿਨ੍ਹਾਂ ਤੱਥਾਂ ਦਾ ਪਤਾ ਲੱਗਿਆ ਹੈ, ਉਹ ਸਿਰਫ ਹੈਰਾਨੀਜਨਕ ਤੱਥ ਹੀ ਨਹੀਂ ਸਗੋਂ ਪੂਰੀ ਤਰ੍ਹਾਂ ਨਾਲ ਮਨੁੱਖ ਲਈ ਇਕ ਚਿਤਾਵਨੀ ਵੀ ਹੈ ਜਿਸ ਨੂੰ ਨਾ ਮੰਨਣ ਦਾ ਨਤੀਜਾ ਮਹਾਂਵਿਨਾਸ਼ ਵੀ ਹੋ ਸਕਦਾ ਹੈ। ਵਾਤਾਵਰਨ ਮਾਹਿਰਾਂ ਨੂੰ ਡਰ ਹੈ ਕਿ ਜ਼ਮੀਨ 'ਤੇ ਫੈਲੇ ਸਿੰਥੈਟਿਕ ਕੂੜੇ-ਕਰਕਟ ਦੀ ਮਾਤਰਾ, ਰੌਸ਼ਨੀ ਸੰਸ਼ਲੇਸ਼ਣ ਦੀ ਮਹੱਤਵਪੂਰਨ ਪ੍ਰਕਿਰਿਆ ਨੂੰ ਪ੍ਰਭਾਵਿਤ ਕਰ ਸਕਦੀ ਹੈ, ਜਿਸ ਨਾਲ ਕਾਰਬਨ ਡਾਈਆਕਸਾਈਡ, ਕਾਰਬੋਹਾਈਡ੍ਰੇਟ ਅਤੇ ਰੁੱਖ ਪ੍ਰਭਾਵਿਤ ਹੋ ਸਕਦੇ ਹਨ। ਨਤੀਜੇ ਵਜੋਂ ਮਨੁੱਖ ਨੂੰ ਅਨੇਕਾਂ ਗੰਭੀਰ ਬਿਮਾਰੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਪਲਾਸਟਿਕ ਇਕ ਇਸ ਤਰ੍ਹਾਂ ਦਾ ਪਦਾਰਥ ਹੈ ਜੋ ਨਾ ਤਾਂ ਪਾਣੀ ਵਿਚ ਘੁਲ ਕੇ ਖ਼ਤਮ ਹੋ ਸਕਦਾ ਹੈ ਅਤੇ ਨਾ ਹੀ ਜ਼ਮੀਨ ਅੰਦਰ ਦੱਬ ਕੇ ਹੀ। ਇਕ ਅਮਰੀਕੀ ਡਾਕਟਰ ਡੀ. ਲਾਈਸਟ ਦਾ ਮੰਨਣਾ ਹੈ ਕਿ ਪਲਾਸਟਿਕ ਓਨਾ ਹੀ ਖ਼ਤਰਨਾਕ ਹੁੰਦਾ ਹੈ ਜਿੰਨਾ ਸਮੁੰਦਰ ਵਿਚ ਵਗਦਾ ਹੋਇਆ ਤੇਲ ਅਤੇ ਜ਼ਹਿਰੀਲੇ ਰਸਾਇਣ।

ਹਰ ਥਾਂ, ਹਰ ਕੋਨੇ ਤੋਂ ਕੂੜੇ ਦੇ ਹਰ ਕਚਰੇ ਵਿਚ ਪਲਾਸਟਿਕ ਹੀ ਪਲਾਸਟਿਕ ਨਜ਼ਰ ਆਉਣ ਲੱਗਾ ਹੈ। ਇਸ ਨੂੰ ਖ਼ਤਮ ਕਰਨ ਦੀ ਸਮੱਸਿਆ ਹਰ ਦਿਨ ਭਿਆਨਕ ਹੁੰਦੀ ਜਾ ਰਹੀ ਹੈ ਕਿਉਂਕਿ ਇਹ ਨਾ ਤਾਂ ਜ਼ਮੀਨ ਦੀ ਮਿੱਟੀ ਵਿਚ ਹੀ ਗਲਦਾ ਹੈ ਅਤੇ ਨਾ ਹੀ ਪਾਣੀ ਵਿਚ ਸੜ ਕੇ ਖ਼ਤਮ ਹੁੰਦਾ ਹੈ। ਜ਼ਮੀਨ ਵਿਚ ਮਿਲ ਕੇ ਇਹ ਜ਼ਮੀਨ ਦੀ ਪੈਦਾਵਰ ਸ਼ਕਤੀ ਨੂੰ ਘੱਟ ਕਰ ਦਿੰਦਾ ਹੈ ਅਤੇ ਉਸ ਨੂੰ ਬੰਜਰ ਬਣਾ ਦਿੰਦਾ ਹੈ। ਏਨੇ ਵੱਡੇ ਪਲਾਸਟਿਕ ਦੇ ਕੂੜੇ ਨੂੰ ਸਾੜ ਕੇ ਵੀ ਖ਼ਤਮ ਨਹੀਂ ਕੀਤਾ ਜਾ ਸਕਦਾ ਕਿਉਂਕਿ ਸਾੜ ਕੇ ਵੀ ਇਹ ਆਪਣੇ ਪਿੱਛੇ



ਹਾਈਡੋਕਾਰਬਨ ਦੀਆਂ ਜ਼ਹਿਰੀਲੀਆਂ ਗੈਸਾਂ ਨੂੰ ਛੱਡ ਕੇ ਹਵਾ ਪ੍ਰਦੂਸ਼ਣ ਨੂੰ ਜਨਮ ਦੇਣ ਵਾਲਾ ਹੁੰਦਾ ਹੈ।

ਰਸੋਈ ਘਰ ਵਿਚ ਵਰਤੋਂ ਆਉਣ ਵਾਲੇ ਪਲਾਸਟਿਕ ਦੇ ਛੋਟੇ-ਛੋਟੇ ਰੰਗੀਨ ਡੱਬਿਆਂ ਵਿਚ ਹਲਦੀ, ਮਿਰਚ ਅਤੇ ਲੂਣ ਭਰ ਕੇ ਰੱਖਿਆ ਜਾਂਦਾ ਹੈ। ਇਹ ਪਦਾਰਥ ਪਲਾਸਟਿਕ ਦੇ ਰਸਾਇਣਕ ਤੱਤਾਂ ਨੂੰ ਆਪਣੇ ਵਿਚ ਖਿੱਚ ਲੈਂਦਾ ਹੈ ਅਤੇ ਖ਼ੁਦ ਦੂਸ਼ਿਤ ਹੋ ਜਾਂਦਾ ਹੈ। ਜੇਕਰ ਇਨ੍ਹਾਂ ਪਲਾਸਟਿਕ ਦੇ ਡੱਬਿਆਂ ਵਿਚ ਰੱਖੇ ਹੋਏ ਇਨ੍ਹਾਂ ਪਦਾਰਥਾਂ ਦੇ ਲਗਾਤਾਰ ਘੱਟ ਤੋਂ ਘੱਟ ਤਿੰਨ ਸਾਲਾਂ ਤੱਕ ਵਰਤੋਂ ਕੀਤੀ ਜਾਵੇ ਤਾਂ ਇਸ ਦੇ ਮਾੜੇ ਪ੍ਰਭਾਵ ਨਾਲ ਚਮੜੀ ਰੋਗ, ਸਾਹ ਰੋਗ ਆਦਿ ਅਨੇਕ ਰੋਗ ਸੌਖਿਆਂ ਹੀ ਮਨੁੱਖ ਨੂੰ ਘੇਰ ਲੈਂਦੇ ਹਨ।

ਪਾਲੀਥੀਨ ਦੀ ਪਤਲੀ ਥੈਲੀ ਵਿਚ ਦਹੀਂ, ਦੁੱਧ, ਚਾਟ, ਚਟਨੀ ਆਦਿ ਨੂੰ ਰੱਖ ਕੇ ਖਾਣਾ ਬਹੁਤ ਹਾਨੀਕਾਰਕ ਤਾਂ ਹੁੰਦਾ ਹੀ ਹੈ ਕਿਉਂਕਿ ਇਹ ਸਭ ਵਸਤਾਂ ਦੇ ਵਿਸ਼ੈਲੇ ਰਸਾਇਣਾਂ ਨੂੰ ਬੜੀ ਛੇਤੀ ਨਾਲ ਖਿੱਚ ਕੇ ਆਪਣੇ ਵਿਚ ਮਿਲਾ ਲੈਂਦੀਆਂ ਹਨ। ਇਸ ਦੇ ਸਿੱਟੇ ਵਜੋਂ ਗਠੀਆ, ਸਾਹ ਰੋਗ, ਚਮੜੀ ਰੋਗ, ਦਿਲ ਦੇ ਰੋਗ ਆਦਿ ਅਨੇਕ ਭਿਆਨਕ ਬਿਮਾਰੀਆਂ ਦੇ ਜਨਮ ਹੁੰਦੇ ਹਨ। ਦੁਬਾਰਾ ਵਰਤੋਂ ਵਿਚ ਲਿਆਂਦਾ ਪਲਾਸਟਿਕ ਸਿਹਤ ਲਈ ਬਹੁਤ ਜ਼ਿਆਦਾ ਹਾਨੀਕਾਰਕ ਹੁੰਦਾ ਹੈ।

ਪਲਾਸਟਿਕ ਦੇ ਮਾੜੇ ਪ੍ਰਭਾਵਾਂ ਤੋਂ ਬਚਣ ਲਈ ਇਹ ਜ਼ਰੂਰੀ ਹੈ ਕਿ ਸਮੇਂ ਰਹਿੰਦਿਆਂ ਖ਼ੁਦ ਨੂੰ ਜਾਗਰੂਕ ਕੀਤਾ ਜਾਵੇ ਅਤੇ ਇਸ ਹਾਨੀਕਾਰਕ ਵਸਤ ਨੂੰ ਘੱਟੋ-ਘੱਟ ਰਸੋਈ ਘਰ ਅਤੇ ਇਸ਼ਨਾਨ ਘਰ ਦਾ ਸਾਥੀ ਤਾਂ ਬਿਲਕੁਲ ਨਾ ਬਣਾਇਆ ਜਾਵੇ।

ਆਨੰਦ ਕੁਮਾਰ ਅਨੰਤ

# ਖੰਘ ਨੂੰ ਹਲਕੇ 'ਚ ਨਾ ਲਓ



ਉਂਜ ਤਾਂ ਸਾਨੂੰ ਸਭ ਨੂੰ ਕਦੀ ਨਾ ਕਦੀ ਖੰਘ, ਗਲੇ ਦੀ ਖਰਾਸ਼ ਜਾਂ ਖ਼ਰਾਬ ਗਲੇ ਦੀ ਸਮੱਸਿਆ ਹੋ ਹੀ ਜਾਂਦੀ ਹੈ ਪਰ ਕਦੀ-ਕਦੀ ਇਸ ਖੰਘ ਅਤੇ ਖਰਾਸ਼ ਨਾਲ ਰਹਿਊਮੈਟਿਕ ਦਿਲ ਦਾ ਰੋਗ ਵੀ ਹੋ ਜਾਂਦਾ ਹੈ। ਪਿਛਲੇ ਕੁਝ ਸਮੇਂ ਤੋਂ ਇਹ ਸਮੱਸਿਆ ਵਧਦੀ ਹੀ ਜਾ ਰਹੀ ਹੈ।

ਇਹ ਸਮੱਸਿਆ ਪਹਿਲਾਂ ਕਾਫੀ ਛੋਟੀ ਉਮਰ 'ਚ ਸ਼ੁਰੂ ਹੋ ਜਾਂਦੀ ਹੈ ਅਤੇ 5 ਤੋਂ 15 ਸਾਲ ਦੀ ਉਮਰ ਤੱਕ ਇਸ ਦਾ ਕਹਿਰ ਵਧੇਰੇ ਹੋ ਜਾਂਦਾ ਹੈ। ਸੰਸਾਰ ਭਰ ਵਿਚ ਰਹਿਊਮੈਟਿਕ ਦਿਲ ਦੇ ਰੋਗੀ ਮਰੀਜ਼ਾਂ ਵਿਚੋਂ 30 ਫ਼ੀਸਦੀ ਲੋਕ ਭਾਰਤ ਵਿਚ ਹੀ ਹਨ। ਸਾਡੇ ਦੇਸ਼ 'ਚ ਲਗਭਗ 30 ਲੱਖ ਬੱਚੇ ਇਸ ਬਿਮਾਰੀ ਨਾਲ ਪੀੜਤ ਹਨ ਅਤੇ ਇਨ੍ਹਾਂ ਵਿਚ 25 ਫ਼ੀਸਦੀ ਬੱਚਿਆਂ ਨੂੰ ਦਿਲ ਦੇ ਆਪ੍ਰੇਸ਼ਨ ਦੀ ਜ਼ਰੂਰਤ ਹੈ। ਰਹਿਊਮੈਟਿਕ ਦਿਲ ਰੋਗ ਖ਼ਰਾਬ ਗ਼ਲੇ ਤੋਂ ਹੀ ਸ਼ੁਰੂ ਹੁੰਦਾ ਹੈ। ਬਾਅਦ ਵਿਚ ਜੋੜਾਂ ਵਿਚ ਦਰਦ ਸ਼ੁਰੂ ਹੋ ਜਾਂਦੀ ਹੈ ਅਤੇ ਰਹਿਊਮੈਟਿਕ ਬੁਖਾਰ ਸ਼ੁਰੂ ਹੋ ਜਾਂਦਾ ਹੈ, ਜਿਸ ਨਾਲ ਦਿਲ ਦੇ ਵਾਲਵ ਖ਼ਰਾਬ ਹੋ ਸਕਦੇ ਹਨ। ਦਿਲ, ਦਿਮਾਗ ਜਾਂ ਸਰੀਰ ਦੇ ਜੋੜਾਂ 'ਤੇ ਅਸਰ ਹੋ ਸਕਦਾ ਹੈ ਪਰ ਇਹ 5 ਤੋਂ 15 ਸਾਲ ਦੇ ਬੱਚਿਆਂ ਨੂੰ ਵਧੇਰੇ ਹੁੰਦਾ ਹੈ। ਇਸ ਦਾ ਅਸਰ ਬੱਚਿਆਂ ਦੇ ਸੁਸਤ ਹੋਣ ਤੋਂ ਹੀ ਪਤਾ ਲਗਦਾ ਹੈ।

ਰਹਿਊਮੈਟਿਕ ਦਿਲ ਦੇ ਰੋਗ ਤੋਂ ਬਚਣ ਦਾ ਸੌਖਾ ਤਰੀਕਾ ਇਹੀ ਹੈ ਕਿ ਰਹਿਊਮੈਟਿਕ ਬੁਖਾਰ ਹੋਣ ਹੀ ਨਾ ਦਿਓ, ਇਸ ਲਈ ਜਦੋਂ ਵੀ ਬੱਚੇ ਦਾ ਗਲਾ ਖ਼ਰਾਬ ਹੋਵੇ, ਖਾਣਾ ਖਾਣ 'ਚ ਮੁਸ਼ਕਿਲ ਹੋਵੇ, ਜਬਾੜੇ ਹੇਠਾਂ ਸੋਜ ਹੋਵੇ, ਬੁਖਾਰ, ਸਿਰਦਰਦ ਆਦਿ ਦੀ ਸ਼ਿਕਾਇਤ ਹੋਵੇ ਤਾਂ ਬੱਚਿਆਂ ਦੇ ਮਾਹਿਰ ਡਾਕਟਰ ਨੂੰ ਦਿਖਾਇਆ ਜਾਣਾ ਚਾਹੀਦਾ ਹੈ। ਗਲਾ ਖ਼ਰਾਬ ਹੋਣ 'ਤੇ ਜਾਂ ਇਨ੍ਹਾਂ ਵਿਚੋਂ ਕੁਝ ਲੱਛਣ ਹੋਣ 'ਤੇ ਡਾਕਟਰ ਵਲੋਂ ਹੀ ਸਹੀ ਇਲਾਜ ਕੀਤਾ ਜਾ ਸਕਦਾ ਹੈ। ਐਂਟੀਬਾਇਓਟਿਕ ਦਵਾਈਆਂ ਦੀ ਸਹਾਇਤਾ ਨਾਲ ਗ਼ਲੇ ਦੀ ਬਿਮਾਰੀ 'ਤੇ ਕਾਬੂ ਪਾ ਕੇ ਰਹਿਊਮੈਟਿਕ ਬੁਖਾਰ ਤੋਂ ਬਚਿਆ ਜਾ ਸਕਦਾ ਹੈ। -ਅਸ਼ੋਕ ਗੁਪਤਾ

# ਰੋਗਾਂ ਤੋਂ ਛੁਟਕਾਰਾ ਪਾਉਣ ਲਈ ਜ਼ਰੂਰੀ ਹੈ ਯੋਗਿਕ ਜੀਵਨ ਸ਼ੈਲੀ



ਖਾਣਾ ਖਾਣ ਤੋਂ ਬਾਅਦ ਜੇਕਰ ਹੋ ਸਕੇ 2 ਤੋਂ 10 ਮਿੰਟ ਤੱਕ ਬੱਜਰ ਆਸਣ ਵਿਚ ਬੈਠੋ ਜਾਂ ਖੱਬਾ ਪਾਸਾ ਲੈ ਕੇ ਲੇਟ ਜਾਓ, ਜਿਸ ਨਾਲ ਪਾਚਨ ਪ੍ਰਕਿਰਿਆ ਵਿਚ ਤੇਜ਼ੀ ਆ ਸਕੇ। ਖਾਣਾ ਖਾਣ ਤੋਂ ਬਾਅਦ ਸੌਣਾ ਜਾਂ ਕੋਈ ਵੀ ਸਰੀਰਕ ਅਤੇ ਮਾਨਸਿਕ ਕੰਮ ਨਹੀਂ ਕਰਨਾ ਚਾਹੀਦਾ ਨਹੀਂ ਤਾਂ ਅਮੱਲਤਾ, ਬਦਹਜ਼ਮੀ, ਗੈਸ ਥਕਾਵਟ, ਧੜਕਨ ਵਧਣਾ, ਉੱਚ ਖ਼ੂਨ ਦਬਾਅ, ਅਤੇ ਦਿਲ ਦੇ ਹੋਰ ਰੋਗਾਂ ਵਿਚ ਵਾਧਾ ਹੋ ਸਕਦਾ ਹੈ। ਖਾਣਾ ਖਾਣ ਤੋਂ ਬਾਅਦ 2-3 ਘੰਟੇ ਤਕ ਆਰਾਮ ਕਰੋ ਜਾਂ ਕੋਈ ਵੀ ਕੰਮ ਘਟ ਮਿਹਨਤ ਵਾਲਾ ਸਰੀਰਕ ਜਾਂ ਮਾਨਸਿਕ ਕੰਮ ਹੀ ਕਰੋ ਪਰ ਭਾਰਾ ਕੰਮ ਬਿਲਕੁਲ ਨਾ ਕਰੋ। ਖਾਣਾ ਖਾਂਦੇ ਹੋਏ ਅਤੇ ਇਸ ਤੋਂ 2-3 ਘੰਟੇ ਬਾਅਦ ਤੱਕ ਖੱਬੇ ਨੱਕ ਦੀ ਥਾਂ ਸੱਜੇ ਨੱਕ ਵਲੋਂ ਜ਼ਿਆਦਾ ਸਾਹ ਲੈਣਾ ਚਾਹੀਦਾ ਹੈ ਤਾਂ ਕਿ ਪਾਚਨ-ਕਿਰਿਆ ਸਹੀ ਢੰਗ ਨਾਲ ਹੋ ਸਕੇ। ਭੋਜਨ ਕਰਨ ਦੇ 20 ਮਿੰਟ ਬਾਅਦ ਇਕ ਗਿਲਾਸ ਸਾਫ਼ ਸਾਦਾ ਪਾਣੀ ਜ਼ਰੂਰ ਪੀਣਾ ਚਾਹੀਦਾ ਹੈ ਤਾਂ ਕਿ ਪਾਚਨ ਕਿਰਿਆ ਆਸਾਨੀ ਨਾਲ ਪੂਰੀ ਹੋ ਸਕੇ। ਖਾਣਾ ਖਾਣ ਤੋਂ ਬਾਅਦ 1-2 ਘੰਟੇ ਤੇਜ਼ ਧੁੱਪ, ਤੇਜ਼ ਠੰਢ ਜਾਂ ਮੀਂਹ ਵਿਚ ਭਿੱਜਣ ਤੋਂ ਬਚਣਾ ਚਾਹੀਦਾ ਹੈ ਤਾਂ ਕਿ ਵਧ-ਘਟ ਰਹੇ ਤਾਪਕ੍ਰਮ ਦੇ ਕਾਰਨ ਪਾਚਨ ਕਿਰਿਆ ਵਿਚ ਗੜਬੜੀ ਨਾ ਹੋ ਸਕੇ। ਖਾਣਾ ਖਾਣ ਦੇ ਬਾਅਦ 6 ਘੰਟੇ ਤੱਕ ਕੁਝ ਵੀ ਨਹੀਂ ਖਾਣਾ ਚਾਹੀਦਾ ਅਤੇ ਇਸ ਤੋਂ ਬਾਅਦ ਹਲਕਾ-ਫੁਲਕਾ ਸਲਾਦ, ਫਲ, ਦੁੱਧ, ਪੁੰਗਰਿਆ ਅਨਾਜ ਜਾਂ ਕੋਈ ਹੋਰ ਕੁਝ ਖਾਣਾ ਚਾਹੀਦਾ ਹੈ। ਕਬਜ਼ ਤੋਂ ਬਚਣ ਲਈ ਦਿਨ ਵਿਚ ਖਾਣਾ ਖਾਣ ਦੇ 6 ਘੰਟੇ ਬਾਅਦ ਪਖਾਨਾ ਜਾਣ ਦੀ ਆਦਤ ਬਣਾਉਣੀ ਚਾਹੀਦੀ ਹੈ। ਪਖਾਨਾ ਜਾਣ ਤੋਂ ਤੁਰੰਤ ਪਹਿਲਾਂ ਜਾਂ ਬਾਅਦ ਵਿਚ ਪਾਣੀ ਨਹੀਂ ਪੀਣਾ ਚਾਹੀਦਾ। ਨਾਸ਼ਤੇ ਦੇ ਤਿੰਨ ਘੰਟੇ ਬਾਦ ਫਿਰ ਭੋਜਨ ਕਰਨਾ ਚਾਹੀਦਾ ਹੈ। ਨਹੀਂ ਤਾਂ ਪੇਟ ਖ਼ਾਲੀ ਰਹਿਣ ਨਾਲ ਤੇਜ਼ਾਬੀਪਣ, ਗੈਸ, ਕਬਜ਼, ਮਾਨਸਿਕ ਤਣਾਅ ਜਾਂ ਪਾਚਣ ਕਿਰਿਆ ਵਿਚ ਗੜਬੜੀ ਪੈਦਾ ਹੋ ਸਕਦੀ ਹੈ।

# ਨਰੋਈਆਂ ਅਧਿਆਤਮਕ ਭਾਵਨਾਵਾਂ ਦਾ ਸਿਖ਼ਰ ਗੁਰੂ ਹਰਿਰਾਇ ਜੀ

**ਪ੍ਰਕਾਸ਼ ਪੁਰਬ 'ਤੇ ਵਿਸ਼ੇਸ**

ਮਨੁੱਖੀ ਹੋਂਦ ਲਈ ਸਨਮਾਨ, ਹਰ ਜੀਵ 'ਤੇ ਪ੍ਰੇਮ-ਪੂਰਨ ਦ੍ਰਿਸ਼ਟੀ, ਕੁਦਰਤ ਨਾਲ ਨਿੱਘੀ ਸਾਂਝ, ਪ੍ਰਭੂ ਨਾਲ ਇਕਰਸਤਾ ਤੇ ਮੁੱਢਲੇ ਜੀਵਨ ਅਸੂਲਾਂ 'ਤੇ ਅਡੋਲਤਾ ਦਾ ਸੁਮੇਲ ਭਗਤੀ ਦਾ ਉਹ ਮਨਮੋਹਕ ਪਰ ਦੁਰਲਭ ਪੱਖ ਹੈ ਜੋ ਗੁਰੂ ਹਰਿਰਾਇ ਸਾਹਿਬ ਦੇ ਸੰਸਾਰਕ ਜੀਵਨ ਨੂੰ ਸਮੁੱਚੀ ਮਨੁੱਖਤਾ ਲਈ ਪ੍ਰੇਰਣਾਦਾਈ ਬਣਾਉਂਦਾ ਹੈ।

ਗੁਰੂ ਹਰਿਰਾਇ ਸਾਹਿਬ ਦੇ ਜੀਵਨ ਦਾ ਹਰ ਰੰਗ ਵਿਸਮਾਦ ਜਨਕ ਹੈ। ਉਸ ਵਿਸਮਾਦ ਤੋਂ ਪਰਮਾਤਮਾ ਦੇ ਪ੍ਰਤਿਪਾਲਕ ਰੂਪ ਦੇ ਜੋ ਵਿਲੱਖਣ ਰੰਗ ਉਭਰਦੇ ਹਨ ਉਹ ਸਦਾ ਸਿਮਰਨਯੋਗ ਹਨ। ਗੁਰੂ ਜੀ ਨੇ ਮਨ ਦੀਆਂ ਗਹਿਰਾਈਆਂ ਨੂੰ ਭਗਤੀ ਦੇ ਨਾਲ ਹੀ ਉੱਚੀਆਂ, ਸੁੱਚੀਆਂ ਕਦਰਾਂਕੀਮਤਾਂ ਦਾ ਨਿਰਮਲ ਤਪ ਅਸਥਾਨ ਬਣਾਉਣ ਦੀ ਰਾਹ ਵਿਖਾਈ। ਆਪ ਦੇ ਗੁਰਗੱਦੀ ਤੇ ਬਿਰਾਜਮਾਨ ਹੋਣ ਤੋਂ ਪਹਿਲਾਂ ਸਿੱਖ ਪੰਥ ਦੇ ਸਰੂਪ 'ਚ ਵੱਡੀ ਤਬਦੀਲੀ ਆ ਚੁੱਕੀ ਸੀ। ਗੁਰੂ ਅਰਜਨ ਦੇਵ ਜੀ ਦੀ ਲਾਹੌਰ ਅੰਦਰ ਸ਼ਹੀਦੀ ਤੇ ਗੁਰੂ ਹਰਿਗੋਬਿੰਦ ਸਾਹਿਬ ਦਾ ਸ਼ਸਤਰ ਧਾਰਨ ਕਰਨਾ ਚੁਣੌਤੀਆਂ ਦਾ ਮੁਕਾਬਲਾ ਕਰਨ ਲਈ ਹਰ ਹਾਲ 'ਚ ਤਿਆਰ-ਬਰ-ਤਿਆਰ ਰਹਿਣ ਦਾ ਸੰਕੇਤ ਸੀ। ਜਦੋਂ ਕੋਈ ਤਬਦੀਲੀ ਆਉਂਦੀ ਹੈ ਤਾਂ ਕਈ ਸੰਕਟ ਵੀ ਪੈਦਾ ਹੋ ਜਾਂਦੇ ਹਨ ਜੋ ਅਸਲ ਦਿਸ਼ਾ ਹੀ ਬਦਲ ਦਿੰਦੇ ਹਨ। ਗੁਰੂ ਹਰਿਰਾਇ ਜੀ ਨੇ ਗੁਰੂ ਨਾਨਕ ਸਾਹਿਬ ਦੇ ਮਿਸ਼ਨ ਨੂੰ ਹਰ ਮੁਸ਼ਕਿਲ ਦੌਰ 'ਚੋਂ ਕੱਢਣ ਦਾ ਮਹਾਨ ਉਪਕਾਰ ਕੀਤਾ ਜੋ ਅਦੁੱਤੀ ਸੀ।

ਗੁਰੂ ਹਰਿਰਾਇ ਜੀ ਨੇ ਗੁਰੂ ਹਰਿਗੋਬਿੰਦ ਸਾਹਿਬ ਦੇ ਬਖ਼ਸ਼ੇ ਸ਼ਸਤਰ ਵੀ ਧਾਰਨ ਕੀਤੇ ਤੇ ਗੁਰਸਿੱਖਾਂ ਦੇ ਮਨ ਗੁਰਬਾਣੀ ਤੇ ਪਰਮਾਤਮਾ ਨਾਲ ਵੀ ਜੋੜੇ। ਆਪ ਨੇ ਫ਼ੌਜ ਵੀ ਕਾਇਮ ਰੱਖੀ ਪਰ ਉਸ ਦਾ ਇਸਤੇਮਾਲ ਲੋੜ ਅਨੁਸਾਰ ਸ਼ਰਣ ਆਏ ਦਾਰਾ ਸ਼ਿਕੋਹ ਦੀ ਰੱਖਿਆ ਲਈ ਕੀਤਾ। ਗੁਰੂ ਸਾਹਿਬ ਸ਼ਿਕਾਰ 'ਤੇ ਗਏ ਤਾਂ ਜੀਵ ਨੂੰ ਮਾਰਨ ਦੀ ਥਾਂ ਕਾਬੂ ਕਰਨਾ ਪਸੰਦ ਕੀਤਾ। ਆਪ ਨੇ ਭਗਤੀ ਲਈ ਪ੍ਰੇਰਿਆ ਪਰ ਭਗਤੀ ਨਿਰਾ ਕਰਮਕਾਂਡ ਨਾ ਬਣ ਜਾਏ ਇਸ ਲਈ ਅਜਿਹੇ ਮਨੁੱਖੀ ਆਚਰਣ ਦੀ ਭਾਵਨਾ ਜਗਾਈ ਜੋ ਕਿਸੇ ਵੀ ਮਨੁੱਖ ਦੇ ਮਨ ਨੂੰ ਠੇਸ ਪਹੁੰਚਾਉਣ ਵਾਲੀ ਨਾ ਹੋਵੇ।

ਗੁਰੂ ਹਰਿਰਾਇ ਸਾਹਿਬ ਦਾ 17 ਵਰ੍ਹਿਆਂ ਦਾ ਗੁਰਤਾ ਕਾਲ ਪੰਥ ਨੂੰ ਇਕਜੁੱਟ ਕਰਨ ਵਾਲਾ ਸੀ। ਇਸ ਦੌਰਾਨ ਮੁਗ਼ਲਾਂ ਨਾਲ ਕੋਈ ਸਿੱਧਾ ਸੰਘਰਸ਼ ਨਹੀਂ ਹੋਇਆ ਤੇ ਗੁਰੂ ਸਾਹਿਬ ਨੂੰ ਧਰਮ ਪ੍ਰਚਾਰ ਦਾ ਭਰਪੂਰ ਅਵਸਰ ਮਿਲਿਆ। ਗੁਰੂ ਸਾਹਿਬ ਨੇ ਕਈ ਲੰਬੇ ਦੌਰੇ ਕੀਤੇ ਤੇ ਥਾਂ-ਥਾਂ ਜਾ ਕੇ ਸੰਗਤਾਂ ਨੂੰ ਗੁਰਬਾਣੀ ਤੇ ਪਰਮਾਤਮਾ ਨਾਲ ਜੋੜਿਆ। ਗੁਰੂ ਸਾਹਿਬ ਨੇ ਜਿੱਥੇ ਗੁਰਸਿੱਖੀ ਦੇ ਸਿਧਾਂਤ ਦ੍ਰਿੜ੍ਹ ਕਰਵਾਏ ਉੱਥੇ ਸੰਗਤਾਂ ਦੀਆਂ ਸ਼ੰਕਾਵਾਂ ਵੀ ਦੂਰ ਕੀਤੀਆਂ। ਗੁਰਸਿੱਖੀ ਦੇ ਪ੍ਰਚਾਰ ਲਈ ਚੱਲੀ ਆ ਰਹੀ ਮੰਜੀਆਂ ਤੇ ਮਸੰਦ ਦੀ ਪ੍ਰਣਾਲੀ 'ਚ ਆ ਚੁੱਕੀਆਂ ਖ਼ਾਮੀਆਂ ਦੂਰ ਕਰਣ ਲਈ ਆਪ ਨੇ ਸਿੱਖੀ ਦੇ ਨਵੇਂ ਕੇਂਦਰ ਬਣਾਏ, ਜਿਨ੍ਹਾਂ ਨੂੰ 'ਬਖ਼ਸ਼ਿਸ਼' ਕਿਹਾ ਗਿਆ। ਸਿਦਕੀ ਸਿੱਖਾਂ ਭਾਈ ਸੁਥਰਾ ਸ਼ਾਹ, ਭਾਈ ਸੰਗਤੀਆ ਜੀ, ਭਾਈ ਭਗਤਾ ਗੀਰ ਆਦਿਕ ਨੂੰ ਇਨ੍ਹਾਂ ਕੇਂਦਰਾਂ ਦਾ ਮੁਖੀ ਬਣਾਇਆ ਗਿਆ।

ਗੁਰੂ ਹਰਿਰਾਇ ਜੀ ਨੇ ਭਗਤੀ ਤੇ ਸਿਮਰਨ ਦੇ ਨਾਲ ਲੰਗਰ ਲਗਾਉਣ ਲਈ ਖ਼ਾਸ ਪ੍ਰੇਰਣਾ ਕੀਤੀ। ਆਪ ਕਿਹਾ ਕਰਦੇ ਸਨ ਕਿ ਕੋਈ ਵੀ ਲੋੜਵੰਦ ਕਿਸੇ ਵੀ ਗੁਰਸਿੱਖ ਦੇ ਦਰ ਤੋਂ ਨਿਰਾਸ਼ ਨਹੀਂ ਪਰਤਣਾ ਚਾਹੀਦਾ। ਹਰ ਗੁਰਸਿੱਖ ਦਾ ਫਰਜ਼ ਹੈ ਕਿ ਲੋੜਵੰਦ ਨੂੰ ਲੰਗਰ ਛਕਾਉਣ ਦੇ ਨਾਲ ਉਸ ਦੀਆਂ ਹੋਰ ਜ਼ਰੂਰਤਾਂ ਵੀ ਪੂਰੀਆਂ ਕਰਨ ਦਾ ਯਤਨ ਕਰੇ। ਗੁਰੂ ਸਾਹਿਬ ਦੀ ਪ੍ਰੇਰਨਾ ਨਾਲ ਭਾਈ ਫੇਰੂ ਜੀ ਨੇ ਮੁਲਤਾਨਲਾਹੌਰ ਰੋਡ 'ਤੇ ਡੇਰਾ ਬਣਾਇਆ ਤੇ ਅਤੁੱਟ ਲੰਗਰ ਲਗਾਇਆ ਸੀ, ਜੋ ਦਿਨ ਰਾਤ ਚੱਲਦਾ ਸੀ ਤੇ ਕਦੇ ਬੰਦ ਨਹੀਂ ਸੀ ਹੁੰਦਾ।

ਗੁਰਬਾਣੀ ਦੀ ਵਿਆਖਿਆ ਕਰਨ ਤੇ ਸਿੱਖ ਪੰਥ ਦੇ ਅਸੂਲਾਂ ਨੂੰ ਸਮਝਾਉਣ ਦਾ ਗੁਰੂ ਹਰਿਰਾਇ ਜੀ ਦਾ ਢੰਗ ਬੜਾ ਸਰਲ ਤੇ ਪ੍ਰਭਾਵਸ਼ਾਲੀ ਸੀ। ਬਾਦਸ਼ਾਹ ਸ਼ਾਹਜਹਾਨ ਦੇ ਪੁੱਤਰ ਦਾਰਾ ਸ਼ਿਕੋਹ ਨੂੰ ਰੋਗ ਮੁਕਤ ਕਰਨ ਲਈ ਜਦੋਂ ਗੁਰੂ ਸਾਹਿਬ ਨੇ ਆਪਣੇ ਦਵਾਖ਼ਾਨੇ ਤੋਂ ਮੁਫ਼ੀਦ ਦਵਾਈ ਦੇ ਕੇ ਉਸ



ਦੀ ਜਾਨ ਬਚਾਈ ਤਾਂ ਕੁਝ ਸਿੱਖਾਂ ਦੇ ਮਨ 'ਚ ਸਵਾਲ ਪੈਦਾ ਹੋਏ ਕਿ ਸ਼ਾਹਜਹਾਨ ਤਾਂ ਸਦਾ ਗੁਰੂ ਘਰ ਨਾਲ ਵੈਰ ਕਮਾਉਂਦਾ ਆਇਆ ਹੈ। ਉਸ ਦੀ ਮਦਦ ਗੁਰੂ ਸਾਹਿਬ ਨੇ ਕਿਉਂ ਕੀਤੀ? ਗੁਰੂ ਸਾਹਿਬ ਨੇ ਸਿੱਖਾਂ ਦੀ ਦੁਬਿਧਾ ਦੂਰ ਕਰਦਿਆਂ ਵਚਨ ਕੀਤੇ ਕਿ ਮਨੁੱਖ ਇਕ ਹੱਥ ਨਾਲ ਫੁੱਲ ਤੋੜਦਾ ਹੈ ਤੇ ਦੂੱਜੇ ਹੱਥ ਨਾਲ ਕਿਸ ਹੋਰ ਮਨੁੱਖ ਨੂੰ ਦੇ ਦਿੰਦਾ ਹੈ। ਉਸ ਫੁੱਲ ਦੀ ਸੁਗੰਧ ਮਨੁੱਖ ਦੇ ਦੋਹਾਂ ਹੱਥਾਂ ਵਿਚ ਇੱਕੋ ਜਿਹੀ ਵੱਸ ਜਾਂਦੀ ਹੈ। ਫੁੱਲ ਦੀ ਸੁਗੰਧ ਤੋੜਨ ਵਾਲੇ ਤੇ ਧਾਰਨ ਕਰਨ ਵਾਲੇ ਹੱਥਾਂ ਦਾ ਭੇਦ ਨਹੀਂ ਕਰਦੀ। ਗੁਰੂ ਸਾਹਿਬ ਨੇ ਦੂਜੀ ਮਿਸਾਲ ਦਿੰਦਿਆਂ ਵਚਨ ਕੀਤੇ ਕਿ ਜਿਸ ਕੁਹਾੜੀ ਨਾਲ ਚੰਦਨ ਦਾ ਬਿਰਖ ਕੱਟਿਆ ਜਾਂਦਾ ਹੈ, ਚੰਦਨ ਦੀ ਸੁਗੰਧ ਉਸ ਕੁਹਾੜੀ ਵਿਚ ਵੀ ਵੱਸ ਜਾਂਦੀ ਹੈ। ਸਿੱਖ ਪੰਥ ਵਿਚ ਬਦਲੇ, ਵੈਰ ਲਈ ਕੋਈ ਥਾਂ ਨਹੀ ਹੈ। ਇਸ ਪੰਥ ਦਾ ਸੁਨੇਹਾ ਵੈਰੀ ਲਈ ਵੀ ਭਲਾਈ ਦੀ ਕਾਮਨਾ ਕਰਨਾ ਹੈ। ਗੁਰਬਾਣੀ ਤੇ ਗੁਰੂ ਸਿਧਾਂਤਾਂ ਲਈ ਪੂਰਣ ਸਮਰਪਣ ਦਾ ਗੁਰੂ ਹਰਿਰਾਇ ਸਾਹਿਬ ਦਾ ਫਲਸਫ਼ਾ ਪ੍ਰੇਰਣਾਦਾਈ ਹੀ ਨਹੀਂ ਵਿਉਹਾਰ ਦੇ ਧਰਾਤਲ 'ਤੇ ਵੀ ਖਰਾ ਸਾਬਤ ਹੋਇਆ। ਅਜਿਹੀ ਸ੍ਰੇਸ਼ਟ ਦੀ ਕੋਈ ਦੂਜੀ ਮਿਸਾਲ ਨਹੀਂ ਮਿਲਦੀ। ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਜਦ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰ ਸਰੂਪ ਤਿਆਰ ਕਰਵਾਇਆ ਸੀ, ਗੁਰੂ ਘਰ ਦੇ ਵੈਰੀ ਉਸ ਬਾਰੇ ਸਵਾਲ ਖੜ੍ਹੇ ਕਰ ਰਹੇ ਸਨ। ਸ਼ਾਹਜਹਾਨ ਦੀ ਮੌਤ ਤੋਂ ਬਾਅਦ ਔਰੰਗਜ਼ੇਬ ਦਿੱਲੀ ਦੇ ਤਖ਼ਤ 'ਤੇ ਬੈਠਾ ਤਾਂ ਉਸ ਦੇ ਵੀ ਕੰਨ ਭਰੇ ਗਏ। ਔਰੰਗਜ਼ੇਬ ਦਾਰਾ ਸ਼ਿਕੋਹ ਦੀ ਮਦਦ ਕਰਨ ਅਤੇ ਗੁਰੂ ਘਰ ਦੀ ਵੱਧ ਰਹੀ ਪ੍ਰਤਿਸ਼ਠਾ ਕਾਰਨ ਸਿੱਖਾਂ ਨਾਲ ਵੈਰ ਰੱਖਣ ਲੱਗ ਪਿਆ ਸੀ। ਉਸ ਨੇ ਗੁਰੂ ਹਰਿਰਾਇ ਸਾਹਿਬ ਨੂੰ ਦਿੱਲੀ ਆਉਣ ਦਾ ਸੱਦਾ ਭੇਜਿਆ। ਗੁਰੂ ਸਾਹਿਬ ਨੇ ਆਪ ਦਿੱਲੀ ਜਾਣ ਤੋਂ ਇਨਕਾਰ ਕਰਦਿਆਂ ਆਪਣੇ ਵੱਡੇ ਪੁੱਤਰ ਰਾਮਰਾਇ ਨੂੰ ਦਿੱਲੀ ਜਾਣ ਦਾ ਹੁਕਮ ਦਿੱਤਾ। ਗੁਰੂ ਸਾਹਿਬ ਨੇ ਰਾਮਰਾਇ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਜੋ ਸਰੂਪ ਨਾਲ ਲਿਜਾਣ ਲਈ ਦਿੱਤਾ, ਉਸ ਵਿਚ ਮੂਲਮੰਤਰ ਗੁਰੂ ਸਾਹਿਬ ਨੇ ਆਪ ਲਿਖਿਆ ਹੋਇਆ ਸੀ। ਉਨ੍ਹਾਂ ਰਾਮਰਾਇ ਨੂੰ ਸਖ਼ਤ ਤਾਕੀਦ ਕੀਤੀ ਕਿ ਗੁਰਸਿੱਖੀ ਦੇ ਸਿਧਾਂਤਾਂ 'ਤੇ ਨਿਡਰ ਹੋ ਕੇ ਪਹਿਰਾ ਦੇਣਾ ਹੈ ਤੇ ਔਰੰਗਜ਼ੇਬ ਦੇ ਕਿਸੇ ਵੀ ਦਬਾਅ, ਭੈਅ, ਲਾਲਚ ਅੰਦਰ ਨਹੀਂ ਆਉਣਾ ਹੈ। ਰਾਮਰਾਇ ਗੁਰੂ ਹੁਕਮ ਤੇ ਕਾਇਮ ਨਾ ਰਹਿ ਸਕਿਆ ਤੇ ਡੋਲ ਗਿਆ। ਗੁਰਬਾਣੀ 'ਤੇ ਚਰਚਾ ਦੌਰਾਨ ਜਦੋਂ ਔਰੰਗਜ਼ੇਬ ਨੇ ਪੁੱਛਿਆ ਕਿ 'ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ' ਦੇ ਕੀ ਅਰਥ ਹਨ? ਕੀ ਇਹ ਸਾਡੇ ਧਰਮ ਦੀ ਨਿਖੇਧੀ ਨਹੀਂ ਹੈ? ਰਾਮਰਾਇ ਉਸ ਦੇ ਰੋਹਬ ਵਿਚ ਆ ਗਿਆ ਤੇ ਖ਼ੁਸ਼ਾਮਦ ਕਰਦਿਆਂ ਸਫ਼ਾਈ ਦਿੱਤੀ ਕਿ ਇਹ 'ਮਿਟੀ ਮੁਸਲਮਾਨ ਕੀ ਨਹੀਂ, ਮਿਟੀ ਬੇਈਮਾਨ ਕੀ ਹੈ। ਬਾਕੀ ਗੱਲਬਾਤ ਵਿਚ ਵੀ ਰਾਮਰਾਇ ਚਤੁਰਤਾ ਵਿਖਾਉਣ ਲੱਗਾ ਕਿ ਔਰੰਗਜ਼ੇਬ ਖ਼ੁਸ਼ ਹੋ ਜਾਵੇ। ਗੁਰੂ ਹਰਿਰਾਇ ਸਾਹਿਬ ਨੂੰ ਜਦੋਂ ਇਹ ਜਾਣਕਾਰੀ ਹੋਈ ਤਾਂ ਉਹ ਬੜੇ ਦੁਖੀ ਹੋਏ ਤੇ ਫ਼ੈਸਲਾ ਕੀਤਾ ਕਿ ਹੁਣ ਉਹ ਰਾਮਰਾਇ ਨੂੰ ਜੀਵਨ ਭਰ ਮੱਥੇ ਨਹੀਂ ਲਾਉਣਗੇ। ਗੁਰੂ ਹਰਿਰਾਇ ਜੀ ਨੇ ਫਿਰ ਕਦੇ ਵੀ ਰਾਮਰਾਇ ਨੂੰ ਦਰਸ਼ਨ ਨਹੀਂ ਦਿੱਤੇ।

ਗੁਰੂ ਹਰਿਰਾਇ ਜੀ ਦੇ ਗੁਰਤਾ ਕਾਲ ਵਿਚ ਕੀਰਤਪੁਰ ਸਾਹਿਬ ਧਾਰਮਕ, ਸਮਾਜਕ, ਸੱਭਿਆਚਾਰਕ ਕਦਰਾਂ ਕੀਮਤਾਂ ਦਾ ਕੇਂਦਰ ਬਣ ਗਿਆ ਸੀ। ਸਿੱਖਾਂ ਅੰਦਰ ਸ੍ਰੇਸ਼ਟ ਭਾਵਨਾਵਾਂ ਦ੍ਰਿੜ੍ਹ ਕਰਣ ਲਈ ਗੁਰੂ ਸਾਹਿਬ ਆਪ ਰੁਚੀ ਲੈਂਦੇ ਸਨ ਤੇ ਹਰ ਤਰ੍ਹਾਂ ਦੀ ਸਿੱਖਿਆ ਦਾ ਪ੍ਰਬੰਧ ਕਰਦੇ ਸਨ। ਸੰਗਤਾਂ ਦੂਰੋਂ-ਦੂਰੋਂ ਗੁਰੂ ਸਾਹਿਬ ਦੇ ਦਰਸ਼ਨ ਲਈ ਆਉਂਦੀਆਂ ਤੇ ਆਤਮਕ ਆਨੰਦ ਪ੍ਰਾਪਤ ਕਰਦੀਆਂ। ਗੁਰੂ ਸਾਹਿਬ ਦਾ ਇੱਕੋ ਉਪਦੇਸ਼ ਗੁਰਬਾਣੀ ਨਾਲ ਜੁੜਨ ਦਾ ਹੁੰਦਾ। ਇਕ ਵਾਰ ਕੁਝ ਸਿੱਖਾਂ ਨੇ ਸ਼ੰਕਾ ਪ੍ਰਗਟ ਕੀਤੀ ਕਿ ਜੋ ਬਿਨਾਂ ਅਰਥ, ਭਾਵ ਸਮਝਿਆਂ ਗੁਰਬਾਣੀ ਦਾ ਨਿਤ ਪਾਠ ਕਰਦਾ ਹੈ, ਉਸ ਨੂੰ ਕੀ ਲਾਭ ਪ੍ਰਾਪਤ ਹੁੰਦਾ ਹੈ? ਗੁਰੂ ਸਾਹਿਬ ਉਸ ਵਕਤ ਮੌਨ ਰਹੇ। ਦੂਜੇ ਦਿਨ ਸਵੇਰੇ ਜਦੋਂ ਗੁਰੂ ਹਰਿਰਾਇ ਜੀ ਸ਼ਿਕਾਰ ਤੇ ਨਿਕਲੇ ਤਾਂ ਉਹੀ ਸਿੱਖ ਆਪ ਦੇ ਨਾਲ ਸਨ, ਜਿਨ੍ਹਾਂ ਨੇ ਇਹ ਪ੍ਰਸ਼ਨ ਕੀਤਾ ਸੀ।

ਰਾਹ ਚੱਲਦਿਆਂ ਮਿੱਟੀ ਦਾ ਇਕ ਟੁੱਟਿਆ ਭਾਂਡਾ ਪਿਆ ਮਿਲਿਆ, ਜਿਸ ਵਿਚ ਕਦੇ ਦੁੱਧ ਰਿੜਕ ਕੇ ਮੱਖਣ ਕੱਢਿਆ ਤੇ ਰੱਖਿਆ ਜਾਂਦਾ ਸੀ। ਇਸ ਟੁੱਟੇ ਹੋਏ ਭਾਂਡੇ 'ਤੇ ਸੂਰਜ ਦੀਆਂ ਕਿਰਨਾਂ ਪੈ ਰਹੀਆਂ ਹੋਣ ਕਾਰਨ ਭਾਂਡੇ ਵਿਚ ਰਸਿਆ ਹੋਇਆ ਮੱਖਣ ਪਿਘਲ ਕੇ ਲਿਸ਼ਕਾਰੇ ਮਾਰ ਰਿਹਾ ਸੀ। ਗੁਰੂ ਸਾਹਿਬ ਨੇ ਭਾਂਡੇ ਦਾ ਇਕ ਟੁਕੜਾ ਚੁੱਕ ਲਿਆ ਤੇ ਸਿੱਖਾਂ ਨੂੰ ਵਿਖਾਉਂਦਿਆਂ ਕਿਹਾ ਕਿ 'ਦੇਖੋ ਇਸ ਭਾਂਡੇ 'ਚ ਰੱਖਿਆ ਮੱਖਣ ਸਹਿਜ ਹੀ ਭਾਂਡੇ ਵਿਚ ਸਮੋਇਆ ਗਿਆ ਸੀ ਤੇ ਪ੍ਰਗਟ ਨਹੀਂ ਸੀ। ਇਹ ਹੁਣ ਸੇਕ ਲੱਗਣ 'ਤੇ ਪਿਘਲ ਕੇ ਬਾਹਰ ਆ ਰਿਹਾ ਹੈ। ਇਵੇਂ ਹੀ ਪੜ੍ਹੀ ਗਈ ਗੁਰਬਾਣੀ ਦਾ ਫਲ ਵੀ ਗੁਰਸਿੱਖ ਦੇ ਮਨ ਅੰਦਰ ਵੱਸ ਜਾਂਦਾ ਹੈ ਜੋ ਸਮਾਂ ਆਉਣ 'ਤੇ ਪਰਮਾਤਮਾ ਦੇ ਦਰਬਾਰ 'ਚ ਸਹਾਈ ਹੁੰਦਾ ਹੈ।

ਗੁਰੂ ਹਰਿਰਾਇ ਜੀ ਨੇ ਗੁਰੂ ਨਾਨਕ ਸਾਹਿਬ ਦੇ ਆਰੰਭੇ ਮਿਸ਼ਨ ਨੂੰ ਮਜ਼ਬੂਤ ਆਧਾਰ ਬਖ਼ਸ਼ਿਆ, ਜਿਸ 'ਤੇ ਅੱਗੇ ਚੱਲ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਦੀ ਸਾਜਨਾ ਦਾ ਮਹਿਲ ਉਸਾਰਿਆ। ਗੁਰੂ ਹਰਿਰਾਇ ਜੀ ਦੀ ਪ੍ਰੇਰਨਾ ਨਾਲ ਤਿਆਰ ਹੋਏ ਦ੍ਰਿੜ੍ਹ ਮਨ ਤੇ ਸਬਲ ਤਨ ਧਾਰੀ ਗੁਰਸਿੱਖ ਦਸਮੇਸ਼ ਪਿਤਾ ਦੀ ਅੰਮ੍ਰਿਤ ਦੀ ਦਾਤ ਛਕ ਕੇ ਸਿੰਘ ਬਣੇ ਤੇ ਨਿਵੇਕਲਾ ਇਤਿਹਾਸ ਰਚਿਆ।

– ਡਾ. ਸਤਿੰਦਰ ਪਾਲ ਸਿੰਘ

# ਬੇਖੌਫ ਸਾਈਬਰ ਅਪਰਾਧੀ

ਦਿੱਲੀ ਵਿਚ ਡਿਜੀਟਲ ਅਰੈਸਟ ਦਾ ਡਰ ਦਿਖਾ ਕੇ ਇਕ ਬਜੁਰਗ ਮਹਿਲਾ ਕਾਰੋਬਾਰੀ ਨਾਲ ਸੱਤ ਕਰੋੜ ਰੁਪਏ ਦੀ ਠੱਗੀ ਦਾ ਮਾਮਲਾ ਇਹ ਦਰਸਾਉਂਦਾ ਹੈ ਕਿ ਸਾਈਬਰ ਠੱਗ ਬੇਲਗਾਮ ਹੋ ਚੁੱਕੇ ਹਨ। ਸੱਤ ਕਰੋੜ ਰੁਪਏ ਦੀ ਠੱਗੀ ਤੋਂ ਪਹਿਲਾਂ ਦਿੱਲੀ ਵਿਚ ਹੀ ਇਕ ਐੱਨਆਰਆਈ ਜੋੜੇ ਨਾਲ ਪੰਦਰਾਂ ਕਰੋੜ ਦੀ ਠੱਗੀ ਮਾਰੀ ਗਈ ਸੀ। ਦਰਅਸਲ, ਸਾਇਦ ਹੀ ਕੋਈ ਦਿਨ ਅਜਿਹਾ ਹੁੰਦਾ ਹੋਵੇ, ਜਦੋਂ ਦੇਸ ਦੇ ਕਿਸੇ ਨਾ ਕਿਸੇ ਹਿੱਸੇ ਤੋਂ ਸਾਈਬਰ ਠੱਗੀ ਦਾ ਮਾਮਲਾ ਸਾਹਮਣੇ ਨਾ ਆਉਂਦਾ ਹੋਵੇ। ਹਾਲਾਂਕਿ ਸਾਈਬਰ ਠੱਗ ਵਾਰ-ਵਾਰ ਉਨ੍ਹਾਂ ਹੀ ਤੌਰ-ਤਰੀਕਿਆਂ ਦਾ ਇਸਤੇਮਾਲ ਕਰਦੇ ਹੋਏ ਲੋਕਾਂ ਨਾਲ ਠੱਗੀਆਂ ਮਾਰਦੇ ਹਨ ਜਿਨ੍ਹਾਂ ਨਾਲ ਪਹਿਲਾਂ ਵੀ ਅਨੇਕ ਲੋਕ ਠੱਗੇ ਜਾ ਚੁੱਕੇ ਹਨ ਪਰ ਫਿਰ ਵੀ ਲੋਕ ਉਨ੍ਹਾਂ ਦੇ ਝਾਂਸੇ ਵਿਚ ਆ ਹੀ ਜਾਂਦੇ ਹਨ। ਇਨ੍ਹਾਂ ਵਿਚ ਕਈ ਤਾਂ ਚੰਗੇ-ਖਾਸੇ ਪੜ੍ਹੇ-ਲਿਖੇ ਲੋਕ ਵੀ ਹੁੰਦੇ ਹਨ। ਉਨ੍ਹਾਂ ਦੇ ਠੱਗੇ ਜਾਣ ਤੋਂ ਇਹੀ ਪਤਾ ਲੱਗਦਾ ਹੈ ਕਿ ਆਮ ਲੋਕ ਸਾਈਬਰ ਅਪਰਾਧੀਆਂ ਦੇ ਤੌਰ-ਤਰੀਕਿਆਂ ਨੂੰ ਲੈ ਕੇ ਜਾਗਰੂਕ ਨਹੀਂ ਹਨ। ਸਾਈਬਰ ਠੱਗ ਨਕਲੀ ਪੁਲਿਸ, ਸੀਬੀਆਈ, ਕਸਟਮ, ਈਡੀ, ਇਨਕਮ ਟੈਕਸ ਅਧਿਕਾਰੀ ਜਾਂ ਵਕੀਲ-ਜੱਜ ਬਣ ਕੇ ਜਿਸ ਆਸਾਨੀ ਨਾਲ ਲੋਕਾਂ ਤੋਂ ਲੱਖਾਂ-ਕਰੋੜਾਂ ਰੁਪਏ ਹੜੱਪ ਲੈਂਦੇ ਹਨ, ਉਸ ਨੂੰ ਦੇਖ ਕੇ ਹੈਰਾਨੀ ਹੁੰਦੀ ਹੈ ਕਿ ਆਖਰ ਲੋਕ ਇਹ ਕਿਉਂ ਨਹੀਂ ਸਮਝ ਪਾ ਰਹੇ ਕਿ ਡਿਜੀਟਲ ਅਰੈਸਟ ਵਰਗੀ ਕੋਈ ਵਿਵਸਥਾ ਨਹੀਂ ਹੈ? ਨਿਰਸੰਦੇਹ ਲੋਕਾਂ ਨੂੰ ਸਾਈਬਰ ਠੱਗੀਆਂ ਬਾਰੇ ਜਾਗਰੂਕ ਹੋਣ ਦੀ ਜਰੂਰਤ ਹੈ ਪਰ ਇਸ ਤੋਂ ਵੀ ਕਿਤੇ ਵੱਡੀ ਲੋੜ ਸਾਈਬਰ ਠੱਗਾਂ 'ਤੇ ਸ਼ਿਕੰਜਾ ਕੱਸਣ ਦੀ ਹੈ। ਇਹ ਨਿਰਾਸਾਜਨਕ ਹੈ ਕਿ ਪੁਲਿਸ ਅਤੇ ਹੋਰ ਏਜੰਸੀਆਂ ਇਸ ਵਿਚ ਸਮਰੱਥ ਨਹੀਂ ਭਾਸਦੀਆਂ।

ਇਸ ਤੋਂ ਸੰਤੁਸਟ ਨਹੀਂ ਹੋਇਆ ਜਾ ਸਕਦਾ ਕਿ ਡਿਜੀਟਲ ਅਰੈਸਟ ਦੀ ਧਮਕੀ ਦੇ ਕੇ ਸਾਈਬਰ ਠੱਗੀ ਦੇ ਵਧਦੇ ਮਾਮਲਿਆਂ ਦਾ ਸੁਪਰੀਮ ਕੋਰਟ




ਵੱਲੋਂ ਖੁਦ ਹੀ ਨੋਟਿਸ ਲੈਣ 'ਤੇ ਕੇਂਦਰ ਸਰਕਾਰ ਨੇ ਇਕ ਕਮੇਟੀ ਗਠਿਤ ਕੀਤੀ ਜਿਸ ਵਿਚ ਐੱਨਆਈਏ, ਸੀਬੀਆਈ, ਸਾਈਬਰ ਕਰਾਈਮ ਕੋਆਰਡੀਨੇਸਨ ਸੈਂਟਰ ਦੇ ਮੈਂਬਰਾਂ ਤੋਂ ਇਲਾਵਾ ਕਈ ਮੰਤਰਾਲਿਆਂ ਦੇ ਅਧਿਕਾਰੀ ਅਤੇ ਨਾਲ ਹੀ ਰਿਜਰਵ ਬੈਂਕ ਦੇ ਸੰਯੁਕਤ ਸਕੱਤਰ ਵੀ ਸਾਮਲ ਹਨ। ਉਂਜ ਇਹ ਕੰਮ ਤਾਂ ਬਹੁਤ ਪਹਿਲਾਂ ਹੀ ਕਰ ਲਿਆ ਜਾਣਾ ਚਾਹੀਦਾ ਸੀ। ਉਮੀਦ ਹੈ ਕਿ ਸੁਪਰੀਮ ਕੋਰਟ ਇਸ ਕਮੇਟੀ ਦੀ ਰਿਪੋਰਟ ਦਾ ਖੁਦ ਹੀ ਨੋਟਿਸ ਲੈ ਕੇ ਅਜਿਹੇ ਪ੍ਰਭਾਵਸਾਲੀ ਆਦੇਸ-ਨਿਰਦੇਸ ਦੇਵੇਗੀ ਜਿਨ੍ਹਾਂ ਨਾਲ ਸਾਈਬਰ ਠੱਗਾਂ 'ਤੇ ਲਗਾਮ ਲੱਗੇਗੀ।

ਅਜਿਹਾ ਹੋਣਾ ਵੀ ਚਾਹੀਦਾ ਹੈ ਕਿਉਂਕਿ ਸਾਈਬਰ ਠੱਗੀ ਤਹਿਤ ਹੜੱਪੀ ਜਾਣ ਵਾਲੀ ਰਕਮ ਵਧਦੀ ਹੀ ਜਾ ਰਹੀ ਹੈ। ਸਾਈਬਰ ਅਪਰਾਧੀ ਸਿਰਫ ਲੋਕਾਂ ਨੂੰ ਡਰਾ-ਧਮਕਾ ਕੇ ਹੀ ਉਨ੍ਹਾਂ ਨਾਲ ਠੱਗੀ ਨਹੀਂ ਕਰ ਰਹੇ, ਸਗੋਂ ਉਹ ਨਿਵੇਸ ਦਾ ਦਿਲਖਿੱਚਵਾਂ ਲਾਲਚ ਦੇ ਕੇ ਵੀ ਲੋਕਾਂ ਦੀ ਖੂਨ-ਪਸੀਨੇ ਦੀ ਕਮਾਈ 'ਤੇ ਹੱਥ ਸਾਫ ਕਰ ਰਹੇ ਹਨ। ਇਸ ਦੀ ਮਿਸਾਲ ਪਿੱਛੇ ਜਿਹੇ ਪੰਜਾਬ ਪੁਲਿਸ ਦੇ ਇਕ ਉੱਚ ਅਫਸਰ ਨਾਲ ਹੋਈ ਕਰੋੜਾਂ ਰੁਪਏ ਦੀ ਠੱਗੀ ਹੈ। ਇਸ ਤੋਂ ਪਰੇਸ਼ਾਨ ਹੋ ਕੇ ਉਸ ਨੇ ਖੁਦਕੁਸ਼ੀ ਪੱਤਰ ਲਿਖ ਕੇ ਖੁਦ ਨੂੰ ਗੋਲੀ ਮਾਰ ਲਈ ਸੀ ਪਰ ਚੰਗੇ ਭਾਗੀਂ ਉਸ ਦੀ ਜਾਨ ਬਚ ਗਈ।

ਉਕਤ-ਸਭ ਤੋਂ ਇਹ ਪਤਾ ਲੱਗਦਾ ਹੈ ਕਿ ਸਾਈਬਰ ਠੱਗ ਬੇਲਗਾਮ ਅਤੇ ਬੇਖੌਫ ਹਨ। ਜਿਆਦਾਤਰ ਮਾਮਲਿਆਂ ਵਿਚ ਉਹ ਫੜੇ ਨਹੀਂ ਜਾਂਦੇ ਅਤੇ ਜੇਕਰ ਫੜੇ ਵੀ ਜਾਂਦੇ ਹਨ ਤਾਂ ਹੜੱਪੀ ਗਈ ਰਕਮ ਵਾਪਸ ਨਹੀਂ ਮਿਲਦੀ ਕਿਉਂਕਿ ਉਹ ਵਿਦੇਸ ਭੇਜੀ ਜਾ ਚੁੱਕੀ ਹੁੰਦੀ ਹੈ। ਸਾਈਬਰ ਠੱਗੀ 'ਤੇ ਕਾਬੂ ਪਾਉਣ ਲਈ ਸਿਰਫ ਪੁਲਿਸ ਅਤੇ ਹੋਰ ਏਜੰਸੀਆਂ ਨੂੰ ਤਕਨੀਕੀ ਤੌਰ 'ਤੇ ਸਮਰੱਥ ਬਣਾਉਣਾ ਹੀ ਨਹੀਂ, ਸਗੋਂ ਮੋਬਾਈਲ ਕੰਪਨੀਆਂ ਅਤੇ ਬੈਂਕਾਂ ਦੇ ਕੰਮਕਾਜ ਦੇ ਤਰੀਕਿਆਂ ਨੂੰ ਵੀ ਸੁਧਾਰਨਾ ਹੋਵੇਗਾ। ਸਰਕਾਰ ਨੂੰ ਇਹ ਸਮਝਣਾ ਹੋਵੇਗਾ ਕਿ ਜੇਕਰ ਸਾਈਬਰ ਠੱਗ ਬੇਲਗਾਮ ਰਹੇ ਤਾਂ ਲੋਕ ਡਿਜੀਟਲ ਲੈਣ-ਦੇਣ ਤੋਂ ਦੂਰ ਹੋਣ ਲਈ ਮਜਬੂਰ ਹੋ ਜਾਣਗੇ।

# ਸ਼ਹੀਦ ਸਾਹਿਬਜ਼ਾਦਾ ਅਜੀਤ ਸਿੰਘ ਜੀ

## ਜਨਮ ਦਿਹਾੜੇ ’ਤੇ ਵਿਸ਼ੇਸ਼

ਸਿੱਖ ਗੁਰੂ ਸਾਹਿਬਾਨ ਵੱਲੋਂ ਮਨੁੱਖਤਾ ਦੇ ਸਵੈਮਾਣ, ਮਨੁੱਖੀ ਹੱਕਾਂ ਦੀ ਅਜ਼ਾਦੀ ਤੇ ਧਾਰਮਿਕ ਆਜ਼ਾਦੀ ਦੀ ਬਹਾਲੀ ਲਈ ਸ਼ੁਰੂ ਕੀਤੀ ਸ਼ਹੀਦੀਆਂ ਦੀ ਲੜੀ ਵਿਚ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਦੀ ਸ਼ਹਾਦਤ ਇਤਿਹਾਸ ਦੇ ਸੁਨਹਿਰੀ ਪੰਨਿਆਂ ਉੱਪਰ ਅੰਕਤ ਹੈ। ਸਾਹਿਬਜ਼ਾਦਾ ਅਜੀਤ ਸਿੰਘ ਜੀ ਦਾ ਜਨਮ ਸਰਬੰਸਦਾਨੀ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਘਰ ਮਾਤਾ ਸੁੰਦਰੀ ਜੀ ਦੀ ਕੁੱਖੋਂ 26 ਜਨਵਰੀ 1687 ਈਸਵੀ ਨੂੰ ਸ੍ਰੀ ਪਾਉਂਟਾ ਸਾਹਿਬ ਵਿਖੇ ਹੋਇਆ। ਨਾਨਕਸ਼ਾਹੀ ਡਾਇਰੀ ਅਨੁਸਾਰ ਉਨ੍ਹਾਂ ਦਾ ਜਨਮ ਦਿਹਾੜਾ ਅੱਜ 12 ਫਰਵਰੀ ਨੂੰ ਮਨਾਇਆ ਜਾ ਰਿਹਾ ਹੈ।

ਪਾਉਂਟਾ ਸਾਬਿਹ ਵਿਖੇ ਨਿਵਾਸ ਤੋਂ ਕੁਝ ਸਮੇਂ ਬਾਅਦ ਗੁਰੂ ਸਾਹਿਬ ਦਾ ਪਰਿਵਾਰ ਸ੍ਰੀ ਅਨੰਦਪੁਰ ਸਾਹਿਬ ਵਿਖੇ ਆ ਗਿਆ। ਇਥੇ ਹੀ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੂੰ ਵਿਦਿਆ, ਧਾਰਮਿਕ ਗ੍ਰੰਥਾਂ, ਕਥਨਾ ਅਤੇ ਇਤਿਹਾਸ ਆਦਿ ਬਾਰੇ ਜਾਣੂ ਕਰਵਾਇਆ ਗਿਆ। ਸਾਹਿਬਜ਼ਾਦਾ ਅਜੀਤ ਸਿੰਘ ਬਚਪਨ ਤੋਂ ਹੀ ਬੇਹੱਦ ਤੀਖਣ ਬੁੱਧੀ, ਸਰੀਰਕ ਤੌਰ ਤੇ ਚੁਸਤ ਅਤੇ ਜ਼ੋਸੀਲੇ ਸਨ। ਉਨ੍ਹਾਂ ਨੇ ਖ਼ਾਲਸਾ ਫ਼ੌਜ ਦੇ ਜੰਗੀ ਕਰਤਬਾਂ ਤੋਂ ਪ੍ਰਭਾਵਿਤ ਹੋ ਕੇ ਘੋੜ ਸਵਾਰੀ, ਤਲਵਾਰਬਾਜ਼ੀ, ਤੀਰਅੰਦਾਜ਼ੀ ਆਦਿ ਦੀ ਸਿਖਲਾਈ ਲਈ।

ਇਤਿਹਾਸ ਅਨੁਸਾਰ, ਸਿੱਖ ਸੰਗਤਾਂ ਦਾ ਇਕ ਜਥਾ ਦੱਖਣੀ ਪੰਜਾਬ ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨਾਂ ਲਈ ਆ ਰਿਹਾ ਸੀ ਕਿ ਰਸਤੇ ਵਿਚ ਇਸ ਜਥੇ ਉੱਪਰ ਲੱਠਮਾਰਾਂ ਦੇ ਇਕ ਟੋਲੇ ਨੇ ਹਮਲਾ ਕਰ ਕੇ ਸਾਰਾ ਸਮਾਨ ਲੁੱਟ ਲਿਆ। ਜਦੋਂ ਇਸ ਹਮਲੇ ਦੀ ਸੂਚਨਾ ਗੁਰੂ ਗੋਬਿੰਦ ਸਿੰਘ ਜੀ ਨੂੰ ਮਿਲੀ ਤਾਂ ਉਨ੍ਹਾਂ ਨੇ ਸਿੱਖ ਸੰਗਤ ਪਾਸੋਂ ਲੁੱਟੇ ਗਏ ਸਮਾਨ ਦੀ ਵਾਪਸੀ ਲਈ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੂੰ ਤਿਆਰ ਕੀਤਾ। ਉਸ ਸਮੇਂ ਬਾਬਾ ਅਜੀਤ ਸਿੰਘ ਜੀ ਦੀ ਉਮਰ ਸਿਰਫ਼ 12 ਸਾਲ ਸੀ। ਆਪ ਨੇ 100 ਸਿੰਘਾਂ ਦਾ ਜਥਾ ਲੈ ਕੇ ਨਿਡਰਤਾ ਅਤੇ ਬਹਾਦਰੀ ਨਾਲ ਹਮਲਾਵਾਰਾਂ ਤੋਂ ਸਿੱਖ ਸੰਗਤ ਦੀ ਰਾਖੀ ਕਰਦਿਆਂ ਲੁੱਟਿਆ ਹੋਇਆ ਸਮਾਨ ਵਾਪਸ ਕਰਵਾਇਆ। ਸਹਿਬਜ਼ਾਦਾ ਅਜੀਤ ਸਿੰਘ ਜੀ ਨੂੰ ਤਾਰਾਗੜ੍ਹ ਕਿਲ੍ਹੇ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਸੌਂਪੀ ਗਈ ਤਾਂ ਉਨ੍ਹਾਂ ਨੇ ਇਸ ਨੂੰ ਵੀ ਪੂਰੀ ਤਨਦੇਹੀ ਨਾਲ ਨਿਭਾਇਆ। ਇਸ ਤੋਂ ਬਾਅਦ ਅਗਸਤ 1700 ਈਸਵੀ ਨੂੰ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ ਇਕ ਹੋਰ ਵਿਰੋਧੀ ਹਮਲੇ ਦਾ ਕਰਾਰਾ ਜਵਾਬ ਦਿੱਤਾ ਤੇ ਉਹ ਨਿਰਮੋਹਗੜ੍ਹ ਵਿਤ ਵੀ ਅਕਤੂਬਰ 1700 ਨੂੰ ਹੋਈ ਵਿਚ ਬਹਾਦਰੀ ਨਾਲ ਲੜੇ। ਇਸ ਪਿੱਛੋਂ ਮਾਰਚ 1701 ਵਿਚ ਸਿੱਖ ਸੰਗਤ ਦਰਪਦ ਖੇਤਰ (ਸਿਆਲਕੋਟ) ਤੋਂ ਆ ਰਹੀ ਸੀ ਕਿ ਉਸ ਨੂੰ



ਲੁਟੇਰਿਆਂ ਦੇ ਇਕ ਵੱਡੇ ਟੋਲੇ ਨੇ ਰਸਤੇ ਵਿਚ ਰੋਕ ਲਿਆ ਤਾਂ ਗੁਰੂ ਪਿਤਾ ਦੇ ਹੁਕਮ ਅਨੁਸਾਰ ਸਹਿਬਜ਼ਾਦਾ ਅਜੀਤ ਸਿੰਘ ਨੇ ਆਪਣੇ ਘੋੜ ਸਵਾਰ ਜੰਗਜੂ ਸਿੰਘਾਂ ਨੂੰ ਨਾਲ ਲੈ ਕੇ ਅਜਿਹਾ ਕਰਨ ਵਾਲਿਆਂ ਨੂੰ ਚੰਗਾ ਸਬਕ ਸਿਖਾਇਆ ਤੇ ਸਿੱਖ ਸੰਗਤ ਨੂੰ ਸੁਰੱਖਿਅਤ ਗੁਰੂ ਸਾਹਿਬ ਤਕ ਲੈ ਕੇ ਆਏ।

ਇਕ ਵਾਰ ਦੇਵਦਾਸ ਨਾਂ ਦਾ ਇਕ ਗ਼ਰੀਬ ਬ੍ਰਾਹਮਣ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਆਇਆ ਤੇ ਅਰਜ ਕੀਤੀ ਕਿ ਬੱਸੀ ਦੇ ਕੁਝ ਪਠਾਣ ਹੁਸ਼ਿਆਰਪੁਰ ਨੇੜੇ ਉਸ ਦੀ ਨਵ-ਵਿਆਹੀ ਪਤਨੀ ਨੂੰ ਜਬਰੀ ਲੈ ਗਏ ਹਨ। ਗੁਰੂ ਸਾਹਿਬ ਨੇ ਉਸ ਗ਼ਰੀਬ ਬ੍ਰਾਹਮਣ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਫ਼ਿਕਰ ਨਾ ਕਰੇ, ਖਾਲਸਾ ਫ਼ੌਜ ਉਸ ਦੀ ਪਤਨੀ ਨੂੰ ਬਾਇੱਜ਼ਤ ਵਾਪਸ ਲੈ ਕੇ ਆਵੇਗੀ। ਸੰਕਟ ਦੀ ਇਸ ਘੜੀ ਵਿਚ ਵੀ ਗੁਰੂ ਸਾਹਿਬ ਨੇ ਬਾਬਾ ਅਜੀਤ ਸਿੰਘ ਜੀ ਨੂੰ ਇਹ ਅਹਿਮ ਜ਼ਿੰਮੇਵਾਰੀ ਸੌਂਪੀ। ਗੁਰੂ ਜੀ ਦੀ ਆਗਿਆ ਨਾਲ ਬਾਬਾ ਜੀ 100 ਘੋੜ ਸਵਾਰ ਸਿੱਖ ਸੈਨਿਕਾਂ ਨੂੰ ਲੈ ਕੇ ਬੱਸੀ ਪਠਾਣਾਂ ਪੁੱਜੇ। ਉਨ੍ਹਾਂ ਨੇ ਆਪਣੇ ਬਹਾਦਰ ਸਿੱਖਾਂ ਨਾਲ ਰਾਤ ਦੇ ਹਨੇਰੇ ਵਿਚ ਹੀ ਪਠਾਣਾਂ ਉੱਪਰ ਹਮਲਾ ਕਰ ਦਿੱਤਾ। ਖ਼ਾਲਸਾ ਫ਼ੌਜ ਨੇ ਇਸ ਘਿਨਾਉਣੀ ਹਰਕਤ ਲਈ ਕਸੂਰਵਾਰ ਪਠਾਣਾਂ ਨੂੰ ਕਾਬੂ ਕਰ ਲਿਆ ਤੇ ਉਸ ਗ਼ਰੀਬ ਬ੍ਰਹਾਮਣ ਦੀ ਪਤਨੀ ਨੂੰ ਉਨ੍ਹਾਂ ਦੀ ਕੈਦ ਤੋਂ ਮੁਕਤੀ ਦਿਵਾਈ। ਖ਼ਾਲਸਾ ਫ਼ੌਜ ਸਵੇਰ ਹੁੰਦਿਆਂ ਹੀ ਕਾਬੂ ਕੀਤੇ ਗਏ ਪਠਾਣਾਂ ਨੂੰ ਲੈ ਕੇ ਅਨੰਦਪੁਰ ਸਾਹਿਬ ਪੁੱਜੀ। ਉਸ ਬ੍ਰਾਹਮਣ ਦੀ ਪਤਨੀ ਉਸ ਨੂੰ ਸੌਂਪ ਦਿੱਤੀ ਗਈ ਤੇ ਪਠਾਣਾਂ ਨੂੰ ਅਜਿਹੀਆਂ ਸਜ਼ਾਵਾਂ ਦਿੱਤੀਆਂ ਕਿ ਉਨ੍ਹਾਂ ਨੇ ਮੁੜ ਅਜਿਹਾ ਕਾਰਾ ਕਰਨ ਤੋਂ ਤੌਬਾ ਕੀਤੀ।

ਅਨੰਦਪੁਰ ਵਿਖੇ ਇਕ ਵਾਰ ਫਿਰ ਸਾਹਿਬਜ਼ਾਦਾ ਅਜੀਤ ਸਿੰਘ ਜੀ ਦੇ ਬਾਹੂਬਲ, ਸਾਹਸ ਤੇ ਜੰਗੀ ਸੂਝ-ਬੂਝ ਦੀ ਪਰਖ ਹੋਈ। 1705 ਵਿਚ ਜਦੋਂ ਦੁਸ਼ਮਣਾਂ ਨੇ ਸ੍ਰੀ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ ਤਾਂ ਗੁਰੂ ਸਾਹਿਬ ਨੇ ਅਚਾਨਕ ਬਣੀ ਅਜਿਹੀ ਹਾਲਤ ‘ਤੇ ਵਿਚਾਰ ਕਰਦਿਆਂ ਇਕ ਵਾਰ ਫਿਰ ਇਸ ਸਥਿਤੀ ‘ਚੋਂ ਨਿਕਲਣ ਲਈ ਬਾਬਾ ਅਜੀਤ ਸਿੰਘ ਜੀ ਨੂੰ ਜ਼ਿੰਮੇਵਾਰੀ ਸੌਂਪੀ। ਅਨੰਦਪੁਰ ਸਾਹਿਬ ਦੇ ਕਿਲ੍ਹੇ ਨੂੰ ਸੱਤ ਅੱਠ ਮਹੀਨੇ ਦੁਸ਼ਮਣ ਫ਼ੌਜ ਨੇ ਘੇਰਾ ਪਾਈ ਰੱਖਿਆ। ਮੁਗ਼ਲ ਫ਼ੌਜ ਅਤੇ ਪਹਾੜੀ ਰਾਜਿਆਂ ਨੇ ਕਸਮਾਂ ਖਾਧੀਆਂ ਕਿ ਜੇ ਗੁਰੂ ਸਾਹਿਬ ਅਨੰਦਪੁਰ ਦਾ ਕਿਲ੍ਹਾ ਖ਼ਾਲੀ ਕਰ ਦੇਣ ਤਾਂ ਉਹ ਕੋਈ ਨੁਕਸਾਨ ਨਹੀਂ ਕਰਨਗੇ। ਅੰਤ ਮਾਤਾ ਗੁਜਰੀ ਜੀ ਤੇ ਕੁਝ ਸਿੰਘਾਂ ਦੇ ਕਹਿਣ ਤੇ ਜਦ ਗੁਰੂ ਸਾਹਿਬ ਨੇ ਅਨੰਦਪੁਰ ਦਾ ਕਿਲ੍ਹਾ ਖ਼ਾਲੀ ਕੀਤਾ ਤਾਂ ਕਿਲ੍ਹੇ ਤੋਂ ਬਾਹਰ ਨਿਕਲਦਿਆਂ ਹੀ ਮੁਗ਼ਲ ਅਤੇ ਪਹਾੜੀ ਫ਼ੌਜਾਂ ਨੇ ਸਹੁੰਆਂ ਤੋੜ ਕੇ ਹਮਲਾ ਕਰ ਦਿੱਤਾ। ਇਸ ਮੌਕੇ ਪਹਾੜੀ ਰਾਜਿਆਂ ਤੇ ਮੁਗ਼ਲ ਫ਼ੌਜ ਨਾਲ ਜੂਝਦਿਆਂ ਹੋਇਆਂ ਸਾਹਿਬਜ਼ਾਦਾ ਅਜੀਤ ਸਿੰਘ ਜੀ ਆਪਣੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਸਾਹਿਬਜ਼ਾਦਾ ਜੁਝਾਰ ਸਿੰਘ ਜੀ ਅਤੇ ਕੁਝ ਸਿੰਘਾਂ ਸਮੇਤ ਸਰਸਾ ਨਦੀ ਪਾਰ ਕਰ ਕੇ ਚਮਕੌਰ ਦੀ ਗੜ੍ਹੀ ਤਕ ਜਾ ਪੁੱਜੇ। ਦਸ ਲੱਖ ਦੀ ਗਿਣਤੀ ਵਾਲੀ ਵੱਡੀ ਫ਼ੌਜ ਨੇ ਚਮਕੌਰ ਦੀ ਗੜ੍ਹੀ ਨੂੰ ਘੇਰ ਲਿਆ। ਵੱਡੀ ਗਿਣਤੀ ਵਿਚ ਮੁਗ਼ਲ ਫ਼ੌਜਾਂ ਦੇ ਮੁਕਬਾਲੇ ਭਾਵੇਂ ਸਿੰਘਾਂ ਦੀ ਗਿਣਤੀ ਨਾਮਾਤਰ ਸੀ ਪ੍ਰੰਤੂ ਗੁਰੂ ਪਿਆਰ ਵਿਚ ਕੁਰਬਾਨ ਹੋਣ ਵਾਲੇ ਮਰਜੀਵੜੇ ਸਿੱਖਾਂ ਨੇ ਦੁਸਮਣ ਬੜੀ ਬਹਾਦਰੀ ਅਤੇ ਸਾਹਸ ਨਾਲ ਡਟ ਕੇ ਮੁਕਾਬਲਾ ਕੀਤਾ। ਚਮਕੌਰ ਦੀ ਗੜ੍ਹੀ ਤੋਂ ਇਹ ਯੁੱਧ ਪੰਜ-ਪੰਜ ਸਿੰਘਾਂ ਦਾ ਜਥਾ ਬਣਾ ਕੇ ਬੜੀ ਬਹਾਦਰੀ ਨਾਲ ਲੜਿਆ ਗਿਆ ਅਤੇ ਸਿੰਘਾਂ ਨੇ ਸੈਂਕੜੇ ਵੈਰੀਆਂ ਨੂੰ ਮਾਰਦੇ ਹੋਏ ਸ਼ਹੀਦੀਆਂ ਪ੍ਰਾਪਤ ਕੀਤੀਆਂ।

ਜੰਗ ਦੇ ਇਸ ਸਾਰੇ ਦ੍ਰਿਸ਼ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਅੱਖੀਂ ਤੱਕ ਰਹੇ ਸਨ ਤੇ ਤੀਰਾਂ ਦਾ ਮੀਂਹ ਵਰ੍ਹਾਉਂਦੇ ਹੋਏ ਮੁਗ਼ਲਾਂ ਨੂੰ ਭੰਬਲਭੂਸੇ ‘ਚ ਪਾਈ ਰੱਖਿਆ। ਸਿੰਘਾਂ ਦੇ ਇਕ ਜਥੇ ਵਿਚ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਜੰਗ ਦੇ ਮੈਦਾਨ ‘ਚ ਜਾਣ ਲਈ ਆਗਿਆ ਮੰਗੀ। ਗੁਰੂ ਸਾਹਿਬ ਦੀ ਆਗਿਆ ਪਾ ਕੇ ਬਾਬਾ ਅਜੀਤ ਸਿੰਘ ਜੀ ਪੰਜ ਯੋਧਿਆਂ ਦਾ ਜਥਾ ਲੈ ਕੇ ਵੈਰੀਆਂ ਨੂੰ ਲਲਕਾਰਦੇ ਹੋਏ ਮੈਦਾਨੇ-ਜੰਗ ਵਿਚ ਦੁਸਮਣਾਂ ਤੇ ਜਾ ਵਰ੍ਹੇ। ਬਾਬਾ ਅਜੀਤ ਸਿੰਘ ਜੀ ਇਸ ਜੰਗ ਵਿਚ ਬੜੀ ਸੂਰਬੀਰਤਾ ਲੜੇ ਅਤੇ ਅੰਤ ਉਨ੍ਹਾਂ ਸਮੇਤ ਜਥੇ ਦੇ ਬਾਕੀ ਸਿੰਘ ਵੱਡੀ ਗਿਣਤੀ ਵਿਚ ਦੁਸਮਣਾਂ ਦੇ ਆਹੂ ਲਾਹੁੰਦੇ ਹੋਏ ਸ਼ਹਾਦਤ ਪ੍ਰਾਪਤ ਕਰ ਗਏ।

ਗੁਰਜੀਵਨ ਸਿੰਘ ਸਿੱਧੂ
ਨਥਾਣਾ

# ਬਿਨਾਂ ਅਧਿਆਪਕਾਂ ਦੇ ਸਿੱਖਿਆ

ਇਹ ਇਕ ਤ੍ਰਾਸਦੀ ਹੈ ਕਿ ਸੁਪਰੀਮ ਕੋਰਟ ਨੂੰ ਉੱਚ ਵਿੱਦਿਅਕ ਅਦਾਰਿਆਂ ’ਚ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਨੂੰ ਚਾਰ ਮਹੀਨੇ ਦੇ ਅੰਦਰ ਭਰਨ ਦੇ ਹੁਕਮ ਦੇਣੇ ਪਏ। ਸਰਬਉੱਚ ਅਦਾਲਤ ਨੇ ਨਿਰਧਾਰਿਤ ਸਮੇਂ ਵਿਚ ਖਾਲੀ ਅਹੁਦਿਆਂ ਨੂੰ ਭਰਨ ਦਾ ਹੁਕਮ ਦਿੰਦੇ ਹੋਏ ਕਿਹਾ ਹੈ ਕਿ ਉੱਚ ਵਿੱਦਿਅਕ ਅਦਾਰਿਆਂ ਵਿਚ ਖਾਲੀ ਪਏ ਸਾਰੇ ਟੀਚਿੰਗ ਅਤੇ ਨਾਨ-ਟੀਚਿੰਗ ਅਹੁਦੇ ਚਾਰ ਮਹੀਨਿਆਂ ਵਿਚ ਭਰੇ ਜਾਣ।

ਇਸ ਦੇ ਨਾਲ ਹੀ ਇਹ ਵੀ ਕਿਹਾ ਗਿਆ ਹੈ ਕਿ ਵਾਈਸ ਚਾਂਸਲਰ ਅਤੇ ਰਜਿਸਟਰਾਰ ਵਰਗੇ ਪ੍ਰਸਾਸਨਿਕ ਅਹੁਦਿਆਂ ਨੂੰ ਖਾਲੀ ਹੋਣ ਦੇ ਇਕ ਮਹੀਨੇ ਦੇ ਅੰਦਰ ਭਰਨਾ ਚਾਹੀਦਾ ਹੈ।ਇਹ ਹੁਕਮ ਜੱਜ ਜੇਬੀ ਪਾਰਡੀਵਾਲਾ ਅਤੇ ਆਰ ਮਹਾਦੇਵਨ ਦੇ ਬੈਂਚ ਨੇ ਉੱਚ ਵਿੱਦਿਅਕ ਅਦਾਰਿਆਂ ਦੇ ਵਿਦਿਆਰਥੀਆਂ ਦੁਆਰਾ ਆਤਮਹੱਤਿਆ ਦੀਆਂ ਵਧਦੀਆਂ ਘਟਨਾਵਾਂ ਨਾਲ ਸਬੰਧਤ ਮਾਮਲੇ ਵਿਚ ਦਿੱਤਾ।

ਕੋਰਟ ਨੇ ਕਿਹਾ ਕਿ ਸਰਕਾਰੀ ਅਤੇ ਨਿੱਜੀ ਵੱਖ-ਵੱਖ ਉੱਚ ਸਿੱਖਿਆ ਸੰਸਥਾਵਾਂ ’ਚ ਅਧਿਆਪਕਾਂ ਦੀ ਕਮੀ ਨੂੰ ਧਿਆਨ ਵਿਚ ਰੱਖਦੇ ਹੋਏ ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਫੈਕਲਟੀ ਦੇ ਸਾਰੇ ਖਾਲੀ ਅਹੁਦਿਆਂ, ਜਿਸ ’ਚ ਟੀਚਿੰਗ ਤੇ ਨਾਨ-ਟੀਚਿੰਗ ਦੋਵੇਂ ਸ਼ਾਮਲ ਹਨ, ਨੂੰ ਜਲਦ ਭਰਿਆ ਜਾਵੇ। ਇਸ ਸਮੱਸਿਆ ਪ੍ਰਤੀ ਤਾਂ ਸਰਕਾਰਾਂ ਨੂੰ ਚੌਕਸ ਰਹਿਣਾ ਚਾਹੀਦਾ ਸੀ। ਕਿਉਂਕਿ ਉਹ ਇਸ ਨੂੰ ਲੈ ਕੇ ਚੌਕਸ ਨਹੀਂ ਸਨ ਕਿ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਪਹਿਲ ਦੇ ਆਧਾਰ ’ਤੇ ਭਰੀਆਂ ਜਾਣ, ਇਸ ਲਈ ਸਰਕਾਰੀ ਤੇ ਨਾਲ ਹੀ ਨਿੱਜੀ ਖੇਤਰ ਦੇ ਉੱਚ ਵਿੱਦਿਅਕ ਅਦਾਰਿਆਂ ’ਚ ਵੱਡੀ ਗਿਣਤੀ ’ਚ ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਹਨ।



ਇਹ ਠੀਕ ਨਹੀਂ ਕਿ ਜੋ ਕੰਮ ਸਰਕਾਰ ਨੂੰ ਕਰਨਾ ਚਾਹੀਦਾ ਸੀ, ਉਹ ਸੁਪਰੀਮ ਕੋਰਟ ਨੂੰ ਕਰਨਾ ਪਿਆ। ਇਸ ਨੂੰ ਨਜਰਅੰਦਾਜ ਨਹੀਂ ਕੀਤਾ ਜਾ ਸਕਦਾ ਕਿ ਕਈ ਵਾਰ ਅਧਿਆਪਕਾਂ ਦੀਆਂ ਅਸਾਮੀਆਂ ਸਾਲਾਂ ਤੱਕ ਖਾਲੀ ਪਈਆਂ ਰਹਿੰਦੀਆਂ ਹਨ। ਹਾਲਾਤ ਕਿੰਨੇ ਖਰਾਬ ਹਨ, ਇਸ ਦਾ ਪਤਾ ਇਸ ਤੋਂ ਲੱਗਦਾ ਹੈ ਕਿ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਦੀ ਮੁਸ਼ਕਲ ਨਾਲ ਕੇਂਦਰੀ ਯੂਨੀਵਰਸਿਟੀਆਂ ਵੀ ਜੂਝ ਰਹੀਆਂ ਹਨ। ਇਸ ਦਾ ਮਤਲਬ ਹੈ ਕਿ ਸਿੱਖਿਆ ਮੰਤਰਾਲਾ ਵੀ ਇਸ ਪ੍ਰਤੀ ਚੌਕਸ ਨਹੀਂ ਕਿ ਅਧਿਆਪਕਾਂ ਦੇ ਅਹੁਦੇ ਲੰਬੇ ਸਮੇਂ ਤੱਕ ਖਾਲੀ ਨਾ ਰਹਿਣ। ਚੌਕਸੀ ਦੀ ਇਸ ਥੁੜ੍ਹ ਕਾਰਨ ਕਈ ਯੂਨੀਵਰਸਿਟੀਆਂ ’ਚ ਤਾਂ ਵਾਈਸ ਚਾਂਸਲਰ ਦੇ ਅਹੁਦੇ ਵੀ ਖਾਲੀ ਬਣੇ ਰਹਿੰਦੇ ਹਨ। ਸਮਝਣਾ ਮੁਸ਼ਕਲ ਹੈ ਕਿ ਅਜਿਹਾ ਕਿਉਂ ਹੈ? ਬਿਨਾਂ ਸ਼ੱਕ ਇਹ ਨਹੀਂ ਕਿਹਾ ਜਾ ਸਕਦਾ ਕਿ ਅਧਿਆਪਕਾਂ ਦੇ ਖਾਲੀ ਅਹੁਦਿਆਂ ਨੂੰ ਭਰਨ ਲਈ ਯੋਗ ਉਮੀਦਵਾਰਾਂ ਦੀ ਥੁੜ੍ਹ ਹੈ। ਅਧਿਆਪਕਾਂ ਦੇ ਅਹੁਦੇ ਖਾਲੀ ਰਹਿਣ ਨਾਲ ਵਿੱਦਿਅਕ ਅਦਾਰਿਆਂ ’ਚ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਘਰ ਕਰ ਜਾਂਦੀਆਂ ਹਨ। ਇਸ ਕਾਰਨ ਪੜ੍ਹਨ-ਪੜ੍ਹਾਉਣ ਤਾਂ ਪ੍ਰਭਾਵਿਤ ਹੁੰਦਾ ਹੀ ਹੈ, ਵਿਦਿਆਰਥੀਆਂ ਦੀਆਂ ਪਰੇਸ਼ਾਨੀਆਂ ਵੀ ਵਧ ਜਾਂਦੀਆਂ ਹਨ। ਇਨ੍ਹਾਂ ਪਰੇਸ਼ਾਨੀਆਂ ’ਤੇ ਵਿਚਾਰ ਕਰਦੇ ਹੋਏ ਸੁਪਰੀਮ ਕੋਰਟ ਨੇ ਪਾਇਆ ਕਿ ਦੇਸ਼ ਦੇ ਉੱਚ ਵਿੱਦਿਅਕ ਅਦਾਰਿਆਂ ’ਚ ਅਧਿਆਪਕਾਂ ਤੇ ਗੈਰ ਅਧਿਆਪਕਾਂ ਦੇ ਅਹੁਦੇ ਵੱਡੀ ਗਿਣਤੀ ’ਚ ਖਾਲੀ ਪਏ ਹੋਏ ਹਨ।

ਇਸ ਨਾਲ ਇਹ ਸਮਝਿਆ ਜਾ ਸਕਦਾ ਹੈ ਕਿ ਬਿਹਾਰ ਦੀਆਂ ਯੂਨੀਵਰਸਿਟੀਆਂ ’ਚ ਅਧਿਆਪਕਾਂ ਦੇ ਚਾਰ ਹਜਾਰ ਅਹੁਦੇ ਖਾਲੀ ਹਨ। ਹਰਿਆਣਾ ’ਚ ਕਿਸੇ ਯੂਨੀਵਰਸਿਟੀ ’ਚ ਛੇ ਸਾਲ ਤੋਂ ਤਾਂ ਕਿਸੇ ’ਚ ਅੱਠ ਸਾਲ ਤੋਂ ਪ੍ਰੋਫੈਸਰ, ਏਸੋਸੀਏਟ ਪ੍ਰੋਫੈਸਰ ਤੇ ਅਸਿਸਟੈਂਟ ਪ੍ਰੋਫੈਸਰ ਦੀ ਭਰਤੀ ਨਹੀਂ ਹੋਈ ਹੈ।

ਨਤੀਜਾ ਇਹ ਹੈ ਕਿ ਲਗਪਗ 60 ਫੀਸਦੀ ਅਹੁਦੇ ਖਾਲੀ ਹਨ। ਇਸੇ ਤਰ੍ਹਾਂ ਮੱਧ ਪ੍ਰਦੇਸ਼ ਦੀਆਂ 19 ਸਰਕਾਰੀ ਯੂਨੀਵਰਸਿਟੀਆਂ ’ਚੋਂ 15 ’ਚ ਅਧਿਆਪਕਾਂ ਦੇ 70 ਫੀਸਦੀ ਤੋਂ ਵੱਧ ਅਹੁਦੇ ਖਾਲੀ ਪਏ ਹਨ। ਇਹੀ ਹਾਲਾਤ ਹੋਰ ਸੂਬਿਆਂ ’ਚ ਵੀ ਹਨ। ਇਸ ਦਾ ਮਤਲਬ ਹੈ ਕਿ ਉੱਚ ਵਿੱਦਿਆ ਰੱਬ ਆਸਰੇ ਚੱਲ ਰਹੀ ਹੈ।

ਇਹ ਤਰਸਯੋਗ ਹਾਲਤ ਤਦ ਹੈ, ਜਦ ਨਵੀਂ ਸਿੱਖਿਆ ਨੀਤੀ ਲਾਗੂ ਹੋਏ ਪੰਜ ਸਾਲ ਬੀਤ ਗਏ ਹਨ ਤੇ ਉਸ ’ਚ ਵਿਦਿਆਰਥੀ-ਅਧਿਆਪਕ ਅਨੁਪਾਤ ’ਤੇ ਵਿਸ਼ੇਸ਼ ਜੋਰ ਦਿੱਤਾ ਗਿਆ ਹੈ। ਸਮੱਸਿਆ ਸਿਰਫ ਇਹ ਨਹੀਂ ਕਿ ਅਧਿਆਪਕਾਂ ਦੇ ਹੀ ਅਹੁਦੇ ਵੱਡੀ ਗਿਣਤੀ ’ਚ ਖਾਲੀ ਹਨ। ਅਧਿਆਪਕਾਂ ਦੇ ਨਾਲ-ਨਾਲ ਗੈਰ ਅਧਿਆਪਕਾਂ ਦੇ ਵੀ ਬਹੁਤ ਸਾਰੇ ਅਹੁਦੇ ਖਾਲੀ ਹਨ। ਇਹ ਹੋਰ ਕੁਝ ਨਹੀਂ ਉੱਚ ਸਿੱਖਿਆ ਦੇ ਢਾਂਚੇ ਨੂੰ ਕਮਜੋਰ ਕਰਨ ਵਾਲੀ ਸਥਿਤੀ ਹੀ ਹੈ। ਇਹ ਸਮਝਣ ’ਚ ਦੇਰ ਨਹੀਂ ਕਰਨੀ ਚਾਹੀਦੀ ਕਿ ਉੱਚ ਵਿੱਦਿਆ ਦੇ ਪੱਧਰ ’ਚ ਬਹੁਤ ਸੁਧਾਰ ਦੀ ਜਰੂਰਤ ਹੈ ਤੇ ਇਸ ਘਾਟ ਦੀ ਪੂਰਤੀ ਅਧਿਆਪਕਾਂ ਦੇ ਅਹੁਦੇ ਖਾਲੀ ਹੋਣ ਕਾਰਨ ਬਿਲਕੁਲ ਵੀ ਸੰਭਵ ਨਹੀਂ।

# ਗੁਰੂ ਗੋਬਿੰਦ ਸਿੰਘ ਇਕ ਬਹੁਪੱਖੀ ਸਖਸੀਅਤ

ਦੁਨੀਆ ਭਰ ਵਿਚ ਵਸਦੇ ਸਿੱਖ ਸਮਾਜ ਲਈ ਦਸੰਬਰ ਮਹੀਨੇ ਦਾ ਆਖਰੀ ਹਫਤਾ ਬਹੁਤ ਸੋਕ ਭਰਿਆ ਹੁੰਦਾ ਹੈ। ਇਸ ਦਾ ਕਾਰਨ ਇਹ ਹੈ ਕਿ ਇਸ ਹਫਤੇ ਵਿਚ ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜਾਦਿਆਂ ਨੇ, ਮਾਤਾ ਜੀ ਨੇ ਅਤੇ ਪਿਆਰਿਆਂ ਨੇ ਉਸ ਸਮੇਂ ਦੀ ਹਕੂਮਤ ਦੁਆਰਾ ਜਨਤਾ ਉੱਤੇ ਕੀਤੇ ਜਾ ਰਹੇ ਤਸੱਦਦ ਅਤੇ ਅਨਿਆਂ ਦੇ ਖਿਲਾਫ ਆਵਾਜ ਉਠਾਉਂਦੇ ਹੋਏ ਸਹੀਦੀਆਂ ਪ੍ਰਾਪਤ ਕੀਤੀਆਂ ਸਨ। ਸਿੱਖ ਸਮਾਜ ਅਜੇ ਤਕ ਇਸ ਸਦਮੇ ਵਿੱਚੋਂ ਬਾਹਰ ਨਹੀਂ ਆਇਆ ਅਤੇ ਇਹ ਕੁਰਬਾਨੀ ਕਿਸੇ ਵੀ ਸੂਰਤ ਵਿੱਚ ਭੁਲਾਉਣ ਵਾਲੀ ਵੀ ਨਹੀਂ ਹੈ। ਜਿਹੜੀ ਕੌਮ ਆਪਣੇ ਸਹੀਦਾਂ ਨੂੰ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਭੁਲਾ ਦਿੰਦੀ ਹੈ ਉਸ ਨੂੰ ਅਹਿਸਾਨ ਫਰਾਮੋਸ ਹੋਣ ਦਾ ਖਿਤਾਬ ਮਿਲ ਜਾਂਦਾ ਹੈ ਪਰ ਸਿੱਖ ਕੌਮ ਅਹਿਸਾਨ ਫਰਾਮੋਸ ਨਹੀਂ ਹੈ। ਇਸ ਦਾ ਸਬੂਤ ਅੱਜ ਕਲ ਸੋਸਲ ਮੀਡੀਆ ਉੱਤੇ ਲੋਕਾਂ ਦੁਆਰਾ ਪਾਈਆਂ ਪੋਸਟਾਂ ਵਿਚਲਾ ਵਿਰਲਾਪ ਹੈ। ਹਰ ਕੋਈ ਆਪਣੇ ਆਪਣੇ ਮਾਧਿਅਮ ਰਾਹੀਂ ਇਹ ਸਾਕਾ ਇਕ ਦੂਜੇ ਨੂੰ ਯਾਦ ਕਰਾਉਣ ਦੀ ਕੋਸਿਸ ਕਰਦਾ ਹੈ। ਗੁਰਦੁਆਰਿਆਂ ਵਿੱਚ ਕੀਰਤਨ ਦਰਬਾਰ ਹੁੰਦੇ ਹਨ, ਢਾਡੀ ਸਿੰਘ ਵਾਰਾਂ ਗਾਉਂਦੇ ਹਨ, ਕਵੀ ਸੱਜਣ ਕਵਿਤਾਵਾਂ ਲਿਖਦੇ ਅਤੇ ਪੜ੍ਹਦੇ ਹਨ ਅਤੇ ਹੋਰ ਅੰਮ੍ਰਿਤਧਾਰੀ ਅਤੇ ਸਹਿਜਧਾਰੀ ਸਿੱਖ ਆਪਣੇ ਆਪਣੇ ਢੰਗ ਨਾਲ ਇਸ ਦਿਨ ਨੂੰ ਯਾਦ ਕਰਦੇ ਹੋਏ ਸਰਧਾਂਜਲੀ ਭੇਂਟ ਕਰਦੇ ਹਨ। ਇਨ੍ਹਾਂ ਸਭਨਾਂ ਵਿਚ ਇਕ ਸਾਂਝਾਪਨ ਜੋ ਦੇਖਣ ਵਿੱਚ ਮਿਲਦਾ ਹੈ ਉਹ ਇਹ ਹੈ ਕਿ ਸਭ ਨੇ ਇਨ੍ਹਾਂ ਕੁਰਬਾਨੀਆਂ ਨੂੰ ਇਕ ਧਾਰਮਿਕ ਰੰਗਤ ਦੇ ਰੱਖੀ ਹੈ। ਹਿੰਦੂ ਸਮਾਜ ਵਾਲੇ ਵੀ ਇਸ ਗਲ ਦਾ ਪ੍ਰਚਾਰ ਕਰਦੇ ਹਨ ਕਿ ਗੁਰੂ ਸਹਿਬ ਨੇ ਸਨਾਤਨ ਧਰਮ ਦੀ ਰੱਖਿਆ ਲਈ ਸਰਬੰਸ ਵਾਰ ਦਿੱਤਾ। ਇੱਥੇ ਸੋਚਣ ਵਾਲੀ ਗਲ ਇਹ ਹੈ ਕਿ ਜੇਕਰ ਗੁਰੂ ਸਾਹਿਬ ਦੀ ਸਾਰੀ ਜੱਦੋ ਜਹਿਦ ਮੁਗਲ ਸਾਮਰਾਜ ਵੇਲੇ ਸਨਾਤਨ ਧਰਮ ਨੂੰ ਬਚਾਉਣ ਦੀ ਖਾਤਿਰ ਹੀ ਸੀ ਤਾਂ ਬਾਈਧਾਰ ਦੇ ਪਹਾੜੀ ਹਿੰਦੂ ਰਾਜਿਆਂ ਨਾਲ ਜੰਗ ਦਾ ਕੀ ਮਤਲਬ ਸੀ। ਗੁਰੂ ਗੋਬਿੰਦ ਸਿੰਘ ਦੀਆਂ ਬਹੁਤੀਆਂ ਜੰਗਾਂ ਤਾਂ ਹਿੰਦੂ ਰਾਜਿਆਂ ਦੇ ਖਿਲਾਫ ਹੋਈਆਂ ਹਨ। ਚੰਦੂ, ਗੰਗੂ ਬ੍ਰਾਹਮਣ, ਸਰਹੰਦ ਦੇ ਦਰਬਾਰ ਦਾ ਦੀਵਾਨ ਸੁੱਚਾ ਨੰਦ ਅਤੇ ਪਹਾੜੀ ਰਾਜੇ ਦੁਨੀ ਚੰਦ ਦੀ ਭੂਮਿਕਾ ਦਾ ਕਿਵੇਂ ਨਿਰਣਾ ਕਰਾਂਗੇ ਕਿ ਇਹ ਸਭ ਧਾਰਮਿਕ ਮਸਲਾ ਹੀ ਸੀ।

ਮੈਂ ਸਮਝਦਾ ਹਾਂ ਕਿ ਗੁਰੂ ਗਬਿੰਦ ਸਿੰਘ ਜੀ ਇਕ ਬਹੁ ਪੱਖੀ ਸਖਸੀਅਤ ਦੇ ਮਾਲਿਕ ਸਨ ਜਿਸ ਵਿਚ ਦੋਨੋਂ ਸੰਤ ਅਤੇ ਸਿਪਾਹੀ ਦਾ ਜਜਬਾ ਸੀ। ਉਹ ਗੁਰੂ ਨਾਨਕ ਸਾਹਿਬ ਤੋਂ ਚਲੇ ਆ ਰਹੇ ਫਲਸਫੇ ਦੇ ਵਾਰਿਸ ਅਤੇ ਰੱਖਿਅਕ, ਲੋਕਾਂ ਦੇ ਹੱਕਾਂ ਲਈ ਹਕੂਮਤ ਦੇ ਖਿਲਾਫ ਲੜਨ ਵਾਲੇ ਹਥਿਆਰਬੰਦ ਯੋਧਾ ਅਤੇ ਇਕ ਉੱਚ ਕੋਟੀ ਦੇ ਕਵੀ ਸਨ। ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਦੇ ਕੇ ਆਪਣੇ ਦੂਰ ਅੰਦੇਸੀ ਨੇਤਾ ਹੋਣ ਦਾ ਗੁਣ ਵੀ ਪ੍ਰਗਟ ਕੀਤਾ ਹੈ। ਉਨ੍ਹਾਂ ਨੇ ਆਪਣੇ ਆਪ ਨੂੰ ਗੁਰਦੁਆਰਿਆਂ ਵਿਚ ਕਿਸੇ ਵੀ ਤਰ੍ਹਾਂ ਉੱਲਝਾ ਕੇ ਆਪਣੇ ਮਾਰਗ ਤੋਂ ਨਹੀਂ ਭਟਕਾਇਆ। ਕਿਸੇ ਵੀ ਜੱਦੋ ਜਹਿਦ ਦਾ ਮੁੱਖ ਕਾਰਨ ਆਮ ਲੋਕਾਂ ਨਾਲ ਹੋ ਰਿਹਾ ਸਮਾਜਿਕ ਅਤੇ ਧਾਰਮਿਕ ਅਨਿਆਂ ਹੁੰਦਾ ਹੈ ਜਿਸ ਦੇ ਜਿੰਮੇਵਾਰ ਆਮ ਕਰਕੇ ਸਥਾਨਿਕ ਹਕੂਮਤ ਦੇ ਅਹਿਲਕਾਰ ਅਤੇ ਧਾਰਮਿਕ ਆਗੂ



ਹੁੰਦੇ ਹਨ ਜਿਹੜੇ ਅਕਸਰ ਇਕ ਦੂਜੇ ਨਾਲ ਰਲ ਕੇ ਆਪਣੀਆਂ ਆਪਣੀਆਂ ਰੋਟੀਆਂ ਸੇਕਦੇ ਹਨ। ਇਸ ਵਿੱਚ ਧਰਮ ਜਾਂ ਧਾਰਮਿਕ ਅਕੀਦੇ ਦਾ ਕੋਈ ਬਹੁਤਾ ਮਤਲਬ ਨਹੀਂ ਰਹਿ ਜਾਂਦਾ। ਸਿੱਖ ਧਰਮ ਦੀ ਸੁਰੂਆਤ ਭਾਵੇਂ ਗੁਰੂ ਨਾਨਕ ਸਾਹਿਬ ਤੋਂ ਮੰਨੀ ਜਾਂਦੀ ਹੈ ਪਰ ਅਸਲ ਵਿੱਚ ਇਸ ਫਲਸਫੇ ਦਾ ਬੀਜ ਤਾਂ ਕੁਝ ਸਦੀਆਂ ਪਹਿਲਾਂ ਹੀ ਬਾਬਾ ਫਰੀਦ ਜੀ, ਭਗਤ ਕਬੀਰ ਜੀ, ਭਗਤ ਰਵਿਦਾਸ ਜੀ ਅਤੇ ਹੋਰ ਭਗਤਾਂ ਦੀ ਬਾਣੀ ਦੇ ਰੂਪ ਵਿਚ ਬੀਜਿਆ ਜਾ ਚੁੱਕਾ ਸੀ। ਗੁਰੂ ਨਾਨਕ ਸਾਹਿਬ ਨੇ ਬਹੁਤ ਦ੍ਰਿੜ੍ਹਤਾ ਅਤੇ ਹਿੰਮਤ ਨਾਲ ਖੁੱਲ੍ਹੇ ਤੌਰ ਤੇ ਅਤੇ ਸਾਫ ਲਫਜਾਂ ਵਿੱਚ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਲੁੱਟ ਖਸੁੱਟ ਦਾ ਵਿਰੋਧ ਕਰਦੇ ਹੋਏ ਆਮ ਲੋਕਾਂ ਨੂੰ ਇਸ ਤੋਂ ਬਚਾਉਣ ਦਾ ਯਤਨ ਕੀਤਾ ਹੈ। ਇਸ ਦੇ ਬਹੁਤ ਸਾਰੇ ਸਬੂਤ ਉਨ੍ਹਾਂ ਦੁਆਰਾ ਰਚੀ ਹੋਈ ਗੁਰਬਾਣੀ ਵਿੱਚੋਂ ਉਦਾਹਰਣਾਂ ਦੇ ਰੂਪ ਵਿੱਚ ਦਿੱਤੇ ਜਾ ਸਕਦੇ ਹਨ। ਇਸ ਦਾ ਹੀ ਕਾਰਨ ਸੀ ਕਿ ਗੁਰੂ ਨਾਨਕ ਸਾਹਿਬ ਨੂੰ ਮੌਕੇ ਦੇ ਹੁਕਮਰਾਨ ਬਾਬਰ ਦੀ ਕੈਦ ਵੀ ਕੱਟਣੀ ਪਈ ਅਤੇ ਹੋਰ ਧਾਰਮਿਕ ਆਗੂਆਂ ਦਾ ਵਿਰੋਧ ਵੀ ਝਲਣਾ ਪਿਆ। ਮੈਂ ਸਮਝਦਾ ਹਾਂ ਕਿ ਇਹ ਸਭ ਕੁਝ ਦੁਨਿਆਵੀ ਸੀ ਪਰ ਸਾਡੇ ਮੌਜੂਦਾ ਧਾਰਮਿਕ ਆਗੂ ਅਤੇ ਸਾਡੀ ਮਾਨਸਿਕਤਾ ਇਸ ਨੂੰ ਧਾਰਮਿਕ ਅਤੇ ਅਧਿਆਤਮਿਕ ਰੰਗਤ ਦੇ ਦਿੰਦੀ ਹੈ।

ਇਹੀ ਫਲਸਫਾ ਗੁਰੂ ਨਾਨਕ ਸਾਹਿਬ ਤੋਂ ਸੁਰੂ ਹੋ ਕੇ ਬਾਕੀ ਗੁਰੂ ਸਾਹਿਬਾਨ ਰਾਹੀਂ ਗੁਰੂ ਗੋਬਿੰਦ ਸਿੰਘ ਤਕ ਪਹੁੰਚਿਆ ਸੀ। ਗੁਰੂ ਅਰਜਨ ਦੇਵ ਜੀ ਦੀ ਸਹੀਦੀ, ਗੁਰੂ ਹਰਿਗੋਬਿੰਦ ਸਾਹਿਬ ਦਾ ਫੌਜ ਦੀ ਸਥਾਪਨਾ ਕਰਨੀ, ਫਿਰ ਗੁਰੂ ਤੇਗ ਬਹਾਦਰ ਸਾਹਿਬ ਦੀ ਸਹੀਦੀ ਇਸ ਗਲ ਦਾ ਸਬੂਤ ਹੈ ਕਿ ਸਿੱਖ ਗੁਰੂ ਸਾਹਿਬਾਨਾਂ ਅਤੇ ਉਨ੍ਹਾਂ ਦੇ ਸਿੱਖਾਂ ਨੇ ਆਮ ਨਾਗਰਿਕਾਂ ਨੂੰ ਹਕੂਮਤਾਂ ਦੇ ਤਸੱਦਦ ਤੋਂ ਬਚਾਉਣ ਲਈ ਜੁਲਮ ਦੇ ਖਿਲਾਫ ਆਵਾਜ ਬੁਲੰਦ ਕੀਤੀ ਸੀ ਜਿਸ ਦਾ ਨਤੀਜਾ ਸਿੱਖਾਂ ਦੀਆਂ ਹਕੂਮਤਾਂ ਖਿਲਾਫ ਜੰਗਾਂ ਅਤੇ ਦਿੱਤੀਆਂ ਗਈਆਂ ਕੁਰਬਾਨੀਆਂ ਹਨ। ਇਹ ਸਭ ਕੁਝ ਅਚਾਨਕ ਨਹੀਂ ਹੋਇਆ ਲਗਦਾ। ਇਕ ਲੰਮੇ ਅਰਸੇ ਦੌਰਾਨ ਬਹੁਤ ਕੁਝ ਵਾਪਰਿਆ ਹੋਵੇਗਾ। ਗੁਰੂ ਤੇਗ ਬਹਾਦਰ ਸਾਹਿਬ ਦੀ ਸਹਾਦਤ ਤੋਂ ਬਾਦ ਬਾਲ ਗੁਰੂ ਗੋਬਿੰਦ ਅਤੇ ਉਨ੍ਹਾਂ ਦੇ ਪਰਿਵਾਰ ਦੀ ਮਾਨਸਿਕ ਦਸਾ ਕੀ ਰਹੀ ਹੋਵੇਗੀ ਜਿਸ ਵਿਚ ਹਕੂਮਤ ਦੇ ਅਨਿਆਂ ਖਿਲਾਫ ਆਵਾਜ ਉਠਾਉਣ ਦੀਆਂ ਵਿਉਂਤਾਂ ਬਣਦੀਆਂ ਹੋਣਗੀਆਂ ਬਾਰੇ ਬਹੁਤਾ ਪੜ੍ਹਨ ਸੁਣਨ ਨੂੰ ਨਹੀਂ ਮਿਲਦਾ ਅਤੇ ਸੋਸਲ ਮੀਡੀਆ ਤੇ ਤਾਂ ਬਿਲਕੁਲ ਨਹੀਂ। ਸੋਸਲ ਮੀਡੀਆ ਦੇ ਅਦਾਕਾਰ ਤਾਂ ਭਾਵੁਕ ਹੋ ਕੇ ਧਾਰਮਿਕ ਰੰਗਤ ਵਾਲੇ ਵਹਿਣ ਵਿਚ ਚੁੱਭੀਆਂ ਲਾ ਕੇ ਆਪਣੀ ਆਤਮਾ ਨੂੰ ਤ੍ਰਿਪਤ ਕੇ ਰਹੇ ਹੁੰਦੇ ਹਨ। ਗੁਰੂ ਗੋਬਿੰਦ ਸਿੰਘ ਨੇ 1699 ਵਿਚ ਖਾਲਸਾ ਸਾਜਨਾ ਕੀਤੀ ਅਤੇ 1705 ਵਿਚ ਚਮਕੌਰ ਸਾਹਿਬ ਦੀ ਜੰਗ ਹੋਈ ਜਿਸ ਦਾ ਜਿਕਰ ਅਸੀਂ ਅੱਜ ਕਲ ਕਰ ਰਹੇ ਹਾਂ। ਛੇ ਸਾਲ ਦੇ ਸਮੇਂ ਦੌਰਾਨ ਜੋ ਕੁਝ ਵੀ ਹੋਇਆ ਉਹ ਵਿਚਾਰਨਯੋਗ ਹੈ। ਇਹ ਸਭ ਕੁਝ ਦਾ ਇਤਿਹਾਸ ਜਾਂ ਤਾਂ ਸਾਂਭਿਆ ਨਹੀਂ ਗਿਆ ਜਾਂ ਕਿਸੇ ਨੇ ਜਾਨਣ ਦੀ ਕੋਸਿਸ ਨਹੀਂ ਕੀਤੀ ਗਈ ਤੇ ਜਾਂ ਜਾਣ ਬੁੱਝ ਕੇ ਛੁਪਾਇਆ ਗਿਆ ਹੈ। ਇਸ ਬਾਰੇ ਕੋਈ ਬਹੁਤੀ ਗਲ ਨਹੀਂ ਕਰਦਾ। ਗੁਰੂ ਗੋਬਿੰਦ ਸਿੰਘ ਦੀ ਸਮਾਜਿਕ ਅਤੇ ਰਾਜਨੀਤਿਕ ਸਖਸੀਅਤ ਦੇ ਪਹਿਲੂ ਬਾਰੇ ਗਲ ਕਰਨ ਦੀ ਵਜਾਏ ਆਮ ਸਿੱਖ ਨੂੰ ਦਸਮ ਗ੍ਰੰਥ ਨਾਲ ਜੁੜੇ ਵਿਵਾਦਾਂ ਵਿੱਚ ਉਲਝ ਕੇ ਅਸਲੀ ਮਕਸਦ ਤੋਂ ਭਟਕਾਇਆ ਗਿਆ ਲਗਦਾ ਹੈ। ਸਾਇਦ ਇਸ ਦਾ ਮੁੱਖ ਕਾਰਨ ਸਾਡੇ ਧਾਰਮਿਕ ਅਤੇ ਰਾਜਨੇਤਾਵਾਂ ਦਾ ਸਵਾਰਥੀ ਮਨੋਰਥ ਹੈ।

ਜੇਕਰ ਅਸੀਂ ਆਜਾਦੀ ਦੀ ਜੰਗ ਦੇ ਸਹੀਦਾਂ ਅਤੇ ਘੁਲਾਟੀਆਂ ਜਾਂ ਤਾਜਾ ਤਾਜਾ ਕਿਸਾਨੀ ਅੰਦੋਲਨ ਦੀ ਗਲ ਕਰੀਏ ਤਾਂ ਬਹੁਤ ਕੁਝ ਸਮਝ ਵਿਚ ਆਉਂਦਾ ਹੈ। ਇਨ੍ਹਾਂ ਜੱਦੋਜਹਿਦਾਂ ਦਾ ਕੋਈ ਨਾ ਕੋਈ ਮਕਸਦ ਸੀ ਜਿਹੜਾ ਉਸ ਵੇਲੇ ਦੀਆਂ ਹਕੂਮਤਾਂ ਦੇ ਲੋਕ ਵਿਰੋਧੀ ਫੈਸਲਿਆਂ ਨਾਲ ਜੁੜਿਆ ਹੋਇਆ ਸੀ। ਆਜਾਦੀ ਦੀ ਜੰਗ ਵੇਲੇ ਗੈਰਮੁਲਕੀ ਹਕੂਮਤ ਦੁਆਰਾ ਕੀਤੀ ਜਾ ਰਹੀ ਲੁੱਟ ਖਸੁੱਟ ਤੋਂ ਦੇਸ ਵਾਸੀਆਂ ਨੂੰ ਬਚਾਉਣ ਲਈ ਆਜਾਦ ਹੋ ਕੇ ਸਵੈ ਹਕੂਮਤ ਦਾ ਸਥਾਪਿਤ ਕਰਨਾ ਸੀ। ਇਸ ਮਕਸਦ ਦੀ ਪ੍ਰਾਪਤੀ ਲਈ ਬਹੁਤ ਸਾਰੀਆਂ ਕੁਰਬਾਨੀਆਂ ਵੀ ਦੇਣੀਆਂ ਪਈਆਂ। ਇਸੇ ਤਰ੍ਹਾਂ ਕਿਸਾਨ ਅੰਦੋਲਨ ਵਿੱਚ ਵੀ ਆਪਣੀਆਂ ਜਮੀਨਾਂ ਬਚਾਉਣ ਲਈ ਵੀ ਸਰਕਾਰੀ ਅਮਲੇ ਦਾ ਸਾਹਮਣਾ ਕਰਦੇ ਕਰਦੇ ਬਹੁਤ ਸਾਰੀਆਂ ਕੁਰਬਾਨੀਆਂ ਦੇਣੀਆਂ ਪਈਆਂ। ਇਹ ਕੁਰਬਾਨੀ ਦਾ ਜਜਬਾ ਬਿਨਾਂ ਸੱਕ ਗੁਰੂ ਗੋਬਿੰਦ ਸਿੰਘ ਦੁਆਰਾ ਕੀਤੀਆਂ ਕੁਰਬਾਨੀਆਂ ਅਤੇ ਪਾਈਆਂ ਪੈੜਾਂ ਦਾ ਨਤੀਜਾ ਹੈ।

ਜੇਕਰ ਅਸੀਂ ਗੁਰੂ ਸਾਹਿਬ ਦੀ ਜਿੰਦਗੀ ਅਤੇ ਘਾਲਣਾ ਨਾਲ ਇਨਸਾਫ ਕਰਨਾ ਚਾਹੁੰਦੇ ਹਾਂ ਤਾਂ ਇਸ ਦੇ ਧਾਰਮਿਕ ਪੱਖ ਦੇ ਨਾਲ ਨਾਲ ਇਸ ਦੇ ਸਮਾਜਿਕ ਅਤੇ ਰਾਜਨੀਤਿਕ ਪੱਖ ਬਾਰੇ ਵਿਚਾਰ ਕਰਨੀ ਵੀ ਜਰੂਰੀ ਬਣ ਜਾਂਦੀ ਹੈ ਜਿਸ ਨਾਲ ਉਨ੍ਹਾਂ ਦੀ ਸਖਸੀਅਤ ਦਾ ਇਕ ਹੋਰ ਪਹਿਲੂ ਨਜਰ ਆਵੇਗਾ ਅਤੇ ਇਸ ਦੀ ਅੱਜ ਦੇ ਦੌਰ ਵਿੱਚ ਜਿਆਦਾ ਜਰੂਰਤ ਹੈ। ਅਸੀਂ ਅਕਸਰ ਗੁਰੂ ਸਾਹਿਬ ਦੇ ਸਾਹਿਬਜਾਦਿਆਂ ਦੀਆਂ ਚਮਕੌਰ ਦੀ ਜੰਗ ਵਿੱਚ ਸਹੀਦੀਆਂ, ਸਰਹੰਦ ਦੀਆਂ ਨੀਹਾਂ ਵਿੱਚ ਚਿਣੇ ਜਾਣ ਦੀਆਂ, ਸਿੱਖਾਂ ਦੇ ਚਰਖੜੀਆਂ ਤੇ ਚੜ੍ਹਨ ਅਤੇ ਆਰਿਆਂ ਨਾਲ ਚੀਰੇ ਜਾਣ ਦੀ ਗਲ ਕਰਦੇ ਹਾਂ ਜੋ ਕਿ ਕਰਨੀ ਬਣਦੀ ਵੀ ਹੈ । ਪਰ ਇਸ ਸਭ ਕੁਝ ਨੂੰ ਧਾਰਮਿਕ ਰੰਗਤ ਹੀ ਦਿੱਤੀ ਜਾਂਦੀ ਹੈ। ਅਕਸਰ ਇਹ ਵੀ ਪ੍ਰਚਾਰ ਕੀਤਾ ਜਾਂਦਾ ਹੈ ਕਿ ਸਨਾਤਨੀ ਧਰਮ ਨੂੰ ਬਚਾਉਣ ਦੀ ਖਾਤਰ ਗੁਰੂ ਸਾਹਿਬ ਨੇ ਆਪਣਾ ਸਾਰਾ ਪਰਿਵਾਰ ਕੁਰਬਾਨ ਕਰ ਦਿੱਤਾ। ਇਸ ਤਰ੍ਹਾਂ ਲਗਦਾ ਹੈ ਕਿ ਸਿੱਖ ਧਰਮ ਦੇ ਮਕਸਦ ਨੂੰ ਸਨਾਤਨੀ ਧਰਮ ਦਾ ਹਿੱਸਾ ਬਣਾ ਕੇ ਅਤੇ ਇਸ ਨਾਲ ਸਨਾਤਨੀ ਧਰਮ ਆਧਾਰਿਤ ਮਿਥਿਹਾਸਿਕ ਕਹਾਣੀਆਂ ਨੂੰ ਗੁਰੂ ਸਾਹਿਬ ਦੇ ਨਾਮ ਨਾਲ ਜੋੜ ਕੇ ਸਿੱਖ ਧਰਮ ਨੂੰ ਅਸਲੀ ਮਕਸਦ ਤੋਂ ਭਟਕਾ ਕੇ ਖੇਰੂੰ ਖੇਰੂੰ ਕੀਤਾ ਜਾ ਰਿਹਾ ਹੈ। ਇਥੇ ਇਹ ਵੀ ਵਿਚਾਰਨ ਵਾਲੀ ਗਲ ਹੈ ਕਿ ਜਿਸ ਧਰਮ ਨੂੰ ਉਸ ਦੀਆਂ ਪਰੰਪਰਾਵਾਂ ਦਾ ਵਿਰੋਧ ਕਰਦੇ ਕਰਦੇ ਹੋਏ ਗੁਰੂ ਨਾਨਕ ਸਾਹਿਬ ਪਿੱਛੇ ਸੁੱਟ ਆਏ ਸਨ ਕੀ ਉਨ੍ਹਾਂ ਧਾਰਮਿਕ ਪਰੰਪਰਾਵਾਂ ਦੀ ਰੱਖਿਆ ਕਰਨਾ ਹੀ ਗੁਰੂ ਗੋਬਿੰਦ ਸਿੰਘ ਦਾ ਇਕੋ ਇਕ ਉਦੇਸ਼ ਹੋ ਸਕਦਾ ਸੀ ਜਿਸ ਲਈ ਐਨੀਆਂ ਕੁਰਬਾਨੀਆਂ ਦੇਣੀਆਂ ਪਈਆਂ ਜਾਂ ਇਸ ਤੋਂ ਵੱਧ ਕੁਝ ਹੋਰ ਵੀ ਹੈ ।

ਜਦੋਂ ਅਸੀਂ ਇਸ ਗਲ ਦਾ ਦਾਅਵਾ ਕਰਦੇ ਹਾਂ ਕਿ ਸਿੱਖ ਧਰਮ ਸਮੁੱਚੀ ਮਨੁੱਖਤਾ ਲਈ ਹੈ ਤਾਂ ਗੁਰੂ ਗੋਬਿੰਦ ਸਿੰਘ ਦੇ ਉਦੇਸਾਂ ਵਿੱਚ ਸਮੁੱਚੀ ਮਨੁੱਖਤਾ ਨਾਲ ਸੰਬੰਧਤ ਮੁੱਦੇ ਜਰੂਰ ਹੋਣਗੇ। ਗੁਰੂ ਸਾਹਿਬ ਕਿਸੇ ਧਰਮ ਵਿਸੇਸ ਦੀ ਵਜਾਏ ਇਨਸਾਨੀਅਤ ਦੇ ਧਰਮ ਦੀ ਨੁਮਾਇੰਦਗੀ ਕਰਦੇ ਸਨ। ਇਸ ਦਾ ਸਬੂਤ ਮੁਗਲਾਂ ਨੇ ਨਾਲ ਨਾਲ ਹਿੰਦੂ ਰਾਜਿਆਂ ਦੇ ਖਿਲਾਫ ਵੀ ਹੋਈਆਂ ਗੁਰੂ ਸਾਹਿਬ ਦੀਆਂ ਜੰਗਾਂ ਹਨ। ਬਹੁਤ ਸਾਰੇ ਮੁਸਲਮਾਨ ਗੁਰੂ ਸਾਹਿਬ ਦੇ ਸਾਥੀ ਵੀ ਸਨ ਅਤੇ ਸਿੱਖ ਇਤਿਹਾਸ ਵਿੱਚ ਅਹਿਮ ਸਿੱਖ-ਮੁਸਲਮਾਨ ਰਿਸਤੇ ਵੀ ਇਸ ਗਲ ਦੀ ਸਾਹਦੀ ਭਰਦੇ ਹਨ। ਮੈਨੂੰ ਨਹੀਂ ਲਗਦਾ ਕਿ ਗਲ ਸਿੱਧੀ ਸਹੀਦੀਆਂ ਤਕ ਪਹੁੰਚ ਗਈ ਹੋਵੇਗੀ। ਬਹੁਤ ਸਾਰੀਆਂ ਸਮਾਜਿਕ ਅਤੇ ਰਾਜਨੀਤਿਕ ਘਟਨਾਵਾਂ ਘਟੀਆਂ ਹੋਣਗੀਆਂ। ਜਿਹੜੇ ਵੀ ਮਸਲੇ ਰਹੇ ਹੋਣਗੇ ਉਨ੍ਹਾਂ ਦਾ ਸੁਖਾਵਾਂ ਹੱਲ ਲਭਣ ਲਈ ਬਹੁਤ ਕੋਸਿਸਾਂ ਹੋਈਆਂ ਹੋਣਗੀਆਂ। ਕਿਤੇ ਨਾ ਕਿਤੇ, ਕਿਸੇ ਨਾ ਕਿਸੇ ਦੁਆਰਾ ਗਲ ਬਣਦੀ ਬਣਦੀ ਬਿਗਾੜੀ ਗਈ ਹੋਵੇਗੀ। ਕਿਸੇ ਨਾ ਕਿਸੇ ਨੇ ਆਪਣੇ ਸਵਾਰਥ ਨੂੰ ਅੱਗੇ ਰੱਖਿਆ ਹੋਵੇਗਾ। ਇਸ ਸਭ ਬਾਰੇ ਗਲ ਬਾਤ ਹੋਣੀ ਬਹੁਤ ਜਰੂਰੀ ਹੈ।

ਮੇਰਾ ਖਿਆਲ ਨਹੀਂ ਕਿ ਗੁਰੂ ਸਾਹਿਬ ਨੇ ਸਮਾਜ ਦੇ ਕਿਸੇ ਵੀ ਵਰਗ ਨੂੰ ਵਿਹਲੇ ਬੈਠ ਕੇ ਬਾਕੀ ਦੇ ਸਮਾਜ ਉੱਤੇ ਬੋਝ ਬਣਨ ਦੀ ਇਜਾਜਤ ਦਿੱਤੀ ਹੋਵੇਗੀ ਜਿਵੇਂ ਕਿ ਇਕ ਵਰਗ ਅੱਜ ਦੇ ਦੌਰ ਵਿੱਚ ਗੁਰੂ ਸਾਹਿਬ ਦੀਆਂ ਲਾਡਲੀਆਂ ਫੌਜਾਂ ਦੇ ਰੂਪ ਵਿੱਚ ਮਿਲਦਾ ਹੈ। ਗੁਰੂ ਸਾਹਿਬ ਨੇ ਸਿੱਖਾਂ ਨੂੰ ਹਰ ਮੌਕੇ ਦੀ ਨਜਾਕਤ ਨੂੰ ਸਮਝਦਿਆਂ ਹੋਇਆਂ ਆਪਣੇ ਆਪ ਨੂੰ ਉਸ ਅਨੁਸਾਰ ਢਾਲ ਕੇ ਹਾਲਾਤ ਦਾ ਸਾਹਮਣਾ ਕਰਨ ਦੇ ਕਾਬਿਲ ਬਣਨ ਲਈ ਪ੍ਰੇਰਿਆ ਹੋਵੇਗਾ ਨਾ ਕਿ ਪ੍ਰੰਪਰਾਵਾਂ ਦੀ ਰਾਖੀ ਕਰਨ ਲਈ ਕਿਸੇ ਨੂੰ ਜਿੰਮੇਵਾਰੀ ਦਿੱਤੀ ਹੋਵੇਗੀ। ਆਮ ਸਿੱਖਾਂ ਨੂੰ ਮੈਦਾਨ ਏ ਜੰਗ ਵਿਚ ਜਾ ਕੇ ਲੜਨ ਲਈ ਦਿਮਾਗੀ ਅਤੇ ਸਰੀਰਕ ਤੌਰ ਤੇ ਤਾਕਤਵਰ ਹੋਣ ਲਈ ਕਈ ਸਾਧਨ ਜੁਟਾਏ ਹੋਣਗੇ ਜੋ ਅਜ ਕਲ ਧਾਰਮਿਕ ਵਹਾਅ ਵਿਚ ਘੱਟ ਹੀ ਦੇਖਣ ਵਿਚ ਮਿਲਦੇ ਹਨ। ਮੈਂ ਸਮਝਦਾ ਹਾਂ ਕਿ ਆਪਣੇ ਆਪ ਨੂੰ ਗਮਗੀਨ ਕਰਨ ਦੀ ਵਜਾਏ ਉਨ੍ਹਾਂ ਦੇ ਪਾਏ ਪੂਰਨਿਆਂ ਤੇ ਚਲ ਕੇ ਉਨ੍ਹਾਂ ਦੇ ਉਦੇਸ ਦੀ ਪੂਰਤੀ ਲਈ ਹਰ ਸੰਭਵ ਉਪਰਾਲਾ ਕਰਨ ਦੀ ਜਰੂਰਤ ਹੈ। ਅਗਲੀਆਂ ਪੀੜ੍ਹੀਆਂ ਨੂੰ ਸਿਰਫ ਰਾਹ ਦਿਖਾਉਣ ਦੀ ਜਰੂਰਤ ਹੈ ਅਤੇ ਮਕਸਦ ਦੀ ਪ੍ਰਾਪਤੀ ਲਈ ਅਗਲੀਆਂ ਪੀੜ੍ਹੀਆਂ ਵਿਚ ਬੇਅੰਤ ਸਕਤੀ ਅਤੇ ਸਮਝ ਹੈ।

ਡਾ: ਦਵਿੰਦਰ ਸਿੰਘ ਜੀਤਲਾ
Dr. Davinder Singh Jitla



# ਗੁਰਦੁਆਰਿਆਂ ਦੀ ਪਵਿੱਤਰਤਾ ਖਾਤਰ ਆਪਾ ਵਾਰਨ ਦੀ ਮਿਸਾਲ: ਸਾਕਾ ਨਨਕਾਣਾ ਸਾਹਿਬ






ਗੁਰਦੁਆਰਾ ਸੁਧਾਰ ਲਹਿਰ ਵਿਚ ਸ੍ਰੀ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਅਸਥਾਨ ਨੂੰ ਕੁਕਰਮੀ ਮਹੰਤਾਂ ਤੋਂ ਆਜ਼ਾਦ ਕਰਵਾਉਣ ਲਈ ਆਪਾ ਵਾਰਨ ਦੀ ਅਦੁੱਤੀ ਮਿਸਾਲ ਹੈ। ਇਸ ਸਾਕੇ ਨੇ ਸਾਰੀ ਸਿੱਖ ਕੌਮ ਨੂੰ ਇੱਕ ਜ਼ਬਰਦਸਤ ਹਲੂਣਾ ਦੇ ਕੇ ਝੰਜੋੜ ਦਿੱਤਾ। ਇਸ ਸਾਕੇ ਨੂੰ ਵਾਪਰਿਆਂ ਸੌ ਸਾਲ ਦਾ ਸਮਾਂ ਹੋ ਚੁੱਕਾ ਹੈ, ਜਿਸ ਦੀ ਸ਼ਤਾਬਦੀ ਸਮੁੱਚੇ ਸਿੱਖ ਜਗਤ ਵੱਲੋਂ ਮਨਾਈ ਜਾ ਰਹੀ ਹੈ। ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਤੋਂ ਇਲਾਵਾ ਭਾਰਤੀ ਪੰਜਾਬ ਅੰਦਰ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਗੋਧਰਪੁਰ ਵਿਖੇ ਵਿਸ਼ਾਲ ਸਮਾਗਮ ਕੀਤੇ ਜਾ ਰਹੇ ਹਨ। ਗੋਧਰਪੁਰ ਉਹ ਨਗਰ ਹੈ ਕਿ ਜਿਥੇ ਸ਼ਹੀਦ ਭਾਈ ਲਛਮਣ ਸਿੰਘ ਧਾਰੋਵਾਲੀ ਦਾ ਪਰਿਵਾਰ ਆ ਕੇ ਵੱਸਿਆ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦਾ ਸਿੱਖ ਕੌਮ ਅੰਦਰ ਬੇਹੱਦ ਸਤਿਕਾਰ ਵਾਲਾ ਸਥਾਨ ਹੈ। ਇਸ ਪਾਵਨ ਅਸਥਾਨ ਪ੍ਰਤੀ ਸਿੱਖਾਂ ਦੀ ਸ਼ਰਧਾ ਬਹੁਤ ਵੱਡੀ ਹੈ। ਇਸੇ ਸ਼ਰਧਾ ਤਹਿਤ ਹੀ ਮਹਾਰਾਜਾ ਰਣਜੀਤ ਸਿੰਘ ਨੇ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦੇ ਨਾਂ 'ਤੇ ਕਈ ਮੁਰੱਬੇ ਜ਼ਮੀਨ ਲਗਾਈ। ਨਹਿਰੀ ਸੰਚਾਈ ਕਾਰਨ ਜ਼ਮੀਨ ਦੀ ਆਮਦਨ ਚੋਖੀ ਸੀ ਅਤੇ ਗੁਰਦੁਆਰਾ ਸਾਹਿਬ 'ਤੇ ਕਾਬਜ਼ ਕੁਕਰਮੀ ਮਹੰਤਾਂ ਨੇ ਇਸ ਆਮਦਨ ਦੀ ਦੁਰਵਤੋਂ ਕਰਦਿਆਂ ਮਨਮਾਨੀਆਂ ਸ਼ੁਰੂ ਕਰ ਦਿੱਤੀਆਂ। ਗੁਰੂ ਘਰ ਅੰਦਰ ਕੁਕਰਮਾਂ ਦਾ ਚਲਣ ਮਹੰਤਾਂ ਦੇ ਜੀਵਨ ਦਾ ਹਿੱਸਾ ਬਣ ਗਿਆ। ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦਾ ਮਹੰਤ ਸਾਧੂ ਰਾਮ ਸ਼ਰਾਬੀ ਤੇ ਆਚਰਣ ਤੋਂ ਡਿੱਗਿਆ ਹੋਇਆ ਸੀ। ਉਸ ਦੇ ਮਰਨ ਉਪਰੰਤ ਮਹੰਤ ਕਿਸ਼ਨ ਦਾਸ ਕਾਬਜ਼ ਹੋਇਆ। ਉਹ ਵੀ ਸ਼ਰਾਬੀ, ਜੂਏਬਾਜ਼ ਸੀ ਤੇ ਪਹਿਲੇ ਮਹੰਤ ਨਾਲੋਂ ਵੀ ਕਈ ਗੁਣਾ ਵੱਧ ਔਗੁਣਾ ਵਾਲਾ ਸੀ। ਉਸ ਨੇ ਬਹੁਤ ਵਾਅਦੇ ਕੀਤੇ ਪਰ ਸਭ ਛਿੱਕੇ ਟੰਗ ਕੇ ਮਨਮਰਜ਼ੀਆਂ ਕਰਨ ਲੱਗ ਪਿਆ। ਉਸਦੀ ਮੌਤ ਮਗਰੋਂ ਨਰੈਣੂ (ਨਰਾਇਣ ਦਾਸ) ਮਹੰਤ ਬਣਿਆ। ਉਸ ਨੇ ਸੰਗਤ ਦੇ ਕਹਿਣ 'ਤੇ ਇਕ ਮੈਜਿਸਟ੍ਰੇਟ ਦੇ ਸਾਹਮਣੇ ਇਕਬਾਲ ਕੀਤਾ ਕਿ ਉਹ ਅਜਿਹੇ ਕੰਮ ਨਹੀਂ ਕਰੇਗਾ ਜੋ ਪਹਿਲੇ ਮਹੰਤ ਕਰਦੇ ਆਏ ਹਨ, ਪਰ ਇਹ ਵਾਅਦੇ ਅਸਲੀਅਤ ਵਿਚ ਨਾ ਆਏ। ਇਹ ਅਤਿ ਦਰਜੇ ਦਾ ਸ਼ਰਾਬੀ ਤੇ ਭੈੜੇ ਆਚਰਣ ਵਾਲਾ ਨਿਕਲਿਆ।

ਮਹੰਤ ਨੇ ਗੁਰਦੁਆਰਾ ਸਾਹਿਬ ਨੂੰ ਅੱਯਾਸ਼ੀ ਦਾ ਅੱਡਾ ਬਣਾਇਆ ਹੋਇਆ ਸੀ। ਅਗਸਤ 1917 ਵਿਚ ਮਹੰਤ ਨੇ ਗੁਰਦੁਆਰੇ ਦੀ ਹਦੂਦ ਦੇ ਅੰਦਰ ਵੇਸਵਾ ਦਾ ਨਾਚ ਕਰਾਇਆ ਤੇ ਸ਼ਰਾਬ ਦਾ ਦੌਰ ਚਲਾਇਆ। ਉਸ ਦੇ ਚੇਲੇ ਵੀ ਖਤਰਨਾਕ ਹੱਦ ਤਕ ਵਿਗੜੇ ਹੋਏ ਸਨ। ਉਨ੍ਹਾਂ ਨੂੰ ਇਸ ਪਵਿੱਤਰ ਅਸਥਾਨ ਨਾਲ ਨਾ ਤਾਂ ਪਿਆਰ ਸੀ ਤੇ ਨਾ ਹੀ ਇਸਦੀ ਪਵਿੱਤਰਤਾ ਬਣਾਈ ਰੱਖਣ ਦੇ ਇੱਛੁਕ ਸਨ। ਉਹ ਤਾਂ ਪਵਿੱਤਰ ਅਸਥਾਨ ਦੀ ਕੁਵਰਤੋਂ ਕਰਕੇ ਧੱਜੀਆਂ ਉਡਾ ਰਹੇ ਸਨ। ਸੰਨ 1918 ਨੂੰ ਇੱਕ ਰਿਟਾਇਰਡ ਸਿੰਧੀ ਅਫਸਰ ਆਪਣੇ ਪਰਿਵਾਰ ਸਮੇਤ ਸ੍ਰੀ ਨਨਕਾਣਾ ਸਾਹਿਬ ਦੇ ਦਰਸ਼ਨ ਕਰਨ ਲਈ ਆਇਆ ਤਾਂ ਰਾਤ ਸਮੇਂ ਉਸਦੀ 13 ਸਾਲ ਦੀ ਲੜਕੀ ਨਾਲ ਮਹੰਤ ਦੇ ਚੇਲੇ ਨੇ ਕੁਕਰਮ ਕੀਤਾ ਅਤੇ ਮਹੰਤ ਨਰੈਣੂ ਨੇ ਆਪਣੇ ਚੇਲੇ ਵਿਰੁੱਧ ਕੋਈ ਕਾਰਵਾਈ ਨਾ ਕੀਤੀ। ਉਸੇ ਸਾਲ ਲਾਇਲਪੁਰ ਦੇ ਜੜ੍ਹਾਂ ਵਾਲੇ ਇਲਾਕੇ ਦੀਆਂ ਛੇ ਬੀਬੀਆਂ ਗੁਰਦੁਆਰੇ ਦਰਸ਼ਨ ਲਈ ਆਈਆਂ ਤਾਂ ਮਹੰਤ ਦੇ ਚੇਲਿਆਂ ਨੇ ਉਨ੍ਹਾਂ ਦਾ ਵੀ ਇਹੀ ਹਸ਼ਰ ਕੀਤਾ। ਜਦੋਂ ਕੁਝ ਸਿੰਘਾਂ ਨੇ ਮਹੰਤ ਕੋਲ ਇਸ ਗੱਲ ਦਾ ਰੋਸ ਕੀਤਾ ਤਾਂ ਅੱਗੋਂ ਉਸ ਨੇ ਇਹ ਕਿਹਾ ਕਿ ਗੁਰਦੁਆਰਾ ਸਾਡੀ ਨਿੱਜੀ ਦੁਕਾਨ ਹੈ, ਇਥੇ ਤੁਸੀਂ ਆਪਣੀਆਂ ਇਸਤਰੀਆਂ ਨਾ ਭੇਜਿਆ ਕਰੋ।

ਇਥੋਂ ਦੀ ਵੱਧ ਰਹੀ ਗੁੰਡਾਗਰਦੀ ਤੇ ਅਨਰਥ ਨੂੰ ਦੇਖਦੇ ਹੋਏ ਅਕਤੂਬਰ 1920 ਵਿਚ ਪਿੰਡ ਧਾਰੋਵਾਲੀ ਜ਼ਿਲ੍ਹਾ ਸ਼ੇਖੂਪੁਰਾ ਵਿਚ ਇਕ ਭਾਰੀ ਦੀਵਾਨ ਕੀਤਾ ਗਿਆ, ਜਿਸ ਵਿਚ ਸ੍ਰੀ ਨਨਕਾਣਾ ਸਾਹਿਬ ਦੇ ਸੁਧਾਰ ਲਈ ਗੁਰਮਤਾ ਪਾਸ ਕੀਤਾ। ਉਧਰ ਮਹੰਤ ਨੇ ਹਰ ਰੋਜ਼ ਆਸ-ਪਾਸ ਦੇ ਪਿੰਡਾਂ ਵਿਚੋਂ ਪੰਜ ਸੌ ਆਦਮੀ ਆਪਣੀ ਮਦਦ ਲਈ ਬੁਲਾਉਣੇ ਸ਼ੁਰੂ ਕਰ ਦਿੱਤੇ। ਮਹੰਤ ਨੇ ਗੁਰਦੁਆਰਿਆਂ 'ਤੇ ਕਾਬਜ਼ ਮਹੰਤਾਂ ਦਾ ਇੱਕ ਇਕੱਠ ਸਿੱਖਾਂ ਦਾ ਟਾਕਰਾ ਕਰਨ ਲਈ ਸੱਦਿਆ। ਇਸ ਵਿਚ 60 ਆਦਮੀ ਸ਼ਾਮਲ ਹੋਏ। ਨਰਾਇਣ ਦਾਸ ਨੇ ਸਭ ਨੂੰ ਸਪੱਸ਼ਟ ਕਰ ਦਿੱਤਾ ਕਿ ਇਹ ਅਕਾਲੀ ਸੁਧਾਰ ਦੇ ਬਹਾਨੇ ਸਾਡੇ ਕੋਲੋਂ ਆਮਦਨ ਦੇ ਸੋਮੇ ਆਪਣੇ ਕਬਜ਼ੇ ਵਿਚ ਲੈਣਾ ਚਾਹੁੰਦੇ ਹਨ। ਇਹ ਸਾਨੂੰ ਭੁੱਖੇ ਮਾਰਨਾ ਚਾਹੁੰਦੇ ਹਨ ਤੇ ਫਿਰ ਆਪਾਂ ਸੜਕ 'ਤੇ ਰਾਹ ਵੇਖਣ ਜੋਗੇ ਹੀ ਰਹਿ ਜਾਵਾਂਗੇ। ਹੁਣ ਹੰਭਲਾ ਮਾਰਨ ਦੀ ਲੋੜ ਹੈ। ਇਕ ਵਾਰ ਹੰਭਲਾ ਮਾਰ ਕੇ ਇਨ੍ਹਾਂ ਨੂੰ ਦਬਾਅ ਲਵੋ ਨਹੀਂ ਤਾਂ ਇਹ ਸਾਨੂੰ ਦਬਾਅ ਲੈਣਗੇ। ਇਸ ਮੰਤਵ ਲਈ 60 ਹਜ਼ਾਰ ਰੁਪਏ ਦਾ ਫੰਡ ਇਕੱਠਾ ਕੀਤਾ ਗਿਆ। ਫੰਡ ਇਕੱਠਾ ਕਰਕੇ ਉਨ੍ਹਾਂ ਨੇ ਹਥਿਆਰ ਖਰੀਦ ਕੇ ਗੁਰਦੁਆਰੇ ਵਿਚ ਰੱਖ ਲਏ ਤੇ ਬਹੁਤ ਸਾਰੇ ਕਿਰਾਏ ਦੇ ਗੁੰਡੇ ਵੀ ਜਮ੍ਹਾਂ ਕਰ ਲਏ। ਭਾਰੀ ਗਿਣਤੀ ਵਿਚ ਗੋਲੀ, ਸਿੱਕਾ, ਮਿੱਟੀ ਦਾ ਤੇਲ, ਲੱਕੜਾਂ ਆਦਿ ਇਕੱਠੀਆਂ ਕਰ ਲਈਆਂ। 23 ਜਨਵਰੀ ਤੇ 6 ਫਰਵਰੀ 1921 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸ਼੍ਰੋਮਣੀ ਕਮੇਟੀ ਦੇ ਸਮਾਗਮ ਹੋਏ ਜਿਨ੍ਹਾਂ ਵਿਚ ਸ੍ਰੀ ਨਨਕਾਣਾ ਸਾਹਿਬ ਸਬੰਧੀ ਵਿਚਾਰ ਹੋਈ। ਸਾਰੇ ਪੰਥ ਵਿਚ ਸ੍ਰੀ ਨਨਕਾਣਾ ਸਾਹਿਬ ਦੇ ਪ੍ਰਬੰਧ ਨੂੰ ਸੁਧਾਰਨ ਲਈ ਜੋਸ਼ ਠਾਠਾਂ ਮਾਰ ਰਿਹਾ ਸੀ। ਜ਼ਿਲ੍ਹਾ ਸ਼ੇਖੂਪੁਰਾ ਤੇ ਲਾਇਲਪੁਰ ਵਿਚ ਭਾਰੀ ਦੀਵਾਨ ਕੀਤੇ ਗਏ। ਭਾਈ ਲਛਮਣ ਸਿੰਘ ਧਾਰੋਵਾਲੀ ਨੇ ਇਕ ਤਕੜਾ ਜਥਾ ਤਿਆਰ ਕਰਨਾ ਸ਼ੁਰੂ ਕਰ ਦਿੱਤਾ। 17 ਫਰਵਰੀ ਨੂੰ ਸ੍ਰੀ ਗੁਰੂ ਸਿੰਘ ਸਭਾ ਲਾਇਲਪੁਰ ਦੇ ਗੁਰਦੁਆਰੇ ਵਿਚ ਵੀ ਮੁਖੀ ਸਿੰਘਾਂ ਦੀ ਇਕੱਤਰਤਾ ਹੋਈ, ਜਿਸ ਵਿਚ ਜਥਾ ਲਿਜਾਣ ਬਾਰੇ ਵਿਚਾਰ ਕੀਤੀ ਗਈ। ਭਾਈ ਲਛਮਣ ਸਿੰਘ ਧਾਰੋਵਾਲੀ, ਭਾਈ ਕਰਤਾਰ ਸਿੰਘ ਝੱਬਰ, ਸ. ਤੇਜਾ ਸਿੰਘ ਚੂਹੜਕਾਣਾ ਆਦਿ ਸਿੱਖ ਆਗੂ ਸਾਰੀ ਤਹਿਰੀਕ ਨੂੰ ਚਲਾ ਰਹੇ ਸਨ। ਗੁਰਦੁਆਰਾ ਸਾਹਿਬ ਦਾ ਪ੍ਰਬੰਧ ਪੰਥਕ ਹੱਥਾਂ ਵਿਚ ਲੈਣ ਲਈ ਫੈਸਲਾ ਹੋਇਆ ਕਿ ਦੋਵੇਂ ਜਥੇ 20 ਫ਼ਰਵਰੀ ਨੂੰ ਸ੍ਰੀ ਨਨਕਾਣਾ ਸਾਹਿਬ ਪੁੱਜਣ। ਮਹੰਤ ਨੇ ਨਵੀਂ ਚਲਾਕੀ ਖੇਡਦਿਆਂ ਗੱਲਬਾਤ ਦੀ ਤਜਵੀਜ਼ ਰੱਖੀ, ਪਰ ਸਮਾਂ ਦੇ ਕੇ ਨਾ ਪਹੁੰਚਿਆ। ਮਹੰਤ ਦੀ ਬਦਨੀਤੀ ਨੂੰ ਸਮਝਦਿਆਂ ਸਿੱਖ ਆਗੂਆਂ ਨੇ ਟਕਰਾਅ ਦੀ ਸਥਿਤੀ ਨੂੰ ਟਾਲਣ ਲਈ ਉਲੀਕੇ ਪ੍ਰੋਗਰਾਮ ਅੱਗੇ ਪਾਉਣ ਦੀ ਸਲਾਹ ਕੀਤੀ, ਪਰ ਭਾਈ ਲਛਮਣ ਸਿੰਘ ਧਾਰੋਵਾਲੀ ਕੋਲ ਇਸਦੀ ਜਾਣਕਾਰੀ ਪੁੱਜਣ ਤਕ ਉਹ ਅਰਦਾਸਾ ਸੋਧ ਚੁੱਕੇ ਸਨ ਅਤੇ ਜਿਸ ਕਾਰਨ ਉਨ੍ਹਾਂ ਨੇ ਪਿੱਛੇ ਹਟਣ ਤੋਂ ਇਨਕਾਰ ਕਰ ਦਿੱਤਾ।

ਭਾਈ ਲਛਮਣ ਸਿੰਘ ਜੋ 19 ਫਰਵਰੀ ਦੀ ਸ਼ਾਮ ਨੂੰ ਪਿੰਡੋਂ ਜਥਾ ਲੈ ਕੇ ਚੱਲੇ ਸਨ, ਅਗਲੀ ਸਵੇਰ ਸ੍ਰੀ ਨਨਕਾਣਾ ਸਾਹਿਬ ਪੁੱਜੇ। ਭਾਈ ਸਾਹਿਬ ਦੇ ਨਾਲ ਉਸ ਸਮੇਂ 200 ਦੇ ਕਰੀਬ ਸਿੰਘ ਸਨ। ਜਥੇ ਨੇ ਸ਼ਰਧਾ ਨਾਲ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਭਾਈ ਲਛਮਣ ਸਿੰਘ ਧਾਰੋਵਾਲੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਗਏ।

ਮਹੰਤ ਨਰਾਇਣ ਦਾਸ ਨੇ ਕਤਲੇਆਮ ਦੀ ਪੂਰੀ ਤਿਆਰੀ ਕੀਤੀ ਹੋਈ ਸੀ। ਮਿੱਟੀ ਦੇ ਤੇਲ ਦੇ ਪੀਪੇ, ਛਵੀਆਂ, ਗੰਡਾਸੇ, ਲੱਕੜਾਂ, ਬੰਦੂਕਾਂ ਤੇ ਕਾਰਤੂਸ ਕਾਫੀ ਮਾਤਰਾ ਵਿਚ ਮੰਗਵਾ ਕੇ ਰੱਖੇ ਹੋਏ ਸਨ। ਜਦੋਂ ਜਥਾ ਜਨਮ ਅਸਥਾਨ ਅੰਦਰ ਦਾਖਲ ਹੋਇਆ ਤਾਂ ਮਹੰਤ ਨੇ ਬਾਹਰਲੇ ਦਰਵਾਜ਼ੇ ਬੰਦ ਕਰ ਦਿੱਤੇ। ਕਾਤਲਾਂ ਨੇ ਸਿੰਘਾਂ ਉਪਰ ਵਾਰ ਕਰਨੇ ਸ਼ੁਰੂ ਕਰ ਦਿੱਤੇ। ਛੱਤ ਦੇ ਉਪਰੋਂ ਮਹੰਤ ਦੇ ਗੁੰਡਿਆਂ ਨੇ ਗੋਲੀਆਂ ਦੀ ਵਰਖਾ ਕਰਕੇ ਸ਼ਾਂਤਮਈ ਸਿੰਘਾਂ ਨੂੰ ਵਿੰਨ੍ਹ ਦਿੱਤਾ। ਛਵੀਆਂ ਤੇ ਗੰਡਾਸਿਆਂ ਨਾਲ ਸਿੰਘਾਂ ਨੂੰ ਸ਼ਹੀਦ ਕੀਤਾ ਗਿਆ। ਭਾਈ ਲਛਮਣ ਸਿੰਘ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਸਨ, ਨੂੰ ਵੀ ਗੋਲੀਆਂ ਲੱਗੀਆਂ। ਸ਼ਹੀਦ ਸਿੰਘਾਂ ਦੇ ਸਰੀਰਾਂ ਨੂੰ ਤੇਲ ਪਾ ਕੇ ਫੂਕਿਆ ਗਿਆ ਅਤੇ ਭਾਈ ਲਛਮਣ ਸਿੰਘ ਨੂੰ ਜ਼ਖਮੀ ਹਾਲਤ ਵਿਚ ਜੰਡ ਨਾਲ ਬੰਨ੍ਹ ਕੇ ਅੱਗ ਲਗਾ ਦਿੱਤੀ। ਸ. ਦਲੀਪ ਸਿੰਘ ਜੀ ਉਸ ਸਮੇਂ ਸ. ਉੱਤਮ ਸਿੰਘ ਦੇ ਕਾਰਖਾਨੇ ਵਿਚ ਸਨ। ਜਦੋਂ ਉਨ੍ਹਾਂ ਨੇ ਗੋਲੀਆਂ ਦੀ ਅਵਾਜ਼ ਸੁਣੀ ਤਾਂ ਉਹ ਭੱਜ ਕੇ ਗੁਰਦੁਆਰਾ ਸਾਹਿਬ ਆ ਗਏ। ਜਦੋਂ ਨੇੜੇ ਪੁੱਜੇ ਤਾਂ ਗੁੰਡਿਆਂ ਨੇ ਛਵੀਆਂ ਤੇ ਗੰਡਾਸੇ ਮਾਰ ਕੇ ਉਨ੍ਹਾਂ ਨੂੰ ਵੀ ਭੱਖਦੀ ਭੱਠੀ ਵਿਚ ਸੁੱਟ ਦਿੱਤਾ।

ਇਸ ਸਾਕੇ ਸਬੰਧੀ ਸ. ਉੱਤਮ ਸਿੰਘ ਕਾਰਖਾਨੇ ਵਾਲਿਆਂ ਨੇ ਪੰਥਕ ਜਥੇਬੰਦੀ ਤੇ ਸਰਕਾਰੀ ਅਫਸਰਾਂ ਨੂੰ ਤਾਰਾਂ ਭੇਜੀਆਂ। 21 ਫਰਵਰੀ 1921 ਨੂੰ ਮੁਖੀ ਸਿੱਖ ਤੇ ਅਣਗਿਣਤ ਸੰਗਤਾਂ ਸ੍ਰੀ ਨਨਕਾਣਾ ਸਾਹਿਬ ਪੁੱਜੀਆਂ। ਉਸੇ ਦਿਨ ਸ਼ਾਮ ਨੂੰ ਸ੍ਰੀ ਨਨਕਾਣਾ ਸਾਹਿਬ ਦਾ ਪ੍ਰਬੰਧ ਪੰਥਕ ਜਮਾਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੱਥਾਂ ਵਿਚ ਆ ਗਿਆ। 22 ਫਰਵਰੀ ਦੀ ਸ਼ਾਮ ਨੂੰ ਸ਼ਹੀਦ ਸਿੰਘਾਂ ਦਾ ਅੰਤਿਮ ਸੰਸਕਾਰ ਕੀਤਾ ਗਿਆ। ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਦੀ ਖਬਰ ਸਾਰੇ ਪੰਥ ਤੇ ਦੇਸ਼ ਵਿਚ ਬੜੇ ਦੁੱਖ ਨਾਲ ਸੁਣੀ ਗਈ। ਹਜ਼ਾਰਾਂ ਲੋਕੀਂ ਸ੍ਰੀ ਨਨਕਾਣਾ ਸਾਹਿਬ ਦੇ ਦਰਸ਼ਨਾਂ ਨੂੰ ਚੱਲ ਪਏ। ਇਸ ਖਬਰ ਨੇ ਸਿੱਖਾਂ ਵਿਚ ਜੋਸ਼ ਤੇ ਜਜ਼ਬੇ ਨੂੰ ਹੋਰ ਤਿੱਖਾ ਕੀਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹਮਦਰਦੀ ਦੀਆਂ ਤਾਰਾਂ ਪੁੱਜੀਆਂ। ਸਾਰੇ ਕੌਮੀ ਅਖਬਾਰਾਂ ਨੇ ਇਸ ਸਾਕੇ ਸਬੰਧੀ ਦਰਦਨਾਕ ਲੇਖ ਲਿਖੇ, ਪਰ ਅੰਗਰੇਜ਼ਾਂ ਦੇ ਹਾਮੀ ਐਂਗਲੋ-ਇੰਡੀਅਨ ਅਖਬਾਰਾਂ ਨੇ ਸਿੱਖਾਂ ਵਿਰੁੱਧ ਪ੍ਰਾਪੇਗੰਡਾ ਕੀਤਾ ਤੇ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਨੂੰ ਇੱਕ ਸੰਪ੍ਰਦਾਇਕ ਝਗੜਾ ਤੇ ਬਦਅਮਨੀ ਦੱਸਣ ਦਾ ਵਿਅਰਥ ਯਤਨ ਕੀਤਾ। ਬੇਅੰਤ ਸ਼ਹੀਦੀਆਂ ਦੇ ਕੇ ਸ੍ਰੀ ਨਨਕਾਣਾ ਸਾਹਿਬ ਦਾ ਪ੍ਰਬੰਧ ਪੰਥ ਦੇ ਹੱਥਾਂ ਵਿਚ ਆਇਆ। ਗੁਰਦੁਆਰਿਆਂ ਦੀ ਸੇਵਾ-ਸੰਭਾਲ ਲਈ ਹੋਈਆਂ ਇਹ ਸ਼ਹੀਦੀਆਂ ਸਿੱਖਾਂ ਦੀ ਰੋਜ਼ਾਨਾ ਅਰਦਾਸ ਦਾ ਹਿੱਸਾ ਬਣ ਗਈਆਂ। ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ ਕੌਮ ਦੇ ਮਨਾਂ ਦਾ ਸਦੀਵੀ ਹਿੱਸਾ ਬਣਿਆ ਹੋਇਆ ਹੈ, ਜਿਸ ਤੋਂ ਪ੍ਰੇਰਣਾ ਪ੍ਰਾਪਤ ਕਰਕੇ ਕੌਮ ਦੀ ਚੜ੍ਹਦੀ ਕਲਾ ਲਈ ਸੰਗਤਾਂ ਸੁਚੇਤ ਰੂਪ ਵਿਚ ਗੁਰੂ ਘਰਾਂ ਦਾ ਪ੍ਰਬੰਧ ਪੰਥਕ ਭਾਵਨਾਵਾਂ ਅਨੁਸਾਰ ਕਰਦੀਆਂ ਹਨ। ਸਾਕੇ ਸਮੇਂ ਸ਼ਹੀਦ ਹੋਏ ਸਿੱਖਾਂ ਦੀ ਕੁਰਬਾਨੀ ਨੂੰ ਅੱਜ ਸੌ ਸਾਲ ਹੋ ਚੁੱਕੇ ਹਨ ਜੋ ਕੌਮ ਲਈ ਹਮੇਸ਼ਾ ਪ੍ਰੇਰਣਾ ਦਾ ਸੋਮਾ ਬਣੇ ਰਹੇ।

**ਬੀਬੀ ਜਗੀਰ ਕੌਰ**

# ਸਤਿਗੁਰ ਰਵਿਦਾਸ ਜੀ ਮਹਾਰਾਜ

## ਬੇ.ਗ਼ਮਪੁਰਾ ਸ਼ਹਿਰ ਦੇ ਨਿਰਮਾਤਾ



*ਗੁਰੂ ਜੀ ਅਨੁਸਾਰ ਬੇਗਮਪੁਰਾ ਇੱਕ ਐਸਾ ਸ਼ਹਿਰ ਹੈ, ਜਿਥੇ ਕੋਈ ਵੀ ਦੁੱਖ ਤਕਲੀਫ ਨਹੀਂ ਹੈ। ਜਿੱਥੋਂ ਦੇ ਲੋਕਾਂ ਨੂੰ ਕਿਸੇ ਨੂੰ ਕਿਸੇ ਕਿਸਮ ਦਾ ਟੈਕਸ ਨਾ ਦੇਣਾ ਪਵੇ। ਹਰ ਇੱਕ ਦੇ ਮਾਲ ਸੰਪਤੀ ਦੀ ਸੁਰੱਖਿਅਤ ਹੋਵੇ। ਜਿੱਥੇ ਕੋਈ ਵੀ ਉੱਚਾ ਜਾਂ ਨੀਵਾਂ ਨਹੀਂ। ਸਭ ਲੋਕ ਬਰਾਬਰ ਹਨ। ਸਭ ਨੂੰ ਪ੍ਰਭੂ ਭਗਤੀ ਦਾ ਅਧਿਕਾਰ ਹੈ। ਕਿਸੇ ਉੱਪਰ ਕੋਈ ਵੀ ਬੰਦਸ਼ ਨਹੀਂ। ਆਪ ਜੀ ਦੀ ਬਾਣੀ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਰਾਜੇ ਤੇ ਰਾਣੀਆਂ ਨੇ ਆਪ ਜੀ ਨੂੰ ਆਪਣਾ ਗੁਰੂ ਬਣਾਇਆ। ਜਿਨਾਂ ਵਿੱਚੋਂ ਰਾਜਾ ਪੀਪਾ, ਰਾਜਾ ਨਾਗਰ ਮਲ, ਰਾਣੀ ਝਾਲਾਂ ਬਾਈ ਅਤੇ ਮੀਰਾਂ ਬਾਈ ਪ੍ਰਮੁੱਖ ਹਨ। ਗੁਰੂ ਰਵਿਦਾਸ ਜੀ ਮਹਾਰਾਜ ਜੀ ਨੇ ਬਹੁਤ ਥਾਵਾਂ ਦਾ ਭਮਣ ਕੀਤਾ ਜਿਵੇਂ ਕਿ ਮਥੁਰਾ, ਪ੍ਰਯਾਗ, ਹਰਿਦੁਆਰ, ਕੁਰਕੁਸ਼ੇਤਰ, ਗੋਦਾਵਰੀ, ਸੁਲਤਾਨਪੁਰ, ਝਾਂਸੀਂ ਆਦਿ ਹਨ। ਜਿੱਥੇ ਕਿਤੇ ਵੀ ਉਹ ਗਏ ਉਨਾਂ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਲੋਕ ਉਸ ਦੇ ਚੇਲੇ ਬਣ ਗਏ......*

ਸ਼੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ ਜਨਮ 14ਵੀਂ ਸ਼ਤਾਵਦੀ ਵਿੱਚ 15 ਮਾਘ ਬਿਕਰਮੀਂ ਸੰਮਤ 1433 - ਜੋ ਕਿ 15 ਜਨਵਰੀ ਦਿਨ ਐਤਵਾਰ ਆਉਂਦਾ ਹੈ - ਨੂੰ ਕਾਂਸ਼ੀਂ ਬਨਾਰਸ ਵਿੱਚ ਹੋਇਆ ਮੰਨਿਆ ਜਾਂਦਾ ਹੈ। ਇਹ ਭਾਰਤ ਵਿੱਚ ਉੱਤਰ ਪ੍ਰਦੇਸ ਵਿੱਚ ਸਥਿਤ ਹੈ। ਪਿਤਾ ਸੰਤੋਖ ਦਾਸ ਅਤੇ ਮਾਤਾ ਕਲਸਾਂ ਦੇਵੀ ਜੀ ਦੇ ਘਰ ਹੋਇਆ। ਉਹਨਾਂ ਦਾ ਜਨਮ ਚਮਾਰ ਜਾਤੀ ਵਿੱਚ ਹੋਇਆ, ਜਿਸ ਨੂੰ ਕੁਟਬੰਧਲਾ ਵੀ ਕਿਹਾ ਜਾਂਦਾ ਹੈ। ਜਨਮ ਸਮੇਂ ਹੀ ਆਪ ਦੇ ਮੁੱਖ ਉੱਤੇ ਸੂਰਜ ਰੂਪੀ ਤੇਜ਼ ਸੀ। ਆਪ ਜੀ ਦਾ ਕੰਮ ਲੋਕਾਂ ਦੀਆਂ ਜੁੱਤੀਆਂ ਗੰਢਣਾ ਸੀ। ਨਾ ਕੇਵਲ ਆਪ ਜੀ ਨੇ ਜੁੱਤੀਆਂ ਗੰਢਣ ਦਾ ਹੀ ਕੰਮ ਕੀਤਾ ਬਲਕਿ ਲੋਕਾਂ ਦੀਆਂ ਟੁੱਟੀਆਂ ਹੋਈਆਂ ਤਕਦੀਰਾਂ ਗੰਢਣ ਦਾ ਕੰਮ ਵੀ ਕੀਤਾ।

ਆਪ ਜੀ ਦਾ ਪ੍ਰਮਾਤਮਾਂ ਪ੍ਰਤੀ ਅਥਾਹ ਪਿਆਰ ਹੋਣ ਕਰਕੇ ਆਪ ਖੁਦ ਹੀ ਰੱਬ ਦਾ ਰੂਪ ਸਨ। ਆਪ ਜੀ ਦਾ ਵਿਆਹ ਮਾਤਾ ਲੂਣਾਂ ਨਾਲ ਹੋਇਆ। ਆਪ ਜੀ ਦੇ ਘਰ ਇੱਕ ਪੁੱਤਰ ਨੇ ਜਨਮ ਲਿਆ। ਗੁਰੂ ਰਵਿਦਾਸ ਪੁਰਾਨ ਅਨੁਸਾਰ ਆਪ ਜੀ ਦੇ ਪੁੱਤਰ ਦਾ ਨਾਂ ਵਿਜੇਦਾਸ ਮੰਨਿਆਂ ਗਿਆ ਹੈ। ਜਦ ਗੁਰੂ ਰਵਿਦਾਸ ਜੀ ਮਹਾਰਾਜ ਜੀ ਦਾ ਜਨਮ ਹੋਇਆ, ਉਸ ਸਮੇਂ ਦੀ ਸਮਾਜਿਕ ਵਿਵਸਥਾ ਬੜੀ ਬੁਰੀ ਤਰਾਂ ਨਾਲ ਤਹਿਸ-ਨਹਿਸ ਹੋ ਚੁੱਕੀ ਸੀ। ਛੋਟੀ ਜਾਤ ਦੇ ਲੋਕਾਂ ਨੂੰ ਮੰਦਰਾਂ 'ਚ ਜਾ ਕੇ ਪੂਜਾ ਕਰਨ ਦੀ ਮਨਾਹੀ ਸੀ। ਸਕੂਲਾਂ ਵਿੱਚ ਜਾਣ ਦੀ ਮਨਾਹੀ ਸੀ। ਦਿਨ ਵੇਲੇ ਪਿੰਡਾਂ ਵਿੱਚ ਘੁੰਮਣ ਦੀ ਮਨਾਹੀ ਸੀ। ਜ਼ਿਆਦਾਤਰ ਲੋਕ ਪਿੰਡ ਤੋਂ ਬਾਹਰ ਝੁੱਗੀਆਂ 'ਚ ਰਹਿ ਰਹੇ ਸਨ। ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਅਨੁਸਾਰ ਸਾਰੇ ਮਨੁੱਖ ਸਮਾਨ ਸਨ। ਉਹ ਊਚ ਨੀਚ ਦੇ ਭੇਦ ਨੂੰ ਖਤਮ ਕਰਨ ਦਾ ਉਪਦੇਸ ਦਿੰਦੇ ਸਨ।

ਗੁਰੂ ਜੀ ਦੀਆਂ ਸਿੱਖਿਆਵਾਂ ਤੋਂ ਪ੍ਰਭਾਵਿਤ ਹੋ ਕੇ ਹੀ ਚਿਤੌੜਗੜ ਦੇ ਮਹਾਰਾਜਾ ਤੇ ਮਹਾਰਾਣੀ ਆਪ ਜੀ ਦੇ ਚੇਲੇ ਬਣ ਗਏ ਸਨ। ਗੁਰੂ ਜੀ ਦੇ ਚੇਲਿਆਂ ਵਿੱਚੋਂ ਮੀਰਾਂ ਬਾਈ ਵੀ ਇੱਕ ਸੀ। ਗੁਰੂ ਗ੍ਰੰਥ ਸਹਿਬ ਵਿੱਚ ਆਪ ਜੀ ਦੇ 40 ਸ਼ਬਦ ਤੇ ਇੱਕ ਸਲੋਕ ਸ਼ਾਮਿਲ ਹਨ। ਜਿਵੇਂ ਕਿ ਸਿਰੀਰਾਗ, ਰਾਗ ਗਉੜੀ, ਆਸਾ, ਗੂਜ਼ਰੀ, ਰਾਗੁ ਸੋਰਠਿ, ਧਨਾਸਰੀ, ਜੈਤਸਿਰੀ, ਰਾਗੁ ਸੂਹੀ, ਬਿਲਾਵਲੁ, ਰਾਗੁ ਗੋਂਡ, ਰਾਮ ਕਲੀ, ਰਾਗੁ ਮਾਰੂ, ਰਾਗੁ ਕੇਦਾਰਾ, ਭੈਰਉ ਬਾਣੀ, ਬਸੰਤੁ ਬਾਣੀ, ਮਲਾਰ ਬਣੀ।

ਗੁਰੂ ਜੀ ਦੇ ਸਮੇਂ ਉਸ ਰਾਜ ਵਿੱਚ ਇੱਕ ਰਾਜਾ ਰਹਿੰਦਾ ਸੀ। ਉਸ ਰਾਜ ਵਿੱਚ ਇੱਕ ਰਾਜਾ ਸੀ ਜਿਸ ਕੋਲ ਧੰਨ-ਦੌਲਤ ਤਾਂ ਬਹੁਤ ਸੀ ਪਰ ਉਸ ਨੂੰ ਮਾਨਸਿਕ ਸ਼ਾਂਤੀ ਦੀ ਘਾਟ ਸੀ। ਰਾਜ ਦਾ ਕੋਈ ਆਦਮੀ ਰਾਜੇ ਨੂੰ ਦੱਸਦਾ ਹੈ ਕਿ ਇਸ ਸ਼ਹਿਰ ਵਿੱਚ ਇੱਕ ਮਹਾਨ ਸੰਤ ਰਹਿੰਦਾ ਹੈ। ਜੋ ਉਸ ਨੂੰ ਮਾਨਸਿਕ ਸ਼ਾਂਤੀ ਦੇ ਸਕਦਾ ਹੈ। ਜਦ ਰਾਜਾ ਨੂੰ ਪਤਾ ਲਗਦਾ ਹੈ ਕਿ ਉਹ ਇੱਕ ਮੋਚੀ ਦਾ ਕੰਮ ਕਰਦਾ ਹੈ ਤਾਂ ਰਾਜਾ ਨੂੰ ਬੜਾ ਹੀ ਕ੍ਰੋਧ ਆਉਂਦਾ ਹੈ। ਉਹ ਕਹਿੰਦਾ ਹੈ ਕਿ ਮੈਂ ਤਾਂ ਇੱਕ ਰਾਜਾ ਹਾਂ ਤੇ ਉਹ ਇੱਕ ਮੋਚੀ ਹੈ। ਲੇਕਿਨ ਉਹ ਬੰਦਾ ਉਸ ਨੂੰ ਸਮਝਾਉਂਦਾ ਹੈ ਤਾਂ ਅੰਤਕਾਰ ਉਹ ਰਾਜਾ ਗੁਰੂ ਜੀ ਪਾਸ ਜਾਣ ਨੂੰ ਤਿਆਰ ਹੋ ਜਾਂਦਾ ਹੈ।

ਉਹ ਰਾਜਾ ਗੁਰੂ ਜੀ ਨੂੰ ਨਮਸਕਾਰ ਕਰ ਕੇ ਆਤਮਿਕ ਸ਼ਾਤੀ ਪ੍ਰਾਪਤੀ ਦੇ ਲਈ ਅਰਦਾਸ ਕਰਦਾ ਹੈ। ਗੁਰੂ ਜੀ ਆਪਣੇ ਪੱਥਰ ਦੇ ਬਰਤਨ ਜਿਸ ਵਿੱਚ ਕਿ ਉਹ ਚਮੜਾ ਭਿਓਂ ਕੇ ਜੁੱਤੀਆਂ ਗੰਢਦੇ ਹਨ, ਉਹ ਪਾਣੀ ਰਾਜੇ ਨੂੰ ਇੱਕ ਕਟੋਰੇ ਵਿੱਚ ਪਾ ਕੇ ਦਿੰਦੇ ਹਨ ਤੇ ਪੀਣ ਲਈ ਕਹਿੰਦੇ ਹਨ। ਰਾਜਾ ਉਸ ਅਮ੍ਰਿਤ ਰੂਪੀ ਪਾਣੀ ਨੂੰ ਗੰਦਾ ਸਮਝ ਕੇ ਉਸ ਨੂੰ ਪੀਣ ਤੋਂ ਇਨਕਾਰ ਕਰ ਦਿੰਦਾ ਹੈ। ਇਸ ਤੇ ਪਾਣੀ ਉਸ ਦੇ ਕੱਪੜਿਆਂ ਉੱਪਰ ਡੁੱਲ ਜਾਂਦਾ ਹੈ ਤੇ ਰਾਜਾ ਕ੍ਰੋਧਵਸ ਹੋ ਕੇ ਵਾਪਸ ਆਪਣੇ ਦਰਵਾਰ ਚਲਾ ਜਾਂਦਾਂ ਹੈ। ਉਹ ਸ਼ਾਹੀ ਧੋਬੀ ਨੂੰ ਉਹ ਦਾਗ਼ ਮਿਟਾਉਣ ਲਈ ਦਿੰਦਾ ਹੈ। ਉਹ ਦੇਖਦਾ ਹੈ ਕਿ ਇਹ ਨਿਸ਼ਾਨ ਤਾਂ ਗੁਰੂ ਰਵਿਦਾਸ ਜੀ ਦੇ ਕੂੰਨ ਦੇ ਪਾਣੀ ਦਾ ਹੈ। ਉਹ ਸ਼ਾਹੀ ਧੋਬੀ ਉਹ ਕੱਪੜੇ ਆਪਣੀ ਕੁੜੀ ਨੂੰ ਧੋਣ ਨੂੰ ਦਿੰਦਾ ਹੈ। ਉਸ ਧੋਬੀ ਦੀ ਲੜਕੀ ਬੜੀ ਸਿਆਣੀ ਹੈ ਉਹ ਪਾਣੀ ਦਾ ਸਾਰਾ ਦਾਗ਼ ਨੂੰ ਚੂਸ ਲੈਂਦੀ ਹੈ ਤੇ ਤਦ ਉਹ ਉਸ ਕੱਪੜੇ ਨੂੰ ਧੋਂਦੀ ਹੈ ਤੇ ਵਾਪਸ ਆਪਣੇ ਪਿਤਾ ਨੂੰ ਦੇ ਦਿੰਦੀ ਹੈ। ਉਸ ਨੂੰ ਆਤਮਿਕ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਤਦ ਤੋਂ ਉਹ ਲੜਕੀ ਬੜੀ ਸੂਝਵਾਨ ਬਣ ਜਾਂਦੀ ਹੈ।

ਲੜਕੀ ਦੀ ਦਿਨੋਂ ਦਿਨ ਬਹੁਤ ਮੰਨਤ ਹੋਣ ਲੱਗ ਜਾਂਦੀ ਹੈ। ਲੋਕ ਉਸ ਕੋਲ ਵੀ ਗੁਰੂ ਜੀ ਦੀ ਤਰਾਂ ਅਸ਼ੀਰਵਾਦ ਲੈਣ ਆਉਣ ਲੱਗਦੇ ਹਨ। ਰਾਜ ਦਾ ਇੱਕ ਆਦਮੀ ਵੀ ਉਸ ਲੜਕੀ ਕੋਲ ਆਉਂਦਾ ਹੈ ਅਤੇ ਜਾ ਕੇ ਰਾਜੇ ਨੂੰ ਦੱਸਦਾ ਹੈ ਕਿ ਤੁਸੀਂ ਅਜੇ ਵੀ ਬੜੇ ਦੁਖੀ ਅਤੇ ਆਸ਼ਾਂਤ ਹੋ। ਇਸ ਦੁੱਖ ਅਤੇ ਆਸ਼ਾਤੀ ਦਾ ਨਿਵਾਰਨ ਤੁਸੀਂ ਉਸ ਲੜਕੀ ਕੋਲੋਂ ਕਰਾ ਸਕਦੇ ਹੋ। ਰਾਜੇ ਦਾ ਮਨ ਉਸ ਸ਼ਾਹੀ ਧੋਬੀ ਦੀ ਲੜਕੀ ਕੋਲ ਜਾਣ ਨੂੰ ਨਹੀਂ ਕਰਦਾ, ਅੰਤ ਨੂੰ ਉਹ ਉਸ ਲੜਕੀ ਕੋਲ ਜਾਣ ਦਾ ਮਨ ਬਣਾ ਲੈਂਦਾ ਹੈ ਅਤੇ ਉਸ ਕੋਲ ਜਾ ਕੇ ਆਪਣੀ ਦੁਬਿਧਾ ਨੂੰ ਦੂਰ ਕਰਨ ਦੀ ਬੇਨਤੀ ਕਰਦਾ ਹੈ। ਉਹ ਰਾਜੇ ਨੂੰ ਦੱਸਦੀ ਹੈ ਕਿ ਜੋ ਕੁਝ ਵੀ ਅੱਜ ਉਸ ਕੋਲ ਹੈ ਉਹ ਗੁਰੂ ਰਵਿਦਾਸ ਜੀ ਦੇ ਕੂੰਨ ਦੇ ਪਾਣੀ ਦੇ ਦਾਗ ਦਾ ਹੀ ਪ੍ਰਤਾਪ ਹੈ ਜੋ ਉਸ ਦੇ ਪਿਤਾ ਨੇ ਤੁਹਾਡੇ ਕੱਪੜੇ ਤੋਂ ਮਿਟਾਉਣ ਨੂੰ ਦਿੱਤੇ ਸਨ।

ਇੱਕ ਵਾਰ ਇੱਕ ਬ੍ਰਾਹਮਣ ਗੰਗਾ ਇਸ਼ਨਾਨ ਲਈ ਜਾ ਰਿਹਾ ਹੁੰਦਾ ਹੈ, ਗੁਰੂ ਰਵਿਦਾਸ ਜੀ ਮਹਾਰਾਜ ਉਸ ਨੂੰ ਇੱਕ ਦਮੜੀ ਗੰਗਾ ਮਾਈ ਨੂੰ ਭੇਂਟ ਕਰਨ ਲਈ ਦਿੰਦੇ ਹਨ। ਨਾਲ ਹੀ ਇਹ ਵੀ ਕਹਿੰਦੇ ਹਨ ਕਿ ਜੇਕਰ ਗੰਗਾ ਮਾਈ ਹੱਥ ਕੱਢ ਕੇ ਦਮੜੀ ਸਵੀਕਾਰ ਕਰੇਗੀ ਤਾਂ ਦਮੜੀ ਉਸ ਨੂੰ ਦੇ ਦੇਣਾ। ਬ੍ਰਾਹਮਣ ਨੇ ਗੁਰੂ ਜੀ ਦੀ ਗੱਲ ਨੂੰ ਇੱਕ ਮਜ਼ਾਕ ਦੇ ਤੌਰ ਤੇ ਲਿਆ। ਪਰ ਜਦੋਂ ਗੰਗਾ ਮਾਤਾ ਨੇ ਆਪਣੇ ਹੱਥ ਬਾਹਰ ਗੁਰੂ ਜੀ ਦੀ ਭੇਜੀ ਗਈ ਦਮੜੀ ਨੂੰ ਸਵੀਕਾਰ ਕੀਤਾ ਤਾਂ ਉਸ ਬ੍ਰਾਹਮਣ ਨੂੰ ਬੜੀ ਹੈਰਾਨੀ ਹੋਈ। ਉਸ ਦਮੜੀ ਦੇ ਬਦਲੇ ਵਿੱਚ ਗੰਗਾ ਮਾਈ ਨੇ ਉਸ ਬ੍ਰਾਹਮਣ ਕੋਲ ਇੱਕ ਸੋਨੇ ਦਾ ਕੰਗਣ ਭੇਜਿਆ। ਇਹ ਕੰਗਣ ਦੇਖ ਕੇ ਉਸ ਦਾ ਦਿਲ ਬੇਈਮਾਨ ਹੋ ਗਿਆ।

ਉਸ ਨੇ ਧੰਨ ਦੀ ਪ੍ਰਾਪਤੀ ਲਈ ਉਹ ਕੰਗਣ ਰਾਜੇ ਨੂੰ ਦੇ ਦਿੱਤਾ। ਰਾਣੀ ਨੇ ਜਦ ਇਹ ਕੰਗਣ ਦੇਖਿਆ ਤਾਂ ਉਸ ਨੇ ਇਸ ਦੇ ਨਾਲ ਦੇ ਦੂਜੇ ਹੋਰ ਕੰਗਣ ਦੀ ਮੰਗ ਕੀਤੀ ਤਾਂ ਹੁਣ ਬ੍ਰਾਹਮਣ ਦੁਬਿਧਾ ਵਿੱਚ ਫਸ ਗਿਆ। ਆਖਿਰਕਾਰ ਉਹ ਗੁਰੂ ਰਵਿਦਾਸ ਜੀ ਕੋਲ ਗਿਆ ਤੇ ਸਾਰੀ ਵਿਥਿਆ ਬਿਆਨ ਕੀਤੀ। ਗੁਰੂ ਜੀ ਨੇ ਉਸ ਬ੍ਰਾਹਮਣ ਦੀ ਦੁਬਿਧਾ ਨੂੰ ਦੂਰ ਕੀਤੀ। ਇਸ ਤਰਾਂ ਉਸ ਬ੍ਰਾਹਮਣ ਨੂੰ ਗੁਰੂ ਜੀ ਦੇ ਆਤਮਿਕ ਗਿਆਨ ਬਾਰੇ ਚਾਨਣਾ ਹੋਇਆ। ਝੂਠੇ ਪਖੰਡੀ ਲੋਕਾਂ ਦਾ ਹੰਕਾਰ ਤੋੜਨ ਲਈ ਆਪ ਜੀ ਨੇ ਆਪਣੀ ਛਾਤੀ ਵਿੱਚ ਚੋਹਾਂ ਜ਼ੁਗਾਂ ਦੇ ਜੰਜੂ ਦਿਖਾਏ ਤੇ ਦੁਨੀਆਂ ਨੂੰ ਸੱਚ ਦਾ ਚਾਨਣਾ ਕਰਾਉਣ ਲਈ ਗੰਗਾ ਨਦੀ ਵਿੱਚ ਪੱਥਰ ਵੀ ਤਾਰ ਕੇ ਦਿਖਾਇਆ।

ਡਾਕਟਰ ਲੇਖ ਰਾਜ ਨੇ ਆਪਣੀ ਪੁਸਤਕ 'ਗੁਰੂ ਰਵਿਦਾਸ ਜੀ ਦਾ ਜੀਵਨ ਅਤੇ ਲਿਖਤਾਂ" ਦਾ ਪਹਿਲਾ ਐਡੀਸ਼ਨ 1993 ਵਿੱਚ ਲਿਖਿਆ ਹੈ ਕਿ ਗੁਰੂ ਰਵਿਦਾਸ ਜੀ ਉੱਤਰ ਭਾਰਤ ਵਿੱਚ ਦੋ ਤੋਂ ਜ਼ਿਆਦਾ ਵਾਰ ਆਏ। ਪਹਿਲੀ ਵਾਰ ਤਾਂ ਉਨਾਂ ਦੇ ਨਾਲ ਕਬੀਰ ਜੀ, ਤ੍ਰਿਲੋਚਨ ਜੀ, ਭਗਤ ਸੈਨ ਜੀ, ਅਤੇ ਭਗਤ ਧੰਨਾਂ ਜੀ ਸਨ। ਉਨਾਂ ਦੀ ਭੇਂਟਾ ਗੁਰੂ ਨਾਨਕ ਦੇਵ ਜੀ ਨਾਲ ਚੂਹੜਕਾਣਾ, ਜੋ ਕਿ ਹੁਣ ਨਨਕਾਣਾ ਸਾਹਿਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਜਿੱਥੇ ਗੁਰੂ ਨਾਨਕ ਦੇਵ ਜੀ ਨੇ ਇਨਾਂ ਮਹਾਨ ਸੰਤਾਂ ਮਹਾਂ ਪੁਰਖਾਂ ਨੂੰ ਭੋਜਨ ਛਕਾ ਕੇ ਸੱਚਾ ਸੌਦਾ ਕੀਤਾ ਸੀ। ਦੂਜੀ ਵਾਰ ਗੁਰੂ ਰਵਿਦਾਸ ਜੀ ਦੀ ਗੁਰੂ ਨਾਨਕ ਦੇਵ ਜੀ ਨਾਲ ਭੇਟਾ ਕਾਲੀ ਬੇਈਂ ਦੀ ਸੰਤ ਘਾਟ ਸੁਲਤਾਨਪੁਰ ਲੋਧੀ ਵਿਖੇ ਹੋਈ। ਤੀਜੀ ਵਾਰੀ ਆਪ ਜੀ ਗੁਰੂ ਕਾ ਬਾਗ਼, ਬਨਾਰਸ ਵਿਖੇ ਗੁਰੂ ਨਾਨਕ ਦੇਵ ਜੀ ਨਾਲ ਭੇਟਾ ਹੋਈ ਅਤੇ ਧਾਰਮਿਕ, ਸਮਾਜਿਕ ਵਿਵਸਥਾ ਅਤੇ ਮਨੁੱਖੀ ਸੁਤੰਤਰਤਾ ਨੂੰ ਲੈ ਕੇ ਵਿਚਾਰ ਗੋਸਟੀ ਹੋਈ।

ਗੁਰੂ ਰਵਿਦਾਸ ਜੀ ਮਹਾਰਾਜ ਨੇ ਐਸੇ ਸੰਸਾਰ ਦੀ ਕਲਪਨਾ ਕੀਤਾ ਜਿਸ ਵਿੱਚ ਕਿਸੇ ਨੂੰ ਵੀ ਕੋਈ ਵੀ ਦੁੱਖ ਤਕਲੀਫ ਨਾ ਹੋਵੇ, ਕਿਸੇ 'ਤੇ ਕਿਸੇ ਕਿਸਮ ਦਾ ਟੈਕਸ ਨਾ ਲਗਾਇਆ ਜਾਵੇ। ਉਨਾਂ ਨੇ ਆਪਣੇ ਸ਼ਬਦ 'ਬੇ.ਗ਼ਮਪੁਰਾ' ਵਿੱਚ ਕੁਝ ਇਸ ਤਰਾਂ ਲਿਖਿਆ ਹੈ:

ਬੇ.ਗ਼ਮਪੁਰਾ ਸ਼ਹਿਰ ਕੋ ਨਾਉ, ਦੂਖ ਅਨਦੋਹ ਨਾਹੀ ਤਹਿ ਠਾਉ।
ਨਾ ਤਸਵੀਸੁ ਖਿਰਾਸ ਨਾ ਮਾਲੁ, ਖਾਉਫ ਨਾ ਖਤਾ, ਨਾ ਤਰਸ ਜਵਾਲੁ ॥
ਅਬ ਮੋਹਿ ਖੂਬ ਵਤਨ ਗਹਿ ਪਾਈ, ਊਹਾਂ ਖੈਰ ਸਦਾ ਮੇਰੇ ਭਾਈ 1 ਰਹਾਉ 1
ਕਾਇਮ ਦਾਇਮ ਸਦਾ ਪਾਤਸ਼ਾਹਿ, ਦੋਮ ਨਾ ਸੇਮ ਏਕ ਸੋ ਆਹੀ।
ਆਬਾਦਾਨ ਸਦਾ ਮਸ਼ਹੂਰ, ਊਹਾਂ ਗਨਿ ਵਸਹਿ ਮਾਮੂਰ।
ਤਿਉ ਤਿਉ ਸੈਲ ਕਰੇ ਜਿਉ ਭਾਵੇ, ਮਹਿਰਮ ਮਹਿਲ ਨਾ ਕੋ ਅਟਕਾਵੇ।
ਕਹੁ ਰਵਿਦਾਸ ਖ਼ਲਾਸ ਚਮਾਰਾ, ਜੋ ਹਮ ਸ਼ਹਿਰੀ ਸੋ ਮੀਤ ਹਮਾਰਾ।

ਅਰਥਾਰ ਗੁਰੂ ਜੀ ਅਨੁਸਾਰ ਬੇਗਮਪੁਰਾ ਇੱਕ ਐਸਾ ਸ਼ਹਿਰ ਹੈ, ਜਿਥੇ ਕੋਈ ਵੀ ਦੁੱਖ ਤਕਲੀਫ ਨਹੀਂ ਹੈ। ਜਿੱਥੋਂ ਦੇ ਲੋਕਾਂ ਨੂੰ ਕਿਸੇ ਨੂੰ ਕਿਸੇ ਕਿਸਮ ਦਾ ਟੈਕਸ ਨਾ ਦੇਣਾ ਪਵੇ। ਹਰ ਇੱਕ ਦੇ ਮਾਲ ਸੰਪਤੀ ਦੀ ਸੁਰੱਖਿਅਤ ਹੋਵੇ। ਜਿੱਥੇ ਕੋਈ ਵੀ ਉੱਚਾ ਜਾਂ ਨੀਵਾਂ ਨਹੀਂ। ਸਭ ਲੋਕ ਬਰਾਬਰ ਹਨ। ਸਭ ਨੂੰ ਪ੍ਰਭੂ ਭਗਤੀ ਦਾ ਅਧਿਕਾਰ ਹੈ। ਕਿਸੇ ਉੱਪਰ ਕੋਈ ਵੀ ਬੰਦਸ਼ ਨਹੀਂ।

ਆਪ ਜੀ ਦੀ ਬਾਣੀ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਰਾਜੇ ਤੇ ਰਾਣੀਆਂ ਨੇ ਆਪ ਜੀ ਨੂੰ ਆਪਣਾ ਗੁਰੂ ਬਣਾਇਆ। ਜਿਨਾਂ ਵਿੱਚੋਂ ਰਾਜਾ ਪੀਪਾ, ਰਾਜਾ ਨਾਗਰ ਮਲ, ਰਾਣੀ ਝਾਲਾਂ ਬਾਈ ਅਤੇ ਮੀਰਾਂ ਬਾਈ ਪ੍ਰਮੁੱਖ ਹਨ। ਗੁਰੂ ਰਵਿਦਾਸ ਜੀ ਮਹਾਰਾਜ ਜੀ ਨੇ ਬਹੁਤ ਥਾਵਾਂ ਦਾ ਭਮਣ ਕੀਤਾ ਜਿਵੇਂ ਕਿ ਮਥੁਰਾ, ਪ੍ਰਯਾਗ, ਹਰਿਦੁਆਰ, ਕੁਰਕੁਸ਼ੇਤਰ, ਗੋਦਾਵਰੀ, ਸੁਲਤਾਨਪੁਰ, ਝਾਂਸੀਂ ਆਦਿ ਹਨ। ਜਿੱਥੇ ਕਿਤੇ ਵੀ ਉਹ ਗਏ ਉਨਾਂ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਲੋਕ ਉਸ ਦੇ ਚੇਲੇ ਬਣ ਗਏ। ਕਿਹਾ ਜ ਸਕਦਾ ਹੈ :

ਗੰਗਾ ਕਿਨਾਰੇ ਬੈਠ ਕੇ ਗੁਰੂ ਰਵਿਦਾਸ ਜੀ, ਸਤਿਨਾਮ ਦਾ ਹੋਕਾ ਲਾਇਆ।
ਮਾਂ ਕਲਸਾਂ ਨੇ ਉਸ ਰੱਬ ਰੂਪ ਨੂੰ, ਆਪਣੀ ਗੋਦ ਖਿਡਾਇਆ।
ਪਿਤਾ ਸੰਤੋਖ ਵੀ ਜ਼ਸ਼ਨ ਮਨਾਏ, ਪਰੀਆਂ ਵੀ ਮੰਗਲ ਗਾਇਆ।
ਦੁਨੀਆਂ ਉੱਤੇ ਲਤਾੜੇ ਗਿਆਂ ਲਈ, ਉਹ ਖੁਦ ਬਣ ਮਸੀਹਾ ਆਇਆ।
ਝੂਠੇ ਕਰਮਾਂ ਕਾਂਢਾਂ 'ਚ ਫਸੀ ਲੋਕਾਈ ਨੂੰ, ਉਨਾਂ ਸੱਚ ਦਾ ਸਬਕ ਸਿਖਾਇਆ।
ਝਾਲਾਂ ਤੇ ਮੀਰਾਂ ਬਾਈ ਨੇ, ਉਨਾਂ ਤੋਂ ਦਾਤ ਅਮ੍ਰਿਤ ਦੀ ਪਾਈ।
ਰਾਜੇ ਰਾਣਿਆਂ ਨੇ ਵੀ ਆਪ ਨੂੰ, ਆਪਣਾ ਗੁਰੂ ਬਣਾਇਆ।
ਪੀ.ਐਲ. ਕਰਾਂ ਵੀ ਸਿਫਤ ਉਨਾਂ ਦੀ, ਉਨਾਂ ਊਚ ਨੀਚ ਦਾ ਭੇਦ ਮਿਟਾਇਆ।

ਸੰਸਾਰ ਵਿੱਚ ਲਗਭਗ 3000 ਸਾਲ ਤੱਕ ਵਿਗੜੀ ਹੋਈ ਸਮਾਜਿਕ ਅਤੇ ਧਾਰਮਿਕ ਸਥਿਤੀ ਵਿੱਚ ਸੁਧਾਰ ਲਿਆਉਣ ਵਿੱਚ ਉਨਾਂ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਈ। ਉਨਾਂ ਦੀ ਵਿਚਾਰਧਾਰਾ ਸੀ:

ਐਸਾ ਚਾਹੂੰ ਰਾਜ ਮੈਂ, ਜਹਾਂ ਮਿਲੇ ਸਭਨ ਕੋ ਅੰਨ,
ਛੋਟ ਬੜੇ ਸਭ ਸਮ ਵਸੇ, ਰਵਿਦਾਸ ਰਹੇ ਪ੍ਰਸੰਨ।

ਸੋ ਉਨਾਂ ਨੇ ਇੱਕ ਐਸੇ ਰਾਜ ਦੀ ਸਥਾਪਨਾ ਕੀਤੀ ਜਿੱਥੇ ਕੋਈ ਵੀ ਉੱਚਾ ਜਾਂ ਨੀਵਾਂ, ਛੋਟਾ ਜਾਂ ਵੱਡਾ ਨਹੀਂ। ਇਸ ਵਿੱਚ ਹੀ ਉਨਾਂ ਦੀ ਖ਼ੁਸ਼ੀ ਵੀ ਸੀ। ਬਹੁਤ ਸਾਰੇ ਵਿਦਵਾਨਾਂ ਅਨੁਸਾਰ ਉਹ ਲਗਭਗ 151 ਸਾਲ ਤੱਕ ਇਸ ਸੰਸਾਰ ਉੱਪਰ ਰਹੇ ਅਤੇ ਲੋਕਾਂ ਨੂੰ ਰੌਸ਼ਨੀ ਦਿਖਾਉਣ ਦਾ ਕੰਮ ਕੀਤਾ।

**ਪਰਸ਼ੋਤਮ ਲਾਲ ਸਰੋਏ**
**ਜਲੰਧਰ**

# ਸਿੱਖ ਇਤਿਹਾਸ ਦਾ ਸਭ ਤੋਂ ਵੱਡਾ ਖ਼ੂਨੀ ਕਾਂਡ ਵੱਡਾ ਘੱਲੂਘਾਰਾ

ਸਿੱਖ ਇਤਿਹਾਸ ਦਾ ਸਭ ਤੋਂ ਵੱਡਾ ਖ਼ੂਨੀ ਕਾਂਡ, ਵੱਡਾ ਘੱਲੂਘਾਰਾ 5 ਫਰਵਰੀ, 1762 ਈ: ਨੂੰ ਅਹਿਮਦ ਸ਼ਾਹ ਅਬਦਾਲੀ ਦੇ ਛੇਵੇਂ ਹਮਲੇ ਦੌਰਾਨ ਵਾਪਰਿਆ ਸੀ। ਅਬਦਾਲੀ ਨੇ ਭਾਰਤ 'ਤੇ 11 ਹਮਲੇ ਕੀਤੇ ਸਨ। ਅਖੀਰ ਸਿੱਖਾਂ ਹੱਥੋਂ ਹੋਈਆਂ ਬੇਇੱਜ਼ਤੀ ਭਰੀਆਂ ਹਾਰਾਂ ਤੋਂ ਬਾਅਦ ਹੀ ਉਹ ਹਮਲੇ ਕਰਨੋਂ ਹਟਿਆ।

1761 ਵਿਚ ਆਪਣੇ ਪੰਜਵੇਂ ਹਮਲੇ ਸਮੇਂ ਮਰਾਠਿਆਂ ਨੂੰ ਹਰਾਉਣ ਤੋਂ ਬਾਅਦ 25-26 ਹਜ਼ਾਰ ਮਰਾਠਾ ਔਰਤਾਂ, ਬੱਚਿਆਂ ਨੂੰ ਬੰਦੀ ਬਣਾ ਕੇ ਅਬਦਾਲੀ ਕਾਬਲ ਨੂੰ ਚੱਲ ਪਿਆ। ਪੰਜਾਬ ਵਿਚ ਵੜਦੇ ਹੀ ਹਮੇਸ਼ਾ ਵਾਂਗ ਸਿੱਖ ਉਸ ਦੇ ਪਿੱਛੇ ਲੱਗ ਗਏ। ਉਨ੍ਹਾਂ ਨੇ ਲੱਖਾਂ ਰੁਪਏ ਦਾ ਮਾਲ ਅਸਬਾਬ ਲੁੱਟ ਲਿਆ ਤੇ ਹਜ਼ਾਰਾਂ ਹਿੰਦੂ ਲੜਕੀਆਂ-ਲੜਕਿਆਂ ਨੂੰ ਅਬਦਾਲੀ ਦੇ ਪੰਜੇ ਵਿਚੋਂ ਛੁਡਵਾ ਕੇ ਘਰੋ-ਘਰੀ ਪਹੁੰਚਾਇਆ। ਅਬਦਾਲੀ ਨੇ ਭਾਰਤ ਵਿਚ ਮੁਗ਼ਲਾਂ ਤੇ ਮਰਾਠਿਆਂ ਦਾ ਲੱਕ ਤੋੜ ਦਿੱਤਾ ਸੀ। ਹੁਣ ਸਿਰਫ ਸਿੱਖ ਹੀ ਉਸ ਦਾ ਮੁਕਾਬਲਾ ਕਰਨ ਵਾਲੇ ਬਚੇ ਸਨ। ਉਸ ਦਾ ਛੇਵਾਂ ਹਮਲਾ ਨਿਰੋਲ ਸਿੱਖਾਂ ਨੂੰ ਨੇਸਤਾਨਾਬੂਦ ਕਰਨ ਵਾਸਤੇ ਸੀ। ਅਬਦਾਲੀ ਦੇ ਕਾਬਲ ਜਾਂਦੇ ਹੀ ਸਿੱਖਾਂ ਨੇ ਥਾਉਂ-ਥਾਈਂ ਆਪਣੇ ਕਬਜ਼ੇ ਪੱਕੇ ਕਰ ਲਏ। ਅਕਤੂਬਰ 1761 ਨੂੰ ਸਿੱਖਾਂ ਨੇ ਗੁਰਮਤਾ ਕਰਕੇ ਨਵਾਬ ਕਪੂਰ ਸਿੰਘ ਦੀ ਅਗਵਾਈ ਵਿਚ ਲਾਹੌਰ ਦੇ ਹਾਕਮ ਉਬੈਦ ਖਾਨ ਨੂੰ ਹਰਾ ਕੇ ਲਾਹੌਰ 'ਤੇ ਕਬਜ਼ਾ ਕਰ ਲਿਆ। ਨਵਾਬ ਕਪੂਰ ਸਿੰਘ ਨੇ ਸ: ਜੱਸਾ ਸਿੰਘ ਆਹਲੂਵਾਲੀਆ ਨੂੰ ਤਖ਼ਤ 'ਤੇ ਬਿਠਾ ਕੇ ਸੁਲਤਾਨ-ਉਲ-ਕੌਮ ਦੀ ਉਪਾਧੀ ਪ੍ਰਦਾਨ ਕੀਤੀ।

ਸਿੱਖਾਂ ਨੂੰ ਪਤਾ ਸੀ ਕਿ ਅਜੇ ਉਨ੍ਹਾਂ ਕੋਲ ਲਾਹੌਰ 'ਤੇ ਕਬਜ਼ਾ ਬਰਕਰਾਰ ਰੱਖਣ ਦੀ ਤਾਕਤ ਨਹੀਂ ਹੈ। ਇਸ ਲਈ ਉਨ੍ਹਾਂ ਨੇ ਲਾਹੌਰ ਛੱਡ ਕੇ ਜੰਡਿਆਲੇ ਸਰਕਾਰੀ ਚੁਗਲ ਮਹੰਤ ਆਕਿਲ ਦਾਸ ਨਿਰੰਜਨੀਏ ਨੂੰ ਘੇਰਾ ਪਾ ਲਿਆ। ਉਸ ਨੇ ਭਾਈ ਤਾਰੂ ਸਿੰਘ ਅਤੇ ਮਹਿਤਾਬ ਸਿੰਘ ਮੀਰਾਂਕੋਟੀਏ ਵਰਗੇ ਕਈ ਯੋਧਿਆਂ ਨੂੰ ਚੁਗਲੀ ਕਰਕੇ ਕਤਲ ਕਰਵਾਇਆ ਸੀ। ਘੇਰਾ ਲੰਬਾ ਚਲਾ ਗਿਆ, ਮਹੰਤ ਨੇ ਆਪਣੇ ਦੂਤ ਅਬਦਾਲੀ ਵੱਲ ਭਜਾ ਦਿੱਤੇ। ਅਬਦਾਲੀ ਪਹਿਲਾਂ ਹੀ ਪੰਜਾਬ ਵੱਲ ਚੱਲ ਪਿਆ ਸੀ। ਮਹੰਤ ਦੇ ਦੂਤ ਉਸ ਨੂੰ ਰੁਹਤਾਸਗੜ੍ਹ ਮਿਲੇ। ਸਿੱਖਾਂ ਨੂੰ ਵੀ ਅਬਦਾਲੀ ਦੇ ਆਉਣ ਦਾ ਪਤਾ ਚੱਲ ਗਿਆ। ਉਹ ਆਪਣੇ ਟੱਬਰ ਟੋਰ ਨੂੰ ਮਾਲਵੇ ਦੇ ਰੇਤਥਲਿਆਂ ਵੱਲ ਛੱਡਣ ਲਈ ਚੱਲ ਪਏ, ਤਾਂ ਜੋ ਬੇਫਿਕਰ ਹੋ ਕੇ ਅਬਦਾਲੀ ਦਾ ਮੁਕਾਬਲਾ ਕਰ ਸਕਣ। ਜਦੋਂ ਅਬਦਾਲੀ ਲਾਹੌਰ ਪਹੁੰਚਿਆ ਤਾਂ ਸਿੱਖ ਸਤਲੁਜ ਟੱਪ ਕੇ ਮਾਲੇਰਕੋਟਲੇ ਦੇ ਨਜ਼ਦੀਕ ਪਿੰਡ ਕੁੱਪ ਕੋਲ ਡੇਰਾ ਲਾਈ ਬੈਠੇ ਸਨ। ਅੱਜਕਲ੍ਹ ਇਹ ਪਿੰਡ ਮਾਲੇਰਕੋਟਲਾ-ਲੁਧਿਆਣਾ ਮੁੱਖ ਸੜਕ 'ਤੇ ਹੈ।

ਸਿੱਖਾਂ ਦੀ ਲੜਾਕੀ ਫੌਜ ਉਸ ਵੇਲੇ 50 ਕੁ ਹਜ਼ਾਰ ਦੇ ਕਰੀਬ ਸੀ। 50-60 ਹਜ਼ਾਰ ਹੀ ਵਹੀਰ ਸੀ ਔਰਤਾਂ, ਬੱਚੇ ਤੇ ਬ੍ਰਿਧ। ਸਿੱਖ ਜਲਦੀ ਤੋਂ ਜਲਦੀ ਬਰਨਾਲੇ ਵੱਲ ਨਿਕਲਣਾ ਚਾਹੁੰਦੇ ਸਨ, ਤਾਂ ਜੋ ਬਾਬਾ ਆਲਾ ਸਿੰਘ ਦੀ ਮਦਦ ਮਿਲ ਸਕੇ। ਪਰ ਅਬਦਾਲੀ ਤੋਂ ਡਰਦੇ ਮਾਰੇ ਆਲਾ ਸਿੰਘ ਨੇ ਇਸ ਕੌਮੀ ਸੰਕਟ ਵੇਲੇ ਆਪਣੇ ਭਰਾਵਾਂ ਦੀ ਬਾਂਹ ਨਾ ਫੜੀ, ਸਗੋਂ ਰਾਜਧਾਨੀ ਛੱਡ ਕੇ ਆਸੇ-ਪਾਸੇ ਹੋ ਗਿਆ। ਸਿੱਖਾਂ ਨੂੰ ਉਸ ਵੇਲੇ ਅਬਦਾਲੀ ਦੇ ਹੁਕਮ ਨਾਲ ਮਾਲੇਰਕੋਟਲੇ ਦੇ ਨਵਾਬ ਭੀਖਣ ਸ਼ਾਹ ਤੇ ਸਰਹਿੰਦ ਦੇ ਸੂਬੇਦਾਰ ਜੈਨ ਖਾਨ ਨੇ ਘੇਰਾ ਪਾਇਆ ਹੋਇਆ ਸੀ, ਇਸ ਲਈ ਕੂਚ ਕਰਨ ਵਿਚ ਦੇਰੀ ਹੋ ਰਹੀ ਸੀ। ਅਬਦਾਲੀ ਨੂੰ ਜਦੋਂ ਸਿੱਖਾਂ ਦੇ ਮਾਲੇਰਕੋਟਲੇ ਲਾਗੇ ਹੋਣ ਬਾਰੇ ਪਤਾ ਲੱਗਾ ਤਾਂ ਉਸ ਨੇ ਬਿਜਲੀ ਵਰਗੀ ਤੇਜ਼ੀ ਨਾਲ ਕੂਚ ਕੀਤਾ। 5 ਫਰਵਰੀ, 1762 ਨੂੰ ਸੂਰਜ ਦੀ ਟਿੱਕੀ ਨਿਕਲਣ ਤੋਂ ਪਹਿਲਾਂ ਹੀ ਅਬਦਾਲੀ ਨੇ ਦਲ ਖਾਲਸਾ 'ਤੇ ਬੜਾ ਕਹਿਰੀ ਹਮਲਾ ਕਰ ਦਿੱਤਾ। ਉਸ ਨੇ ਅੱਧੀ ਫੌਜ ਆਪ ਰੱਖੀ ਤੇ ਅੱਧੀ ਆਪਣੇ ਵਜ਼ੀਰ ਸ਼ਾਹਵਲੀ ਖਾਨ ਨੂੰ ਦੇ ਕੇ ਸਮੇਤ ਜੈਨ ਖਾਨ, ਭੀਖਣ ਖਾਨ ਅਤੇ ਦੀਵਾਨ ਲੱਛਮੀ ਨਰਾਇਣ ਸਿੱਖਾਂ ਦੇ ਵਹੀਰ 'ਤੇ ਹਮਲਾ ਕਰਨ ਲਈ ਭੇਜ ਦਿੱਤਾ। ਸਿੱਖਾਂ ਨੇ ਆਪਣੇ ਵਹੀਰ ਨੂੰ ਚਾਰੇ ਪਾਸੇ ਤੋਂ ਘੇਰ ਲਿਆ ਤੇ ਮੁਕਾਬਲੇ ਲਈ ਡਟ ਗਏ। ਇਸ ਯੁੱਧ ਵਿਚ ਤਕਰੀਬਨ ਸਾਰੀਆਂ ਮਿਸਲਾਂ ਦੇ ਸਰਦਾਰ, ਸ: ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਹਾਜ਼ਰ ਸਨ। ਸ: ਜੱਸਾ ਸਿੰਘ ਨੇ ਲੜਦੇ-ਲੜਦੇ ਬਰਨਾਲੇ ਵੱਲ ਵਧਣ ਦਾ ਹੁਕਮ ਦਿੱਤਾ। ਸਭ ਤੋਂ ਪਹਿਲਾਂ ਕਾਸਿਮ ਖਾਨ ਨੇ ਹਮਲਾ ਕੀਤਾ। ਉਹ ਮੂੰਹ ਦੀ ਖਾ ਕੇ ਅਜੇ ਪਿੱਛੇ ਹਟਿਆ ਸੀ ਕਿ ਅਹਿਮਦ ਸ਼ਾਹ ਅਬਦਾਲੀ ਨੇ ਆਪਣੇ ਨਾਮਵਰ ਜਰਨੈਲਾਂ ਜਹਾਨ ਖਾਨ ਤੇ ਸਰਬੁਲੰਦ ਖਾਨ ਦੇ ਨਾਲ ਚੁਫੇਰਿਉਂ ਸਿੱਖਾਂ 'ਤੇ ਹਮਲਾ ਕਰ ਦਿੱਤਾ। ਸਿੱਖਾਂ ਨੇ ਬਾਬਾ ਆਲਾ ਸਿੰਘ ਦੇ ਵਕੀਲ ਸੇਖੂ ਸਿੰਘ ਹੰਭਲਵਾਲ ਦੀ ਨਿਗਰਾਨੀ ਹੇਠ ਵਹੀਰ ਸਮੇਤ ਬਰਨਾਲੇ ਵੱਲ ਕੂਚ ਕਰ ਦਿੱਤਾ। ਸ਼ਾਹਵਲੀ ਖਾਨ ਵਜ਼ੀਰ ਨੇ ਵਹੀਰ ਦਾ ਬੜਾ ਨੁਕਸਾਨ ਕੀਤਾ। ਹਜ਼ਾਰਾਂ ਬਿਰਧ ਔਰਤਾਂ ਤੇ ਬੱਚੇ ਮਾਰ ਦਿੱਤੇ ਤੇ ਹਜ਼ਾਰਾਂ ਬੰਦੀ ਬਣਾ ਲਏ। ਪਤਾ ਲੱਗਣ 'ਤੇ ਸ: ਜੱਸਾ ਸਿੰਘ ਨੇ ਸ: ਸ਼ਾਮ ਸਿੰਘ, ਸ: ਕਰੋੜਾ ਸਿੰਘ, ਸ: ਨਾਹਰ ਸਿੰਘ ਤੇ ਸ: ਕਰਮ ਸਿੰਘ ਆਦਿ ਨੂੰ ਮਦਦ ਵਾਸਤੇ ਭੇਜਿਆ। ਸਿੱਖਾਂ ਨੇ ਬੰਦੀ ਛੁਡਵਾ ਲਏ ਤੇ ਸ਼ਾਹ ਵਲੀ ਦੀ ਫੌਜ ਦਾ ਬੜਾ ਨੁਕਸਾਨ ਕੀਤਾ। ਤੰਗ ਆ ਕੇ ਵਜ਼ੀਰ ਪਿੱਛੇ ਹਟ ਗਿਆ। ਸ: ਚੜ੍ਹਤ ਸਿੰਘ ਹੱਥੋਂ ਜਰਨੈਲ ਸਰਬੁਲੰਦ ਖਾਨ ਤੇ ਸ: ਜੱਸਾ ਸਿੰਘ ਹੱਥੋਂ ਪ੍ਰਧਾਨ ਸੈਨਾਪਤੀ ਜਹਾਨ ਖਾਨ ਜ਼ਖ਼ਮੀ ਹੋ ਗਿਆ। ਅਬਦਾਲੀ ਤੇਜ਼ ਮਾਰਚ ਕਰਨ ਲਈ ਭਾਰੀਆਂ ਤੋਪਾਂ ਲਾਹੌਰ ਹੀ ਛੱਡ ਆਇਆ ਸੀ। ਉਸ ਕੋਲ ਕਾਫੀ ਮਾਤਰਾ ਵਿਚ ਹਲਕੀਆਂ ਤੋਪਾਂ ਸਨ, ਪਰ ਹੱਥੋ-ਹੱਥ ਲੜਾਈ ਵੇਲੇ ਤੋਪਾਂ ਕੰਮ ਨਹੀਂ ਆਉਂਦੀਆਂ। ਜੇ ਸਿੱਖ ਲੜਦੇ ਹੋਏ ਤੁਰਦੇ ਨਾ ਤਾਂ ਨੁਕਸਾਨ ਬਹੁਤ ਜ਼ਿਆਦਾ ਹੋਣਾ ਸੀ। ਵਾਰ-ਵਾਰ ਘੇਰਾ ਟੁੱਟਣ ਕਾਰਨ ਸਿੱਖਾਂ ਦੀ ਵਹੀਰ ਦਾ ਭਾਰੀ ਨੁਕਸਾਨ ਹੋ ਰਿਹਾ ਸੀ। ਇਸ ਘਮਸਾਨ ਵਿਚ ਦੋ ਪੁਰਾਤਨ ਬੀੜਾਂ, ਅੰਮ੍ਰਿਤਸਰ ਵਾਲੀ ਤੇ ਦਮਦਮਾ ਸਾਹਿਬ ਵਾਲੀ ਗੁੰਮ ਹੋ ਗਈਆਂ। ਗੁਰੂ ਗ੍ਰੰਥ ਸਾਹਿਬ ਵਾਲੀ ਪਾਲਕੀ ਵੀ ਛੱਡਣੀ ਪਈ। ਜੰਗ ਵਿਚ ਸ: ਚੜ੍ਹਤ ਸਿੰਘ ਸ਼ੁਕਰਚੱਕੀਏ ਨੇ ਖਾਲੀ ਘੋੜਿਆਂ ਦੀ ਮਦਦ ਨਾਲ ਅਨੇਕਾਂ ਬਜ਼ੁਰਗਾਂ, ਔਰਤਾਂ ਤੇ ਭੁਝੰਗੀਆਂ ਨੂੰ ਸੁਰੱਖਿਅਤ ਜਗ੍ਹਾ 'ਤੇ ਪਹੁੰਚਾਇਆ।



ਗੁਰਦੁਆਰਾ ਸ਼ਹੀਦ ਗੰਜ ਵੱਡਾ ਘੱਲੂਘਾਰਾ—ਕੁੱਪ ਰੋਹੀੜਾ



ਦੋਵੇਂ ਧਿਰਾਂ ਖ਼ੂਨ ਦੀ ਹੋਲੀ ਖੇਡਦੀਆਂ ਹੋਈਆਂ ਬਰਨਾਲੇ ਵੱਲ ਨੂੰ ਤੁਰੀਆਂ ਜਾ ਰਹੀਆਂ ਸਨ। ਤਿਰਕਾਲਾਂ ਨੂੰ ਪਿੰਡ ਕੁਤਬਾ ਤੇ ਬਾਹਮਣੀਆਂ ਦੇ ਨਜ਼ਦੀਕ ਸਿੱਖਾਂ ਦਾ ਘੇਰਾ ਟੁੱਟ ਗਿਆ। ਇਥੇ ਹੀ ਸਿੱਖਾਂ ਦਾ ਸਭ ਤੋਂ ਵੱਧ ਨੁਕਸਾਨ ਹੋਇਆ। ਦੁਰਾਨੀ ਫੌਜ ਨੇ ਹਜ਼ਾਰਾਂ ਦੀ ਗਿਣਤੀ ਵਿਚ ਬਜ਼ੁਰਗ, ਇਸਤਰੀਆਂ ਤੇ ਬੱਚੇ ਕਤਲ ਕੀਤੇ। ਪਿੰਡ ਕੁਤਬੇ ਕੋਲ ਪਾਣੀ ਢਾਬ ਸੀ, ਜੋ ਸਿੱਖਾਂ ਨੇ ਰੋਕ ਲਈ। ਇਹ ਢਾਬ 1965-70 ਤੱਕ ਮੌਜੂਦ ਰਹੀ ਸੀ। ਦੋਵੇਂ ਫੌਜਾਂ ਥੱਕ ਕੇ ਚੂਰ ਹੋਈਆਂ ਪਈਆਂ ਸਨ ਤੇ ਪਿਆਸ ਨਾਲ ਬੁਰਾ ਹਾਲ ਸੀ। ਦੋਵੇਂ ਫੌਜਾਂ ਪਿਛਲੇ 48 ਘੰਟੇ ਤੋਂ ਲਗਾਤਾਰ ਚੱਲ ਰਹੀਆਂ ਸਨ ਤੇ 10 ਘੰਟੇ ਤੋਂ ਲੜ ਰਹੀਆਂ ਸਨ। ਜਦ ਤੱਕ ਵਹੀਰ ਪਾਣੀ ਪੀ ਕੇ ਚਲਾ ਨਾ ਗਿਆ, ਸਿੱਖਾਂ ਨੇ ਦੁਰਾਨੀਆਂ ਨੂੰ ਪਾਣੀ ਦੇ ਲਾਗੇ ਨਾ ਫਟਕਣ ਦਿੱਤਾ। ਫਿਰ ਸਿੱਖ ਪਾਣੀ ਪੀ ਕੇ ਵਹੀਰ ਦੇ ਮਗਰ ਚੱਲ ਪਏ। ਦੁਰਾਨੀ ਫੌਜਾਂ ਪਿਆਸ ਨਾਲ ਮਰੀਆਂ ਪਈਆਂ ਸਨ। ਉਹ ਪਾਣੀ 'ਤੇ ਟੁੱਟ ਪਈਆਂ, ਏਨੇ ਨੂੰ ਸਿੱਖ ਦੂਰ ਨਿਕਲ ਗਏ। ਅਬਦਾਲੀ ਨੇ ਸਿੱਖਾਂ ਦਾ ਬਰਨਾਲੇ ਤੱਕ ਪਿੱਛਾ ਕੀਤਾ। ਅੱਗੇ ਹਨੇਰਾ ਹੋਣ ਤੇ ਸਿੱਖ ਵਸੋਂ ਵਾਲੇ ਪਿੰਡ ਆਉਣ ਕਰਕੇ ਉਹ ਰੁਕ ਗਿਆ। ਸਿੱਖ ਅੱਗੇ ਕੋਟਕਪੂਰਾ, ਲੱਖੀ ਜੰਗਲ ਤੇ ਫਰੀਦਕੋਟ ਵੱਲ ਨੂੰ ਨਿਕਲ ਗਏ। ਕੁੱਪ ਤੋਂ ਲੈ ਕੇ ਬਰਨਾਲੇ ਤੱਕ ਲਾਸ਼ਾਂ ਹੀ ਲਾਸ਼ਾਂ ਖਿਲਰੀਆਂ ਹੋਈਆਂ ਸਨ। ਸਿੱਖਾਂ ਦਾ ਅੱਗੇ ਕਦੇ ਇਕ ਹੀ ਦਿਨ ਵਿਚ ਏਨਾ ਨੁਕਸਾਨ ਨਹੀਂ ਸੀ ਹੋਇਆ।

ਇਸ ਘੱਲੂਘਾਰੇ ਵਿਚ ਸਿੱਖਾਂ ਦਾ ਨੁਕਸਾਨ ਹੋਣ ਦਾ ਸਭ ਤੋਂ ਵੱਡਾ ਕਾਰਨ ਉਨ੍ਹਾਂ ਦਾ ਵਹੀਰ ਨਾਲ ਹੋਣਾ ਸੀ। ਉਨ੍ਹਾਂ ਨੂੰ ਵਹੀਰ ਬਚਾਉਣ ਦੀ ਚਿੰਤਾ ਸੀ, ਨਹੀਂ ਤਾਂ ਉਹ ਛਾਪਾਮਾਰ ਯੁੱਧ ਕਰਕੇ ਨਿਕਲ ਸਕਦੇ ਸਨ। ਦੂਸਰਾ ਉਨ੍ਹਾਂ ਦੀ ਫੌਜ ਕਰੀਬ 50 ਹਜ਼ਾਰ ਤੇ ਅਬਦਾਲੀ ਦੀ 2 ਲੱਖ ਦੇ ਕਰੀਬ ਸੀ। ਅਬਦਾਲੀ ਦੀ ਮਦਦ 'ਤੇ ਸਾਰੇ ਪੰਜਾਬ ਦੇ ਫੌਜਦਾਰਾਂ ਤੇ ਚੌਧਰੀਆਂ ਦੀ ਫੌਜ ਹਾਜ਼ਰ ਸੀ, ਜਦ ਕਿ ਸਿੱਖਾਂ ਨੂੰ ਇਕੱਲੇ ਲੜਨਾ ਪਿਆ। ਬਾਬਾ ਆਲਾ ਸਿੰਘ 'ਤੇ ਬੜੀ ਉਮੀਦ ਸੀ, ਪਰ ਉਸ ਨੇ ਕਿਸੇ ਧਿਰ ਦੀ ਮਦਦ ਨਾ ਕੀਤੀ। ਲੜਾਕੇ ਸਿਪਾਹੀਆਂ ਦਾ ਨੁਕਸਾਨ ਦੋਹੀਂ ਪਾਸੀ ਇਕੋ ਜਿਹਾ ਹੀ ਸੀ। 10-12 ਹਜ਼ਾਰ ਸਿੱਖ ਸ਼ਹੀਦ ਹੋਏ ਤੇ ਏਨੇ ਹੀ ਦੁਰਾਨੀ। ਸਿੱਖਾਂ ਦੇ ਬਾਲ-ਬੱਚੇ ਤੇ ਔਰਤਾਂ 18-20 ਹਜ਼ਾਰ ਦੇ ਕਰੀਬ ਕਤਲ ਹੋਏ। ਇਸ ਤਰ੍ਹਾਂ ਸਿੱਖਾਂ ਦਾ ਨੁਕਸਾਨ 30-32 ਹਜ਼ਾਰ ਦੇ ਕਰੀਬ ਸੀ। ਸਿੱਖਾਂ ਦਾ ਸਾਰਾ ਸਾਮਾਨ ਲੁੱਟਿਆ ਗਿਆ। ਅੰਮ੍ਰਿਤਸਰ ਵਾਲੀ ਤੇ ਦਮਦਮਾ ਸਾਹਿਬ ਵਾਲੀਆਂ ਪੁਰਾਤਨ ਬੀੜਾਂ ਅਬਦਾਲੀ ਦੇ ਹੱਥ ਆ ਗਈਆਂ, ਜੋ ਉਸ ਨੇ ਨਸ਼ਟ ਕਰ ਦਿੱਤੀਆਂ। ਸ: ਜੱਸਾ ਸਿੰਘ, ਸ: ਚੜ੍ਹਤ ਸਿੰਘ ਤੇ ਸ: ਸ਼ਾਮ ਸਿੰਘ ਆਦਿ ਸਰਦਾਰਾਂ ਦੇ ਕਈ-ਕਈ ਫੱਟ ਲੱਗੇ। ਕੋਈ ਸਿੱਖ ਸੈਨਿਕ ਨਾ ਬਚਿਆ, ਜਿਸ ਦੇ ਜ਼ਖਮ ਨਾ ਲੱਗਾ ਹੋਵੇ। ਪਰ ਸਿੱਖਾਂ ਦੇ ਮਨਾਂ ਵਿਚ ਇਸ ਘੱਲੂਘਾਰੇ ਦਾ ਬੜਾ ਵਧੀਆ ਅਸਰ ਹੋਇਆ। ਉਨ੍ਹਾਂ ਦੇ ਦਿਲ ਵਿਚ ਜੋ ਅਬਦਾਲੀ ਦਾ ਮਾੜਾ-ਮੋਟਾ ਡਰ ਸੀ, ਉਹ ਵੀ ਨਿਕਲ ਗਿਆ। ਜੇ ਕੋਈ ਹੋਰ ਕੌਮ ਹੁੰਦੀ ਤਾਂ ਮਰਾਠਿਆਂ ਵਾਂਗ ਦੁਬਾਰਾ ਉੱਠ ਨਾ ਸਕਦੀ। ਪਰ ਸਿੱਖਾਂ ਨੇ 6 ਮਹੀਨਿਆਂ ਬਾਅਦ ਹੀ ਅਬਦਾਲੀ ਨੂੰ ਜੰਗ ਪਿੱਪਲੀ ਸਾਹਿਬ ਵਿਚ ਘੇਰ ਲਿਆ। ਅਬਦਾਲੀ ਨੇ ਹਰਿਮੰਦਰ ਸਾਹਿਬ ਦੀਆਂ ਨੀਹਾਂ ਵਿਚ ਬਰੂਦ ਦੱਬ ਕੇ ਮੁੱਢੋਂ ਉਡਾ ਦਿੱਤਾ। ਉਹ ਇਹ ਵੇਖਣ ਵਾਸਤੇ 9-10 ਮਹੀਨੇ ਹੋਰ ਪੰਜਾਬ ਵਿਚ ਰਿਹਾ ਕਿ ਸਿੱਖ ਦੁਬਾਰਾ ਉੱਠਦੇ ਹਨ ਕਿ ਨਹੀਂ। ਸਿੱਖਾਂ ਨੇ 5-6 ਮਹੀਨੇ ਮਾਲਵੇ ਵਿਚ ਕੱਢੇ। ਉਨ੍ਹਾਂ ਦੇ ਮਨਾਂ ਵਿਚ ਘੱਲੂਘਾਰੇ ਵਿਚ ਹੋਏ ਕਤਲੇਆਮ ਦਾ ਬੜਾ ਰੰਜ ਸੀ। ਜਦੋਂ ਫੱਟ ਜ਼ਰਾ ਕੁ ਆਠਰੇ ਤਾਂ ਅਬਦਾਲੀ ਤੋਂ ਬਦਲਾ ਲੈਣ ਦਾ ਗੁਰਮਤਾ ਪਾਸ ਕੀਤਾ ਗਿਆ। 5 ਫਰਵਰੀ, 1762 ਈ: ਨੂੰ ਘੱਲੂਘਾਰਾ ਹੋਇਆ ਤੇ ਮਈ 1762 ਨੂੰ ਸਿੱਖਾਂ ਨੇ ਸਰਹਿੰਦ ਨੂੰ ਘੇਰ ਲਿਆ। ਜੈਨ ਖਾਨ ਨੇ ਮੁਕਾਬਲਾ ਕਰਨ ਦੀ ਬਜਾਏ 50 ਹਜ਼ਾਰ ਰੁਪਈਆ ਨਜ਼ਰਾਨਾ ਦੇ ਕੇ ਰਾਜ਼ੀਨਾਮਾ ਕਰ ਲਿਆ। ਸਿੱਖਾਂ ਨੇ ਦੂਰੋਂ-ਨੇੜਿਉਂ ਹਥਿਆਰ ਤੇ ਗੋਲੀ-ਸਿੱਕਾ ਖਰੀਦ ਕੇ ਅੰਮ੍ਰਿਤਸਰ ਨੂੰ ਕੂਚ ਕਰ ਦਿੱਤੇ। ਦੀਵਾਲੀ ਤੱਕ 60 ਹਜ਼ਾਰ ਦੇ ਕਰੀਬ ਸਿੱਖ ਸ਼ਹੀਦੀ ਗਾਨੇ ਬੰਨ੍ਹ ਕੇ ਲਾੜੀ ਮੌਤ ਨੂੰ ਵਿਆਹੁਣ ਲਈ ਅੰਮ੍ਰਿਤਸਰ ਇਕੱਠੇ ਹੋ ਗਏ। ਅਬਦਾਲੀ ਸਿੱਖਾਂ ਨਾਲ ਲੜਨ ਤੋਂ ਘਬਰਾ ਰਿਹਾ ਸੀ, ਕਿਉਂਕਿ ਉਸ ਦੀ ਮੁੱਖ ਫੌਜ ਜਨਰਲ ਨੂਰਉਦੀਨ ਦੀ ਅਗਵਾਈ ਹੇਠ ਕਸ਼ਮੀਰ ਦੇ ਬਾਗੀ ਗਵਰਨਰ ਸੁੱਖਜੀਵਨ ਮੱਲ ਨੂੰ ਦਬਾਉਣ ਲਈ ਗਈ ਹੋਈ ਸੀ। ਉਸ ਨੇ ਸੁਲ੍ਹਾ ਕਰਨ ਲਈ ਆਪਣੇ ਦੂਤ ਅੰਮ੍ਰਿਤਸਰ ਭੇਜੇ, ਜਿਨ੍ਹਾਂ ਨੂੰ ਸਿੱਖਾਂ ਨੇ ਬੇਇੱਜ਼ਤ ਕਰਕੇ ਵਾਪਸ ਭੇਜ ਦਿੱਤਾ। ਹੋਰ ਕੋਈ ਚਾਰਾ ਨਾ ਚਲਦਾ ਵੇਖ ਕੇ ਅਬਦਾਲੀ ਇਕ ਲੱਖ ਦੇ ਕਰੀਬ ਫੌਜ ਲੈ ਕੇ 16 ਅਕਤੂਬਰ ਨੂੰ ਅੰਮ੍ਰਿਤਸਰ ਪਹੁੰਚ ਗਿਆ।

ਅਗਲੇ ਦਿਨ 17 ਅਕਤੂਬਰ, 1762 ਨੂੰ ਦੀਵਾਲੀ ਸੀ ਤੇ ਪੂਰਨ ਸੂਰਜ ਗ੍ਰਹਿਣ ਸੀ। ਤੜਕੇ ਹੀ ਸਿੱਖ ਅਬਦਾਲੀ 'ਤੇ ਟੁੱਟ ਪਏ। ਸਾਰਾ ਦਿਨ ਬੜਾ ਘੋਰ ਯੁੱਧ ਹੋਇਆ। ਪਾਣੀਪਤ ਅਤੇ ਅਨੇਕਾਂ ਯੁੱਧਾਂ ਦਾ ਗਾਜ਼ੀ ਅਬਦਾਲੀ ਸ਼ਾਮ ਤੱਕ ਬੁਰੀ ਤਰ੍ਹਾਂ ਹਾਰ ਕੇ ਲਾਹੌਰ ਦੌੜ ਗਿਆ। ਇਸ ਜੰਗ ਤੋਂ ਬਾਅਦ ਫਿਰ ਅਬਦਾਲੀ ਦੇ ਪੈਰ ਨਾ ਲੱਗੇ। ਕਸ਼ਮੀਰ ਤੋਂ ਵਾਪਸ ਆਈ ਫੌਜ ਅਤੇ ਹੋਰ ਚੌਧਰੀਆਂ ਦੀ ਫੌਜ ਨਾਲ ਲੈ ਕੇ ਉਹ ਸਿੱਖਾਂ ਮਗਰ ਚੜ੍ਹਿਆ, ਪਰ ਸਿੱਖਾਂ ਨੇ ਛਾਪਾਮਾਰ ਯੁੱਧ ਨਾਲ ਅਬਦਾਲੀ ਦੀ ਜਾਨ ਤੰਗ ਕਰ ਦਿੱਤੀ। ਇਕ ਦਿਨ ਇਕ ਇਕੱਲਾ ਘੋੜਸਵਾਰ ਸਿੱਖ ਹੀ ਘੋੜਾ ਦੌੜਾ ਕੇ ਅਬਦਾਲੀ ਨੂੰ ਆ ਪਿਆ। ਉਹ ਤਾਂ ਉਸ ਦੇ ਅੰਗ-ਰੱਖਿਅਕਾਂ ਹੱਥੋਂ ਮਾਰਿਆ ਗਿਆ, ਪਰ ਇਸ ਗੱਲ ਨੇ ਅਬਦਾਲੀ ਦੇ ਦਿਲ 'ਤੇ ਬੜਾ ਗਹਿਰਾ ਅਸਰ ਕੀਤਾ। ਉਹ ਸਮੇਤ ਫੌਜ ਵਾਪਸ ਲਾਹੌਰ ਆ ਬੈਠਾ। ਇਲਾਕੇ ਦਾ ਪ੍ਰਬੰਧ ਕਰਕੇ ਉਹ 12 ਦਸੰਬਰ, 1762 ਨੂੰ ਲਾਹੌਰ ਤੋਂ ਕਾਬਲ ਲਈ ਤੁਰ ਪਿਆ। ਉਸ ਦੇ ਰਾਵੀ ਪਾਰ ਕਰਦੇ ਹੀ ਸਿੱਖਾਂ ਨੇ ਉਸ ਦੀ ਫੌਜ 'ਤੇ ਹਮਲਾ ਕਰ ਦਿੱਤਾ। ਮੱਧ ਏਸ਼ੀਆ ਦਾ ਸਭ ਤੋਂ ਵੱਡਾ ਜਰਨੈਲ ਸਾਹਮਣੇ ਦੂਸਰੇ ਕਿਨਾਰੇ 'ਤੇ ਤਬਾਹ ਹੁੰਦੀ ਫੌਜ ਨੂੰ ਬਚਾਉਣ ਲਈ ਕੁਝ ਨਾ ਕਰ ਸਕਿਆ ਤੇ ਕੰਨ ਵਲੇਟ ਕੇ ਕਾਬਲ ਨੂੰ ਤੁਰ ਪਿਆ। (ਇੰਟਰਨੈਟ)

## ਜੀਵਨ ਦੇ ਰੰਗ

ਨਿੱਕੇ ਹੁੰਦਿਆਂ, ਮੈਂ
ਬਾਪੂ ਦੇ ਮੋਢਿਆਂ 'ਤੇ ਬੈਠ
ਹਵਾ ਵਿੱਚ ਬਾਹਾਂ ਉਛਾਲਦਾ,
ਕਿਲਕਾਰੀਆਂ ਮਾਰਦਾ,
ਸੁਪਨਈ ਅੰਬਰੀਂ ਪਰਵਾਜ਼ਾਂ ਭਰਦਾ।

ਧੁਰ ਅੰਦਰੋਂ
ਖੁਸ ਹੁੰਦਾ,
ਬਾਪੂ ਵੀ ਖਿੜ ਉੱਠਦਾ, ਹੱਸਦਾ
ਅਸਮਾਨੋ ਉੱਚਾ

ਵੱਡੇ ਹੋਇਆਂ,
ਬਾਪੂ ਨੂੰ ਮੋਢਿਆਂ 'ਤੇ ਬਿਠਾ ,
ਸਿਵਿਆਂ ਦੇ ਰਾਹ ,
ਬਾਪ ਸਦਾ ਲਈ ਚੁੱਪ ।

ਮੇਰੀ ਚੁੱਪ ਵਿੱਚੋਂ
ਖਾਮੋਸ ਤੂਫਾਨ ਉੱਠਦਾ
ਅਸਮਾਨ ਪਾਟਦਾ.



ਕੁਲਵਿੰਦਰ ਬਾਠ

## ਲੋਕ ਤੱਥ

੧ ਮਾੜੇ ਨੂੰ ਨਾ ਦਬਕਾਈਏ।
ਫੋਕਾ ਨਾ ਰੋਹਬ ਜਮਾਈਏ।
ਐਵੇਂ ਨਾ ਤੋਹਮਤ ਲਾਈਏ, ਰੱਬ ਦੇ ਕੋਲੋਂ ਡਰੀਏ ਜੀ।
ਓਹਦੀ ਕਿਤੇ ਹਾਅ ਨਾ ਲੱਗੇ, ਚੁਗਲੀ ਨਾ ਕਰੀਏ ਜੀ ਮਾੜੇ ਦੀ ਹਾਅ ਮਾਰਦੀ - -

੨ ਬਜ਼ੁਰਗਾਂ ਨੇ ਗੱਲ ਸਮਝਾਈ।
ਮਾੜੀ ਹੈ ਘਰੇ ਲੜਾਈ।
ਰੱਖੀਏ ਜੇ ਸਦਾ ਸਮਾਈ, ਤਾਹੀਓਂ ਘਰ ਵਸਦੇ ਐ।
ਘਰ ਦੀ ਗੱਲ ਬਾਹਰ ਨਾ ਕਰੀਏ,ਸਿਆਣੇ ਇਹ ਦਸਦੇ ਐ।
ਘਰ ਚੋਂ ਗੱਲ ਨਿਕਲੀ ਮਾੜੀ - -

੩ ਜਵਾਕ ਜੇ ਹੋਣ ਸਿਆਣੇ।
ਉਲਝੇ ਫਿਰ ਸੁਲਝਣ ਤਾਣੇ।
ਵੱਜਣ ਨਾ ਮੇਹਣੇ ਤਾਅਨੇ, ਸ਼ਰੀਕਾਂ ਵਿੱਚ ਝੰਡੀ ਐ।
ਸਮਾਜ ਵਿੱਚ ਹੋਵਣ ਗੱਲਾਂ, ਘਰੀਂ ਪੈਂਦੀ ਨਾ ਵੰਡੀ ਐ। ਪਿੰਡ ਦੇ ਵਿੱਚ ਗੱਲਾਂ ਹੁੰਦੀਆਂ - - -

੪ ਬੱਚਿਆਂ ਨੂੰ ਇਹ ਸਮਝਾਈਏ।
ਨਸ਼ਿਆਂ ਤੋਂ ਗਰ ਬਚ ਜਾਈਏ।
ਹਰ ਪਾਸਿਓਂ ਸ਼ੋਭਾ ਪਾਈਏ, ਲੋਕੀਂ ਗੱਲਾਂ ਕਰਦੇ ਨੇ।
ਹੋਵੇ ਜੇ ਏਕਾ ਘਰ ਵਿੱਚ,ਹੰਕਾਰੀ ਫਿਰ ਡਰਦੇ ਨੇ।
ਜੇ ਹੋਵੇ ਨਾ ਘਰੇ ਲੜਾਈ - - -

੫ ਪਰਿਵਾਰ ਓਹ ਸੁਖੀ ਨੇ ਰਹਿੰਦੇ।
ਸੱਚੀ ਗੱਲ ਸਿਆਣੇ ਕਹਿੰਦੇ।
ਸਿਰ ਤੇ ਜੋ ਦੁੱਖ ਸੁੱਖ ਸਹਿੰਦੇ, ਕਰਦੇ ਤਰੱਕੀਆਂ ਨੂੰ।
ਮਿਲਦੈ ਫਿਰ ਹੱਕ ਵੀਰਨੋ, ਬੰਦੇ ਜੋ ਹੱਕੀਆਂ ਨੂੰ।
ਕਰਦੇ ਇਤਬਾਰ ਨੇ ਸਾਰੇ - -

੬ ਦੱਦਾਹੂਰੀਆ ਆਖੇ ਸ਼ਰਮਾ।
ਸੱਚੀ ਗੱਲ ਕਹਿਣ ਦਾ ਡਰ ਨਾ।
ਇੱਕ ਦਿਨ ਤਾਂ ਸੱਭ ਨੇ ਮਰਨਾ,ਨਾ ਕਿਸੇ ਨਾਲ ਲੜੀਏ ਜੀ।
ਸਤਿਗੁਰ ਤੋਂ ਡਰਦੇ ਰਹੀਏ,ਯਾਦ ਸਦਾ ਕਰੀਏ ਜੀ।
ਘਟ ਘਟ ਦੀ ਜਾਣੇ ਓਹੋ - - -

ਜਸਵੀਰ ਸ਼ਰਮਾ ਦੱਦਾਹੂਰ

## ਰੰਗ ਬਿਰੰਗੇ ਪਤੰਗ

ਪਤੰਗਾਂ ਦੀ ਸੋਹਣੀ ਰੁੱਤ ਆਈ
ਬੱਚਿਓ।
ਰੰਗ ਬਿਰੰਗੇ ਦਿੰਦੇ ਨੇ ਦਿਖਾਈ
ਬੱਚਿਓ।
ਪਤੰਗਾਂ ਦੀ ਸੋਹਣੀ,, ,,,,,,,,।

ਕਈ ਤਾਂ ਪਤੰਗ,ਤਿੰਨ ਚਾਰ ਰੰਗੇ
ਨੇ।
ਦੁਕਾਨਦਾਰਾਂ ਕਿਵੇਂ ਰੱਸੀਆਂ 'ਤੇ
ਟੰਗੇ ਨੇ।
ਵੇਖੋ ਕਿਵੇਂ ਬੈਠੇ ਨੇ ਸਜਾਈ
ਬੱਚਿਓ।
ਪਤੰਗਾਂ ਦੀ ਸੋਹਣੀ,,,,,,,,,,।

ਬੱਚੇ ਲੈ ਪਤੰਗ ਕੋਠੇ 'ਤੇ
ਚੜ੍ਹਾਉਂਦੇ ਨੇ।
ਆਪਸ ਦੇ ਵਿੱਚ ਕਾਟੀਆਂ ਵੀ
ਪਾਉਂਦੇ ਨੇ।
ਹਵਾ ਵਿੱਚ ਜਾਂਦੇ ਨੇ ਉੱਡਾਈ
ਬੱਚਿਓ।
ਪਤੰਗਾਂ ਦੀ ਸੋਹਣੀ,,,,,,,,,,।

ਬੱਚਿਓ ਲਓ ਨਜ਼ਾਰੇ ਪਰ
ਸਾਵਧਾਨੀ ਰੱਖਿਓ।
ਕੱਟੀ ਹੋਈ ਪਤੰਗ ਦੇ ਨਾ ਪਿੱਛੇ
ਭੱਜਿਓ।
ਸੱਟ ਹੁੰਦੀ ਬੜੀ ਦੁੱਖਦਾਈ
ਬੱਚਿਓ।
ਪਤੰਗਾਂ ਦੀ ਸੋਹਣੀ,,,,,,,,,,।

ਨਾ ਵਰਤਿਓ ਚੈਨਾਂ ਦੀ 'ਪੱਤੋਂ'
ਖ਼ੂਨੀ ਡੋਰ ਹੈ।
ਉਹ ਨੀ ਲੈਣੀ,ਤੁਸੀਂ ਲੈਣੀ
ਹੋਰ ਹੈ।
ਨਾ ਜਾਵੇ ਮਸੂਮਾਂ ਦੀ ਜਾਨ
ਗਵਾਈ ਬੱਚਿਓ।
ਪਤੰਗਾਂ ਦੀ ਸੋਹਣੀ ਰੁੱਤ ਆਈ
ਬੱਚਿਓ।

ਰੰਗ ਬਿਰੰਗੇ ਦਿੰਦੇ ਨੇ ਦਿਖਾਈ
ਬੱਚਿਓ।



ਹਰਪ੍ਰੀਤ ਪੱਤੋ

## ਚੜ੍ਹਦੀ ਕਲਾ

ਮੇਰਾ ਚੜ੍ਹਦੀ ਕਲਾ ਵਾਲਾ ਪੰਜਾਬ
ਸਦਾ ਚੜ੍ਹਦੀ ਕਲਾ ਵਿੱਚ ਰਹੇਗਾ
ਸਦਾ ਉੱਚੀ ਸੋਚ 'ਚ ਜਿਉਂਦਾ
ਹੌਂਸਲੇ ਨਾਲ ਹਰ ਚੁਣੌਤੀ ਸਹੇਗਾ
ਜਿੱਥੇ ਗੁਰੂਆਂ ਨੇ ਸਬਰ, ਸੱਚ
ਤੇ ਸੇਵਾ ਦਾ ਪੰਧ ਦਿਖਾਇਆ
ਨਾ ਡੋਲਣਾ ਨਾ ਹਾਰ ਮੰਨਣਾ
ਹੌਂਸਲੇ ਨਾਲ ਮੁਸੀਬਤਾਂ 'ਚੋਂ
ਪਾਰ ਲੰਘਣਾ ਸਿਖਾਇਆ
ਤੂੰ ਜਿੰਨਾ ਵੀ ਕਰ ਲੈ ਕਹਿਰ ਸਰਕਾਰੇ
ਅਸੀਂ ਨਾ ਥੱਕਾਂਗੇ ਨਾ ਹਾਰਾਂਗੇ,
ਪੰਜਾਬੀਆਂ ਦੀਆਂ ਰਗਾਂ ਵਿੱਚ
ਵਗਦਾ ਜੋਸ਼
ਤੇ ਜਜ਼ਬਾ ਸਦਾ ਜਗਦਾ ਰਹੇਗਾ।
ਪੰਜਾਬ ਹੀ ਪੰਜਾਬ ਨਾਲ ਖੜ੍ਹ ਕੇ
ਫਿਰ ਤੋਂ ਹੱਸਦਾ ਵੱਸਦਾ ਮਿਲੇਗਾ
ਹਮੇਸ਼ਾ ਹਰਾ-ਭਰਾ ਹੀ ਰਹੇਗਾ
ਚੜ੍ਹਦੀ ਕਲਾ ਵਿੱਚ ਹਰ ਵਾਰ
ਮਿਲੇਗਾ।



ਰੁਬਿੰਦਰ ਕੌਰ

## ਗਿਲੇ ਸ਼ਿਕਵੇ

ਗਿਲੇ ਸ਼ਿਕਵੇ ਮੁਹੱਬਤਾਂ ਚ ,
ਓਏ ਬਹੁਤਾ ਚਿਰ ਨਹੀ ਰੱਖੀ ਦੇ ,
ਇਹ ਵਣਜ ਮੁਹੱਬਤ ਦੇ ,
ਨਾ ਕਰੋੜੀ ਤੇ ਨਾ ਲੱਖੀ ਦੇ ।
ਗਿਲੇ ਸ਼ਿਕਵੇ ..........
ਰੁੱਤਾਂ ਦਾ ਆਪਣਾ ਮੁੱਲ ਹੁੰਦਾ,
ਸੱਚ ਕਰਕੇ ਤਾਂ ਜਾਣੋ ਜੀ ,
ਬੰਦ ਅੱਖਾਂ ਦੇ ਸੁਪਨੇ ਨੂੰ ,
ਅੱਖਾਂ ਖੋਲ ਪਹਿਚਾਣੋ ਜੀ ,
ਇਹ ਸੁਪਨਿਆਂ ਦੇ ਪੰਡ ,
ਕਿਤੇ ਜਾਂਦੇ ਨਾ ਰੱਖੀ ਦੇ ।
ਗਿਲੇ ਸ਼ਿਕਵੇ ............
ਰਾਤ ਲੰਘਦੀ ਤਾਰਿਆ ਸੰਗ,
ਦਿਨ ਦੱਸ ਕਿਵੇ ਲੰਘਾਵਾਂ ਵੇ ,
ਮੇਰੇ ਪਿੰਡ ਨੂੰ ਤੂੰ ਆ ਸੱਜਣਾ ,
ਉਡੀਕਣ ਗੋਰੀਆ ਬਾਹਵਾਂ ਵੇ ,
ਇਹ ਬਿਰਹੋ ਦੇ ਪਲ ,
ਮੈਥੋ ਨਾ ਜਾਂਦੇ ਅੜਿਆ ਤੱਕੀ ਦੇ ।
ਗਿਲੇ ਸ਼ਿਕਵੇ............
ਏਦਾਂ ਉਮਰਾਂ ਨਾ ਲੰਘ ਜਾਵਣ,
ਤੂੰ ਬਹਿ ਕੇ ਕਦੀ ਤਾਂ ਸੋਚੀ ਵੇ ,
ਕੁਝ ਕਮੀਆਂ ਮੇਰੇ ਵਿੱਚ,
ਖੁਦ ਨੂੰ ਤੂੰ ਵੀ ਲੋਚੀ ਵੇ ,
"ਦਰਦੀ" ਕਿਤੇ ਕਹਿਰ ਹੈ ਚੁੱਪ ਦਾ,
ਨਾ ਯਾਦਾਂ ਵਿਚ ਹੈ ਮੱਚੀ ਦੇ ।
ਗਿਲੇ ਸ਼ਿਕਵੇ......



ਸ਼ਿਵਨਾਥ ਦਰਦੀ

## ਮੁਰਝਾਏ ਪਲ

ਜ਼ਿੰਦਗੀ ਵਿੱਚ ਕੁੱਝ ਆਏ ਸੀ ਪਲ
ਜ਼ੋ ਤੇਰੇ ਨਾਲ ਬਿਤਾਏ ਸੀ ਪਲ

ਬਾਕਮਾਲ ਮੁਹੱਬਤਾਂ ਦੇ ਅਫਸਾਨੇ
ਜ਼ੋ ਖੁਸ਼ੀ ਚ ਮਿਲ ਕੇ ਸੁਣਾਏ ਪਲ

ਨਾ ਕੋਈ ਝਗੜਾ ਤੇ ਨਾ ਕੋਈ ਝੇੜਾ
ਜ਼ੋ ਹੱਸ ਹੱਸ ਕੇ ਸੀ ਆਏ ਪਲ

ਤੇਰਿਆਂ ਸਫ਼ਰਾਂ ਦਾ ਪੈਂਡਾ ਮੁੱਕਿਆ
ਮੁੜਕੇ ਜ਼ੋ ਨਾ ਥਿਆਏ ਪਲ

ਗਿਲਾ ਮੈਨੂੰ ਉਸ ਦਾਤੇ ਦੇ ਉੱਤੇ
ਜਿਸਨੇ ਵਿੱਚ ਕੰਜੂਸੀ ਲਿਖਾਏ ਪਲ

ਅੱਜ ਕੱਲਾ ਬੈਠਾ ਬੀਤੇ ਪਲ ਫਰੋਲਾਂ
ਪਤਾ ਨਹੀਂ ਕਿੱਥੇ ਉਸ ਲੁਕਾਏ ਪਲ

ਸਮੇਂ ਦਾ ਪਹੀਆ ਤੁਰਦਾ ਰਹਿੰਦਾ
ਮੁੜ ਤੁਰਨ ਨਾ ਜ਼ੋ ਖੜ ਜਾਏ ਪਲ

ਤਪੀਏ ਦੀ ਹੋਈ ਹੁਣ ਵਾਟ ਲਮੇਰੀ
ਕਦ ਮੁੱਕਣੇ ਮੁਰਝਾਏ ਪਲ....



ਕੀਰਤ ਸਿੰਘ ਤਪੀਆ

## ਗੁਰੂ ਅਮਰਦਾਸ ਜੀ

ਧੰਨ ਉਹ ਬੁੱਢਾ ਜਿਹਾ ਬਾਬਾ ਜੀ।
ਸੁਣ ਸੋਭਾ ਗੁਰ ਚਰਨੀ ਲਾਗਾ ਜੀ।

ਨਿੱਤ ਕਰੇ ਸੇਵਾ ਨਾ ਪਾਵੇ ਨਾਗਾ ਜੀ।
ਉਸਦਾ ਚਿੱਤ ਗੁਰ ਚਰਨੀ ਲਾਗਾ ਜੀ।

ਨਿੱਤ ਉੱਠ ਸਵੇਰੇ ਉਹ ਨਦੀ ਤੇ ਜਾਵੇ।
ਪਾਣੀ ਦੀ ਗਾਗਰ ਉੱਥੋਂ ਭਰ ਲਿਆਵੇ।

ਗੁਰੂ ਆਪਣੇ ਨੂੰ ਨਿੱਤ ਇਸ਼ਨਾਨ ਕਰਾਵੇ।
ਆਪਣੀ ਸੇਵਾ ਵਿੱਚ ਕਦੇ ਢਿੱਲ ਨਾ ਪਾਵੇ।

ਕਰੇ ਨਿੱਤ ਸੇਵਾ ਉਹ ਸੇਵਕ ਡਾਢਾ ਜੀ।
ਉਸਦਾ ਚਿੱਤ ਗੁਰ ਚਰਨੀ ਲਾਗਾ ਜੀ।

ਉੱਠ ਸਵੇਰੇ ਰਾਹ ਹਨੇਰੇ ਠੋਕਰਾਂ ਖਾਵੇ।
ਨੀਵੇਂ ਲੋਕਾਂ ਤੋਂ ਨਿਥਾਵਾਂ ਅਖਵਾਵੇ।

ਉਹ ਬੁੱਢਾ ਸੇਵਕ ਬੜਾ ਸਿੱਧਾ ਸਾਦਾ ਜੀ।
ਕਰੇ ਸੇਵਾ ਨਾ ਕੋਈ ਉਮਰ ਦਾ ਤਕਾਜ਼ਾ ਜੀ।

ਬਾਰਾਂ ਸਾਲਾਂ ਦੀ ਉਸਦੀ ਸਖਤ ਕਮਾਈ।
ਗੁਰੂ ਅੰਗਦ ਜੀ ਨੇ ਸੇਵਾ ਥਾਂਏ ਪਾਈ।

ਲਾਇਆ ਮੱਥੇ ਤਿਲਕ ਬਖਸ਼ੀ ਗਰਿਆਈ।
ਹੋਈ ਜੈ ਜੈ ਕਾਰ ਸਭ ਸੰਗਤ ਪੈਰੀਂ ਪਾਈ।

ਸੰਧੂ ਜੋ ਸੱਚੇ ਦਿਲੋਂ ਕਰਦਾ ਗੁਰ ਸੇਵਾ।
ਉਸਦੀ ਬਖਸ਼ਿਸ਼ ਨਾਲ ਮਿਲਦਾ ਮਿੱਠਾ ਮੇਵਾ।



ਤਖਤਿੰਦਰ ਸਿੰਘ ਸੰਧੂ

## ਭਾਸ਼ਾ ਪਿਆਰ ਦੀ

ਆਓ ਨਫ਼ਰਤ ਦੀ ਬੋਲੀ ਨੂੰ ਛੱਡ ਸਾਰੇ,
ਭਾਸ਼ਾ ਪਿਆਰ ਦੀ ਰਲ ਮਿਲ ਸਿੱਖ ਲਈਏ।

ਹਰ ਦੇਸ਼, ਹਰ ਧਰਮ ਹੀ ਹੈ ਚੰਗਾ,
ਸਾਰਿਆਂ ਨਾਲ ਹੀ ਆਪਾਂ ਰਚ ਮਿਚ ਰਹੀਏ।

ਹਨੇਰਾ ਅਗਿਆਨਤਾ ਦਾ ਰਲ ਮਿਟਾ ਦੇਈਏ,
ਲਕੀਰ ਗਿਆਨ ਚਾਨਣ ਦੀ ਖਿੱਚ ਦੇਈਏ।

ਸਾਰੀ ਦੁਨੀਆਂ ਹੀ ਹੈ ਪਰਿਵਾਰ ਆਪਣਾ,
ਬੜੀ ਅਪਣੱਤ ਦੇ ਨਾਲ ਇਸ ਵਿੱਚ ਰਹੀਏ।

ਸਾਰੀਆਂ ਬੋਲੀਆਂ ਹੀ ਸਤਿਕਾਰਤ ਨੇ ਭਾਵੇਂ,
ਪਰ ਮਾਂ-ਬੋਲੀ ਨਾਲ ਠੋਕ ਹਿੱਕ ਰਹੀਏ।

ਦੁੱਖ ਦਰਦ ਤਾਂ ਸਭ ਨੂੰ ਨੇ ਤੋੜ ਦਿੰਦੇ,
ਦਰਦ ਦੂਜੇ ਦਾ ਕਦੇ ਨਾ ਟਿੱਚ ਲਈਏ।

ਖੁਸ਼ੀ ਹਮੇਸ਼ਾਂ ਹੀ ਵੰਡਿਆਂ ਦੂਣ ਹੋਵੇ,
ਪਰ ਦੁੱਖ ਵਿੱਚ ਵੀ ਹੋ ਇੱਕ-ਮਿੱਕ ਰਹੀਏ।

ਕੌੜਾ ਬੋਲ ਨਾ ਕਿਸੇ ਨੂੰ ਕਦੇ ਕਹੀਏ,
ਮਿੱਠਾ ਬੋਲ ਕੇ ਦਿਲਾਂ ਨੂੰ ਜਿੱਤ ਲਈਏ।

ਨਾਮ ਜ਼ਿੰਦਗੀ ਦਾ ਤਾਂ ਹੈ ਸੰਘਰਸ਼ ਯਾਰੋ,
ਪੈਰ ਸੰਘਰਸ਼ ਤੋਂ ਪਿੱਛੇ ਨਾ ਖਿੱਚ ਲਈਏ।

ਸੱਚੇ ਮਿੱਤਰ ਤਾਂ ਸਿੱਧੂ ਨਸੀਬਾਂ ਨਾਲ ਮਿਲਦੇ,
ਮਿੱਤਰਤਾ ਵਿੱਚ ਨਾ ਕਦੇ ਪਾ ਫਿੱਕ ਲਈਏ।



ਦਰਸ਼ਨ ਸਿੰਘ ਸਿੱਧੂ

## ਵੋਟ ਐਤਕੀਂ ਪਾਈ ਆਪਾਂ

ਵੋਟ ਐਤਕੀਂ ਪਾਈ ਆਪਾਂ,,
ਵਾਹਵਾ ਖੇਹ ਉਡਾਈ ਆਪਾਂ।।

ਪੱਗਾਂ ਲੱਥੀਆਂ,ਕਾਗਜ ਪਾੜੇ,
ਕਿੰਝ ਵਿਰੋਧੀ, ਦੇਖ ਲਤਾੜੇ।।
ਢਿੱਡ ਦੀਆਂ ਲੋੜਾਂ ਪਾਸੇ ਧਰ ਕੇ,,
